12ਵਾਂ ਸਾਲ
# ਦੇਸ਼ ਦੁਆਬਾ
ਹਫਤਾਵਾਰੀ
VOL -12 ISSUE - 12
June 28, 2023
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com
ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ



ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਪਾਵਨ ਸ਼ਹੀਦੀ ਪੁਰਬ 'ਤੇ ਵਿਸ਼ੇਸ ਲੇਖ ''ਸੂਰਾ ਸੋ ਪਹਿਚਾਨੀਐ, ਜੁ ਲਰੈ ਦੀਨ ਕੇ ਹੇਤੁ' ਦੇਖੋ ਸਫਾ 28 'ਤੇ।

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com

## ਵਿਵਾਦਾਂ ਦੌਰਾਨ ਰਾਜ ਭਵਨ ਪੁੱਜਾ ਸਿੱਖ ਗੁਰਦੁਆਰਾ ਸੋਧ ਬਿੱਲ

**ਚੰਡੀਗੜ੍ਹ (ਬਿਊਰੋ)–** ਪੰਜਾਬ ਵਿਧਾਨ ਸਭਾ ਵੱਲੋਂ 20 ਜੂਨ ਨੂੰ ਪਾਸ ਕੀਤੇ ਗਏ ਸਿੱਖ ਗੁਰਦੁਆਰਾ (ਸੋਧ) ਬਿੱਲ ਤੇ ਪੰਜਾਬ ਪੁਲਿਸ (ਸੋਧ) ਬਿੱਲ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੂੰ ਭੇਜ ਦਿੱਤੇ ਗਏ ਹਨ। ਜਦਕਿ ਪੰਜਾਬ ਐਫੀਲੀਏਟਿਡ ਕਾਲਜ (Proteciton of Serivce) ਸੋਧ ਬਿੱਲ ਅਤੇ ਮੁੱਖ ਮੰਤਰੀ ਨੂੰ ਚਾਂਸਲਰ ਦੀ ਸ਼ਕਤੀ ਦੇਣ ਵਾਲੇ ਪੰਜਾਬ ਯੂਨੀਵਰਸਿਟੀ ਕਾਨੂੰਨ ਸੋਧ ਬਿੱਲ ਨੂੰ ਅਜੇ ਤਕ ਰਾਜ ਭਵਨ ਨਹੀਂ ਭੇਜਿਆ ਗਿਆ। ਇਹ ਦੋਵੇਂ ਬਿੱਲ ਵਿਵਾਦਾਂ 'ਚ ਘਿਰੇ ਹੋਏ ਹਨ। ਕਿਉਂਕਿ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀ ਹਰਜਿੰਦਰ ਸਿੰਘ ਧਾਮੀ ਪਹਿਲਾਂ ਹੀ ਰਾਜਪਾਲ ਨੂੰ ਮਿਲ ਕੇ ਗੁਰਦੁਆਰਾ ਸੋਧ ਬਿੱਲ ਨੂੰ ਮਨਜ਼ੂਰੀ ਨਾ ਦੇਣ ਦੀ ਅਪੀਲ ਕਰ ਚੁੱਕੇ ਹਨ। ਇਸ ਦੇ ਨਾਲ ਹੀ ਪੰਜਾਬ ਪੁਲਿਸ ਸੋਧ ਬਿੱਲ ਸੂਬੇ ਨੂੰ ਆਪਣਾ ਪੈਨਲ ਬਣਾ ਕੇ ਡੀਜੀਪੀ ਨਿਯੁਕਤ ਕਰਨ ਦਾ ਅਧਿਕਾਰ ਦਿੰਦਾ ਹੈ।

ਰਾਜਪਾਲ ਬਨਵਾਰੀਲਾਲ ਪੁਰੋਹਿਤ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਜੋ ਵੀ ਬਿੱਲ ਉਨ੍ਹਾਂ ਕੋਲ ਆਵੇਗਾ, ਉਹ ਇਸ ਦੀ ਕਾਨੂੰਨ ਅਨੁਸਾਰ ਜਾਂਚ ਕਰਨਗੇ। ਤਦ ਹੀ ਉਹ ਉਨ੍ਹਾਂ ਨੂੰ ਮਨਜ਼ੂਰੀ ਦੇਣਗੇ। ਸਾਰੀਆਂ ਸਿਆਸੀ ਪਾਰਟੀਆਂ ਰਾਜ ਭਵਨ ਵੱਲ ਨਜ਼ਰਾਂ ਟਿਕਾਈ ਬੈਠੀਆਂ ਹਨ ਕਿ ਰਾਜਪਾਲ ਇਨ੍ਹਾਂ ਬਿੱਲਾਂ ਨੂੰ ਮਨਜ਼ੂਰੀ ਦੇਣਗੇ ਜਾਂ ਨਹੀਂ। ਕਿਉਂਕਿ 20 ਜੂਨ ਨੂੰ ਪੰਜਾਬ ਵਿਧਾਨ ਸਭਾ ਵਿੱਚ ਪਾਸ ਕੀਤੇ ਚਾਰ ਬਿੱਲਾਂ ਵਿੱਚੋਂ ਤਿੰਨ ਸ਼ੁਰੂ ਤੋਂ ਹੀ ਵਿਵਾਦਾਂ 'ਚ ਘਿਰੇ ਹੋਏ ਹਨ।



ਗੁਰਦੁਆਰਾ ਸੋਧ ਬਿੱਲ, ਜੋ ਸਾਰੇ ਚੈਨਲਾਂ ਨੂੰ ਦਰਬਾਰ ਸਾਹਿਬ ਤੋਂ ਗੁਰਬਾਣੀ ਪ੍ਰਸਾਰਣ ਦਿਖਾਉਣ ਦਾ ਅਧਿਕਾਰ ਦਿੰਦਾ ਹੈ।

ਸਾਰੀਆਂ ਸਿਆਸੀ ਪਾਰਟੀਆਂ ਨੇ ਇਸ ਬਿੱਲ ਦਾ ਵਿਰੋਧ ਕੀਤਾ ਹੈ। ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਨੇ ਆਪਣੀ ਜਨਰਲ ਬਾਡੀ ਬੁਲਾ ਕੇ ਇਸ ਬਿੱਲ ਨੂੰ ਰੱਦ ਕਰ ਦਿੱਤਾ ਹੈ। ਜਦਕਿ ਸਿਆਸੀ ਪਾਰਟੀਆਂ ਇਹ ਮੁੱਦਾ ਉਠਾ ਰਹੀਆਂ ਹਨ ਕਿ ਸਰਕਾਰ ਨੂੰ ਧਾਰਮਿਕ ਮਾਮਲਿਆਂ 'ਚ ਦਖਲ ਨਹੀਂ ਦੇਣਾ ਚਾਹੀਦਾ। ਦੂਜੇ ਪਾਸੇ ਜੇਕਰ ਰਾਜਪਾਲ ਪੁਲਿਸ ਸੋਧ ਬਿੱਲ 'ਤੇ ਮੋਹਰ ਲਗਾਉਂਦੇ ਹਨ ਤਾਂ ਪੰਜਾਬ ਸਰਕਾਰ ਨੂੰ ਆਪਣਾ ਪੈਨਲ ਬਣਾਉਣ ਅਤੇ ਡੀਜੀਪੀ ਨਿਯੁਕਤ ਕਰਨ ਦਾ ਅਧਿਕਾਰ ਹੋਵੇਗਾ। ਜਦੋਂਕਿ ਸੁਪਰੀਮ ਕੋਰਟ ਨੇ ਡੀਜੀਪੀ ਨਿਯੁਕਤ ਕਰਨ ਦਾ ਫੈਸਲਾ ਕੀਤਾ ਹੈ ਕਿ ਰਾਜ ਆਪਣਾ ਪੈਨਲ UPSC ਨੂੰ ਭੇਜਣਗੇ।

## ਆਮ ਆਦਮੀ ਪਾਰਟੀ ਨੇ ਵਿਰੋਧੀ ਧਿਰ ਦੀ ਏਕਤਾ ਦੇ ਰੰਗ ਵਿਚ ਪਾਇਆ ਭੰਗ

**ਨਵੀਂ ਦਿੱਲੀ (ਬਿਊਰੋ)** ਆਮ ਆਦਮੀ ਪਾਰਟੀ ਨੇ ਵਿਰੋਧੀ ਧਿਰ ਦੀ ਏਕਤਾ ਨੂੰ ਲੈ ਕੇ ਆਪਣਾ ਸਟੈਂਡ ਸਪੱਸ਼ਟ ਕਰ ਦਿੱਤਾ ਹੈ। ਜੇਕਰ ਕਾਂਗਰਸ ਸੰਸਦ ਵਿੱਚ ਦਿੱਲੀ ਆਰਡੀਨੈਂਸ ਦਾ ਵਿਰੋਧ ਨਹੀਂ ਕਰਦੀ ਤਾਂ 'ਆਪ' ਕਾਂਗਰਸ ਦੀ ਅਗਵਾਈ ਵਾਲੀ ਵਿਰੋਧੀ ਧਿਰ ਦਾ ਹਿੱਸਾ ਨਹੀਂ ਬਣੇਗੀ। ਹੁਣ 'ਆਪ' ਨੇ ਕਾਂਗਰਸ ਦੇ ਸਾਹਮਣੇ ਨਵੀਂ ਸ਼ਰਤ ਰੱਖੀ ਹੈ। ਪਾਰਟੀ ਦੀ ਕੌਮੀ ਬੁਲਾਰਾ ਪ੍ਰਿਅੰਕਾ ਕੱਕੜ ਨੇ ਕਿਹਾ ਹੈ ਕਿ ਕਾਂਗਰਸ ਨੂੰ ਰਾਹੁਲ ਗਾਂਧੀ ਨੂੰ ਤੀਜੀ ਵਾਰ ਆਗੂ ਵਜੋਂ ਪੇਸ਼ ਨਹੀਂ ਕਰਨਾ ਚਾਹੀਦਾ।



ਕਾਂਗਰਸ ਦੇ ਸੰਵਿਧਾਨ ਨੂੰ ਬਚਾਉਣ ਦੇ ਮਿਸ਼ਨ 'ਤੇ ਚੁਟਕੀ ਲੈਂਦਿਆਂ 'ਆਪ' ਨੇਤਾ ਨੇ ਕਿਹਾ ਕਿ ਜੇਕਰ ਦੇਸ਼ ਨੂੰ ਬਚਾਉਣਾ ਹੈ ਤਾਂ ਕਾਂਗਰਸ ਨੂੰ ਪਹਿਲਾਂ ਐਲਾਨ ਕਰਨਾ ਚਾਹੀਦਾ ਹੈ ਕਿ ਉਹ ਰਾਹੁਲ ਗਾਂਧੀ 'ਤੇ ਤੀਜੀ ਵਾਰ ਦਾਅ ਨਹੀਂ ਲਗਾਏਗੀ ਅਤੇ ਵਿਰੋਧੀ ਧਿਰ ਨੂੰ ਮਜ਼ਬੂਰ ਨਹੀਂ ਕਰੇਗੀ। । ਦੇਸ਼ ਦੇ ਹਿੱਤ ਵਿੱਚ ਸੰਵਿਧਾਨ ਨੂੰ ਬਚਾਉਣ ਨਾਲੋਂ ਵੀ ਵੱਧ ਜ਼ਰੂਰੀ ਹੈ। ਜੇਕਰ ਦੇਸ਼ ਨੂੰ ਬਚਾਉਣਾ ਹੈ ਤਾਂ ਸਭ ਤੋਂ ਪਹਿਲਾਂ ਕਾਂਗਰਸ ਨੂੰ ਇਹ ਕਹਿਣਾ ਚਾਹੀਦਾ ਹੈ ਕਿ ਉਹ ਤੀਜੀ ਵਾਰ ਵੀ ਰਾਹੁਲ ਗਾਂਧੀ 'ਤੇ ਦਾਅਵਾ ਨਹੀਂ ਠੋਕਣਗੇ ਅਤੇ ਸਮੁੱਚੀ ਵਿਰੋਧੀ ਧਿਰ 'ਤੇ ਦਬਾਅ ਨਹੀਂ ਪਾਉਣਗੇ। ਦੇਸ਼ ਦੇ ਹਿੱਤ ਵਿੱਚ ਇਹ ਸੰਵਿਧਾਨ ਬਚਾਉਣ ਤੋਂ ਉਪਰ ਹੈ। ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਵੱਲੋਂ 23 ਜੂਨ ਨੂੰ ਪਟਨਾ ਵਿੱਚ ਬੁਲਾਈ ਗਈ ਵਿਰੋਧੀ ਪਾਰਟੀਆਂ ਦੀ ਮੀਟਿੰਗ ਵਿੱਚ 'ਆਪ' ਮੁਖੀ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ 'ਆਪ' ਦੇ ਰਾਜ ਸਭਾ ਮੈਂਬਰ ਰਾਘਵ ਚੱਢਾ ਅਤੇ ਸੰਜੇ ਸਿੰਘ ਨੇ ਸ਼ਿਰਕਤ ਕੀਤੀ। 'ਆਪ' ਆਗੂ ਸਾਂਝੇ ਬਿਆਨ ਲਈ ਮੀਟਿੰਗ ਵਿੱਚ ਨਹੀਂ ਰੁਕੇ ਅਤੇ ਦੁਪਹਿਰ ਦੇ ਖਾਣੇ ਤੋਂ ਬਾਅਦ ਵਾਪਸ ਦਿੱਲੀ ਚਲੇ ਗਏ। ਦਿੱਲੀ ਤੋਂ 'ਆਪ' ਨੇ ਇਕ ਬਿਆਨ ਜਾਰੀ ਕਰਕੇ ਕਿਹਾ ਕਿ ਜੇਕਰ ਕਾਂਗਰਸ ਦਿੱਲੀ ਆਰਡੀਨੈਂਸ ਦੇ ਮੁੱਦੇ 'ਤੇ 'ਆਪ' ਦਾ ਸਮਰਥਨ ਨਹੀਂ ਕਰਦੀ ਹੈ ਤਾਂ ਕਾਂਗਰਸ ਨਾਲ ਗਠਜੋੜ ਕਰਨਾ ਬਹੁਤ ਮੁਸ਼ਕਲ ਹੋਵੇਗਾ।

ਬੈਠਕ 'ਚ ਜਿੱਥੇ ਕੇਜਰੀਵਾਲ ਨੇ ਰਾਹੁਲ ਗਾਂਧੀ ਨਾਲ ਸਿੱਧੀ ਗੱਲ ਕੀਤੀ ਅਤੇ ਉਨ੍ਹਾਂ ਨੂੰ ਮਤਭੇਦ ਭੁਲਾ ਕੇ ਅੱਗੇ ਵਧਣ ਦੀ ਅਪੀਲ ਕੀਤੀ, ਉੱਥੇ ਹੀ ਰਾਹੁਲ ਗਾਂਧੀ ਨੇ ਉਨ੍ਹਾਂ ਨੂੰ ਕਿਹਾ ਕਿ ਆਰਡੀਨੈਂਸ 'ਤੇ ਚਰਚਾ ਕਰਨ ਦੀ ਪ੍ਰਕਿਰਿਆ ਹੈ। ਮੀਟਿੰਗ ਵਿੱਚ ਮੌਜੂਦ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਪ੍ਰਸਤਾਵ ਦਿੱਤਾ ਕਿ ਰਾਹੁਲ ਗਾਂਧੀ ਅਤੇ ਅਰਵਿੰਦ ਕੇਜਰੀਵਾਲ ਚਾਹ ਜਾਂ ਦੁਪਹਿਰ ਦੇ ਖਾਣੇ ਨੂੰ ਲੈ ਕੇ ਆਪਣੇ ਮਤਭੇਦ ਸੁਲਝਾ ਲੈਣ।

## ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਦੀ 38ਵੀਂ ਵਰ੍ਹੇਗੰਢ ਬੜੀ ਸ਼ਰਧਾ ਭਾਵਨਾ ਤੇ ਧੂੰਮਧਾਮ ਨਾਲ ਮਨਾਈ ਗਈ





(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 29-30-31 'ਤੇ

## ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਗੁਰੂ ਘਰ ਦੇ ਜੁਲਾਈ ਮਹੀਨੇ ਦੇ ਪ੍ਰੋਗਰਾਮ

ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਮਿਤੀ 16 ਜੁਲਾਈ 2023 ਨੂੰ ਸ੍ਰੀਮਤੀ ਰੇਖਾ ਜੀ ਦੇ ਪਰਿਵਾਰ ਵੱਲੋਂ ਪਰਿਵਾਰ ਦੀ ਤੰਦਰੁਸਤੀ ਅਤੇ ਚੜ੍ਹਦੀ ਕਲਾ ਦੇ ਸਬੰਧ ਵਿਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਸਵੇਰੇ 10 ਵਜੇ ਆਰੰਭ ਹੋਣਗੇ। ਉਪਰੰਤ ਹਜ਼ੂਰੀ ਰਾਗੀ ਭਾਈ ਬਲਵਿੰਦਰ ਸਿੰਘ ਜੀ ਦਾ ਜਥਾ ਅਤੇ ਭਾਈ ਭੁਪਿੰਦਰ ਸਿੰਘ ਜੀ ਦਾ ਜਥਾ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕਰਨਗੇ।

Amrik Chand (CPA)

Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

SAROAY INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983


RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434


Dr. Paramjit S Takhar, MD
DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed

Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823

# ਪੰਜਾਬ ਦੇ ਰਾਜਪਾਲ ਨੇ ਕੇਂਦਰੀ ਵਿਦੇਸ਼ ਮੰਤਰੀ ਨੂੰ ਲਿਖਿਆ ਪੱਤਰ

## ਚੰਡੀਗੜ੍ਹ ਵਿੱਚ ਅਮਰੀਕੀ ਕੌਂਸਲੇਟ ਦੀ ਮੰਗ ਕੀਤੀ

**ਚੰਡੀਗੜ੍ਹ–** ਭਾਰਤ ਦੇ ਨਾਲ-ਨਾਲ ਅਮਰੀਕਾ ਵਿੱਚ ਪੰਜਾਬ ਦੇ ਲੋਕਾਂ ਦੀ ਵੱਧ ਰਹੀ ਮੰਗ ਦੇ ਪਿਛੋਕੜ ਵਿੱਚ ਚੰਡੀਗੜ੍ਹ ਵਿਖੇ ਸੰਯੁਕਤ ਰਾਜ ਅਮਰੀਕਾ (ਯੂ.ਐਸ.ਏ.) ਦੇ ਵਣਜ ਦੂਤਘਰ ਦੇ ਹੱਕ ਵਿੱਚ ਜ਼ੋਰਦਾਰ ਕੇਸ ਪੇਸ਼ ਕਰਦਿਆਂ ਸ੍ਰੀ ਬਨਵਾਰੀ ਲਾਲ ਪੁਰੋਹਿਤ ਨੇ ਸ. ਪੰਜਾਬ ਦੇ ਰਾਜਪਾਲ ਅਤੇ ਪ੍ਰਸ਼ਾਸਕ, ਯੂਟੀ, ਚੰਡੀਗੜ੍ਹ ਨੇ ਭਾਰਤ ਸਰਕਾਰ ਦੇ ਵਿਦੇਸ਼ ਮੰਤਰੀ ਨੂੰ ਇੱਕ ਪੱਤਰ ਲਿਖਿਆ ਹੈ।



ਰਾਜਪਾਲ ਨੇ ਜ਼ਿਕਰ ਕੀਤਾ ਕਿ ਪੰਜਾਬੀ ਸਾਹਸੀ ਲੋਕ ਹਨ ਜੋ ਦੁਨੀਆ ਭਰ ਵਿੱਚ ਘੁੰਮਦੇ ਹਨ। ਉਹ ਅਮਰੀਕਾ ਵਿੱਚ ਭਾਰਤੀ ਡਾਇਸਪੋਰਾ ਦਾ ਇੱਕ ਵੱਡਾ ਹਿੱਸਾ ਵੀ ਬਣਾਉਂਦੇ ਹਨ। ਇਸ ਹਿੱਸੇ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਦੇ ਮੈਂਬਰ ਆਪਣੀਆਂ ਜੜ੍ਹਾਂ ਪ੍ਰਤੀ ਸੁਚੇਤ ਹਨ ਅਤੇ ਭਾਰਤ ਵਿੱਚ ਆਪਣੇ ਘਰ ਵਾਪਸ ਆਪਣੇ ਲੋਕਾਂ ਨਾਲ ਲਗਾਤਾਰ ਸੰਪਰਕ ਵਿੱਚ ਹਨ। ਇਹ ਚੰਡੀਗੜ੍ਹ ਵਿੱਚ ਇੱਕ ਅਮਰੀਕੀ ਕੌਂਸਲੇਟ ਲਈ ਇੱਕ ਚੰਗਾ ਕੇਸ ਬਣਾਉਂਦਾ ਹੈ ਜੋ ਪੰਜਾਬੀ ਸੱਭਿਆਚਾਰ ਦਾ ਨਸ ਕੇਂਦਰ ਹੈ।

ਉਸਨੇ ਭਾਰਤ ਵਿੱਚ ਇੱਕ ਵਾਧੂ ਕੌਂਸਲੇਟ ਦੀ ਮੰਗ ਦਾ ਹਵਾਲਾ ਦਿੱਤਾ, ਜਿਸ ਲਈ ਅਮਰੀਕਾ ਵਿੱਚ ਵੀ ਪ੍ਰਭਾਵਸ਼ਾਲੀ ਕਾਂਗਰਸੀਆਂ ਦੁਆਰਾ ਦਬਾਅ ਪਾਇਆ ਜਾ ਰਿਹਾ ਹੈ, ਜਿਸ ਨਾਲ ਇਸ ਮੰਗ ਨੂੰ ਹੋਰ ਬਲ ਮਿਲਦਾ ਹੈ।

ਪੱਤਰ ਵਿੱਚ ਕਿਹਾ ਗਿਆ ਹੈ ਕਿ ਭਾਰਤ ਦੇ ਸੰਯੁਕਤ ਰਾਜ ਵਿੱਚ ਪੰਜ ਵਣਜ ਦੂਤਘਰ ਹਨ, ਜਦੋਂ ਕਿ ਅਮਰੀਕਾ ਦੇ ਭਾਰਤ ਵਿੱਚ ਸਿਰਫ ਚਾਰ ਹਨ।

ਰਾਜਪਾਲ ਨੇ ਕਿਹਾ ਕਿ ਜੇਕਰ ਚੰਡੀਗੜ੍ਹ ਵਿੱਚ ਯੂਐਸ ਕੌਂਸਲੇਟ ਖੋਲ੍ਹਿਆ ਜਾਂਦਾ ਹੈ, ਤਾਂ ਇਹ ਰਾਜ ਦੇ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਪਹਿਲੂਆਂ ਨੂੰ ਛੂਹਣ ਦੇ ਉਦੇਸ਼ਾਂ ਦੀ ਪੂਰਤੀ ਕਰੇਗਾ ਅਤੇ ਵਿਦੇਸ਼ ਮੰਤਰਾਲੇ ਨੂੰ ਅਮਰੀਕੀ ਅਧਿਕਾਰੀਆਂ ਕੋਲ ਇਸ ਮਾਮਲੇ ਦੀ ਪੈਰਵੀ ਕਰਨ ਦੀ ਬੇਨਤੀ ਕੀਤੀ।

# ਅਮਰੀਕਾ ਦੇ ਹੋਸਟਨ ਸ਼ਹਿਰ ਵਿਚ ਤਲਾਬ ਵਿਚੋਂ ਗੈਸ ਚੜਨ ਨਾਲ 7 ਬੱਚਿਆਂ ਸਮੇਤ 12 ਲੋਕ ਬਿਮਾਰ, ਹਸਪਤਾਲ ਦਾਖਲ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਪ੍ਰਸਿੱਧ ਸ਼ਹਿਰ ਹੋਸਟਨ (ਹੈਰਿਸ ਕਾਊਂਟੀ) ਦੇ ਇਕ ਤਲਾਬ ਵਿਚ ਨਹਾਉਣ ਗਏ 12 ਲੋਕਾਂ ਨੂੰ ਗੈਸ ਚੜ ਜਾਣ ਉਪਰੰਤ ਹਸਪਤਾਲ ਵਿਚ ਦਾਖਲ ਕਰਵਾਏ ਜਾਣ ਦੀ ਰਿਪੋਰਟ ਹੈ। ਹੋਸਟਨ ਫਾਇਰ ਵਿਭਾਗ ਦੇ ਅਧਿਕਾਰੀਆਂ ਅਨੁਸਾਰ ਤਕਰੀਬਨ ਸ਼ਾਮ 5 ਵਜੇ ਸੂਚਨਾ ਮਿਲੀ ਸੀ ਕਿ ਤਲਾਬ ਵਿਚ ਨਹਾਉਣ ਆਏ ਕੁਝ ਲੋਕ ਅਣਸੁਖਾਵਾਂ ਮਹਿਸੂਸ ਕਰ ਰਹੇ ਹਨ। ਹੋਸਟਨ ਫਾਇਰ ਵਿਭਾਗ ਦੇ ਮੁੱਖੀ ਸੈਮੂਏਲ ਪੇਨਾ ਨੇ ਕਿਹਾ ਹੈ ਕਿ ਤਲਾਬਾਂ ਵਿਚੋਂ ਕਿਟਾਣੂ ਖਤਮ ਕਰਨ ਲਈ ਕਲੋਰੀਨ ਦੀ ਵਰਤੋਂ ਕੀਤੀ ਜਾਂਦੀ ਹੈ।




ਤਾਜਾ ਘਟਨਾ ਕਲੋਰੀਨ ਦੀ ਜਿਆਦਾ ਮਾਤਰਾ ਵਿਚ ਹੋਈ ਵਰਤੋਂ ਕਾਰਨ ਵਾਪਰੀ ਹੈ। ਉਨਾਂ ਕਿਹਾ ਕਿ ਤਲਾਬਾਂ ਵਿਚ ਕਲੋਰੀਨ ਦੀ ਜਿਆਦਾ ਮਾਤਰਾ ਵਿਚ ਵਰਤੋਂ ਕਾਰਨ ਚਮੜੀ ਜਾਂ ਅੱਖਾਂ ਵਿਚ ਜਲਣ ਹੋ ਸਕਦੀ ਹੈ ਜਾਂ ਸਾਹ ਲੈਣ ਵਿਚ ਤਕਲੀਫ ਵਰਗੇ ਲਛਣ ਨਜਰ ਆ ਸਕਦੇ ਹਨ।

ਹੋਸਟਨ ਫਾਇਰ ਵਿਭਾਗ ਅਨੁਸਾਰ 7 ਬੱਚਿਆਂ ਤੇ 3 ਬਾਲਗਾਂ ਨੂੰ ਖੇਤਰ ਵਿਚਲੇ ਸਰਕਾਰੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ ਜਦ ਕਿ 2 ਜਣੇ ਖੁਦ ਹੀ ਹਸਪਤਾਲ ਪਹੁੰਚ ਗਏ ਸਨ।

# ਅਮਰੀਕੀ ਅਰਬਪਤੀ ਜੇਮਜ ਕਰਾਊਨ ਦੀ ਕੋਲੋਰਾਡੋ ਵਿਚ ਰੇਸਟਰੈਕ 'ਤੇ ਕਾਰ ਹਾਦਸੇ ਵਿਚ ਮੌਤ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**-ਅਮਰੀਕੀ ਅਰਬਪਤੀ ਜੇਮਜ ਕਰਾਊਨ ਦੀ ਕੋਲੋਰਾਡੋ ਰਾਜ ਵਿਚ ਇਕ ਰੇਸਟਰੈਕ 'ਤੇ ਹੋਏ ਕਾਰ ਹਾਦਸੇ ਵਿਚ ਮੌਤ ਹੋਣ ਦੀ ਖਬਰ ਹੈ। ਉਹ 70 ਸਾਲ ਦੇ ਸਨ। ਪਿਟਕਿਨ ਕਾਊਂਟੀ ਕੋਰੋਨਰ ਦਫਤਰ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਸ਼ਿਕਾਗੋ ਵਿਚ ਲੋਕਪ੍ਰਿਯ ਜੇਮਜ ਕਰਾਊਨ ਦੀ ਕਾਰ ਵੁੱਡੀ ਕਰੀਕ ਵਿਚ ਐਸਪਨ ਮੋਟਰਸਪੋਰਟਸ ਪਾਰਕ ਵਿਚ ਹਾਦਸਾ ਗ੍ਰਸਤ ਹੋ ਗਈ। ਇਸ ਹਾਦਸੇ ਵਿਚ ਹੋਰ ਕੋਈ



ਵਾਹਣ ਸ਼ਾਮਿਲ ਨਹੀਂ ਹੈ। ਬਿਆਨ ਵਿਚ ਕਿਹਾ ਗਿਆ ਹੈ ਕਿ ਉਸ ਦੀ ਕਾਰ ਇਕ ਮੋੜ 'ਤੇ ਨਿਰਧਾਰਤ ਮਾਰਗ ਉਪਰ ਜਾਣ ਦੀ ਬਜਾਏ ਇਕ ਰੋਕ ਨਾਲ ਟਕਰਾਅ ਗਈ। ਹਾਲਾਂ ਕਿ ਮੌਤ ਦੇ ਕਾਰਨ ਦਾ ਪਤਾ ਡਾਕਟਰੀ ਜਾਂਚ ਉਪਰੰਤ ਹੀ ਲੱਗੇਗਾ ਪ੍ਰੰਤੂ ਸਮਝਿਆ ਜਾਂਦਾ ਹੈ ਕਿ ਮਾਨਸਿਕ ਸਦਮਾ ਉਸ ਦੀ ਮੌਤ ਦਾ ਕਾਰਨ ਬਣਿਆ। ਫੋਰਬਸ ਅਨੁਸਾਰ ਜੇਮਜ ਕਰਾਊਨ ਦੀ ਅਨੁਮਾਨਤ ਜਾਇਦਾਦ 10|2 ਅਰਬ ਡਾਲਰ ਹੈ।

‘ਦੇਸ਼ ਦੁਆਬਾ’
‘ਅੰਬੇਦਕਰ ਟਾਈਮਜ਼’
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com



## ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥ ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥੧॥



ਪੰਜਾਬੀ ਭਾਈਚਾਰੇ ਦੀ ਨਾਮਵਰ ਸ਼ਖਸੀਅਤ ਸ. ਸੁਦੇਸ਼ ਸਿੰਘ ਅਟਵਾਲ ਬੀਤੀ 26 ਜੂਨ 2023 ਨੂੰ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ ਹਨ। ਉਹ ਆਪਣੇ ਪਿੱਛੇ ਸੁਪਤਨੀ ਬੀਬੀ ਹਰਿੰਦਰਜੀਤ ਕੌਰ ਅਟਵਾਲ, ਸਪੁੱਤਰ ਰਾਜ ਅਟਵਾਲ ਅਤੇ ਰਵੀ ਅਟਵਾਲ ਅਤੇ ਉਹਨਾਂ ਦੇ ਸਮੂਹਪਰਿਵਾਰ ਅਤੇ ਲੜਕੀ ਬੀਬੀ ਨੀਨਾ ਗਿੱਲ ਤੇ ਉਹਨਾਂ ਦਾ ਸਮੂਹ ਪਰਿਵਾਰ, ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਛੱਡ ਗਏ ਹਨ। ਸਵਰਗੀ ਸ. ਸੁਦੇਸ਼ ਸਿੰਘ ਅਟਵਾਲ ਦਾ ਜੱਦੀ ਪਿੰਡ ਖੁਰਦਪੁਰ, ਜ਼ਿਲ੍ਹਾ ਜਲੰਧਰ ਸੀ। ਇੱਥੇ ਵਰਣਨਯੋਗ ਹੈ ਕਿ ਸ. ਅਟਵਾਲ ਗਦਰ ਮੈਮੋਰੀਅਲ ਫਾਊਂਡੇਸ਼ਨ ਕੈਲੇਫੋਰਨੀਆ ਦੇ ਫਾਊਂਡਰ ਅਤੇ ਪ੍ਰਧਾਨ ਸਨ ਅਤੇ ਉਹਨਾਂ ਦੇ ਪਿਤਾ ਜੀ ਸ. ਲਛਮਣ ਸਿੰਘ ਅਟਵਾਲ ਗਦਰ ਪਾਰਟੀ ਦੇ ਸਰਗਰਮ ਆਗੂ ਸਨ, ਜੋ ਆਜ਼ਾਦੀ ਤੋਂ ਬਾਅਦ ਵੀ ਰਾਜਨੀਤਿਕ ਤੌਰ ਤੇ ਬਹੁਤ ਸਰਗਰਮ ਰਹੇ ਹਨ। ਸ. ਸੁਦੇਸ਼ ਸਿੰਘ ਅਟਵਾਲ ਇਕ ਬਹੁਤ ਹੀ ਮਿਲਣਸਾਰ, ਸਮਾਜਿਕ ਅਤੇ ਰਾਜਨੀਤਿਕ ਗਹਿਰੀ ਸਮਝ ਰੱਖਦੇ ਸਨ।

ਸ. ਸੁਦੇਸ਼ ਸਿੰਘ ਅਟਵਾਲ ਦਾ ਜਨਮ 18 ਮਈ 1937 ਨੂੰ ਆਪਣੇ ਜੱਦੀ ਪਿੰਡ ਵਿਖੇ ਹੋਇਆ ਸੀ ਅਤੇ 26 ਜੂਨ 2023 ਨੂੰ ਹੇਵਰਡ (ਕੈਲੇਫੋਰਨੀਆ 'ਚ) ਉਹ ਅਕਾਲ ਚਲਾਣਾ ਕਰ ਗਏ, ਜੋ ਪਿਛਲੇ ਸਮੇਂ ਤੋਂ ਬਿਮਾਰ ਚਲੇ ਆ ਰਹੇ ਸਨ।

ਅਦਾਰਾ "ਅੰਬੇਦਕਰ ਟਾਈਮਜ਼" ਅਤੇ "ਦੇਸ਼ ਦੁਆਬਾ" ਵੱਲੋਂ ਉਹਨਾਂ ਦੇ ਸਦੀਵੀ ਵਿਛੋੜੇ 'ਤੇ ਸਮੂਹ ਅਟਵਾਲ ਪਰਿਵਾਰ ਨਾਲ ਗਹਿਰਾ ਦੁੱਖ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਸ. ਸੁਦੇਸ਼ ਸਿੰਘ ਅਟਵਾਲ ਅਤੇ ਸ. ਜਸਵੀਰ ਸਿੰਘ ਤੱਖਰ ਨਾਲ ਮਿਲ ਕੇ ਅਦਾਰਾ "ਦੇਸ਼ ਦੁਆਬਾ" ਦੇ ਪਹਿਲੇ ਧੰਨਵਾਦ ਸਮਾਗਮ ਨੂੰ ਸਫਲ ਬਣਾਉਣ ਲਈ ਅਦਾਰਾ "ਦੇਸ਼ ਦੁਆਬਾ" ਹਮੇਸ਼ਾਂ ਯਾਦ ਰੱਖੇਗਾ। ਵਾਹਿਗੁਰੂ ਦੇ ਚਰਨਾਂ ਵਿਚ ਅਰਜੋਈ ਕਰਦੇ ਹਾਂ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ਅਤੇ ਸਮੂਹ ਅਟਵਾਲ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ

**ਸ. ਸੁਦੇਸ਼ ਸਿੰਘ ਅਟਵਾਲ ਦੇ ਅੰਤਿਮ ਸਸਕਾਰ ਸਬੰਧੀ ਜਾਣਕਾਰੀ ਅਤੇ ਪਰਿਵਾਰ ਨਾਲ ਅਫਸੋਸ ਪ੍ਰਗਟ ਕਰਨ ਲਈ ਉਹਨਾਂ ਦੇ ਸਪੁੱਤਰਾਂ ਰਾਜ ਅਟਵਾਲ 510-469-6687, ਰਵੀ ਅਟਵਾਲ : 510-715-2967 ਨਾਲ ਸੰਪਰਕ ਕੀਤਾ ਜਾ ਸਕਦਾ ਹੈ।**


SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

WE PROVIDE ALL TRUCKING RELATED PERMITS AND SERVICES
SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

# ਕੀ ਪੰਜਾਬ ਸਰਕਾਰ ਦਾ ਗੁਰਦੁਆਰਾ ਸੋਧ ਐਕਟ ਦਾ ਫੈਸਲਾ ਸਹੀ ਹੈ?

**ਜਲੰਧਰ ਤੋਂ ਜੇ. ਸਿੰਘ 'ਭਡਿਆਰ'**



ਪੰਜਾਬ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚਾਲੇ ਦਰਬਾਰ ਸਾਹਿਬ ਤੋਂ ਗੁਰਬਾਣੀ ਦੇ ਪ੍ਰਸਾਰਣ ’ਤੇ ਸਿੱਖ ਗੁਰਦੁਆਰਾ ਐਕਟ ਵਿੱਚ ਸੋਧ ਕਰਨ ਮਗਰੋਂ ਪੈਦਾ ਹੋਇਆ ਰੱਫੜ ਰੁਕਣ ਦਾ ਨਾਂ ਨਹੀਂ ਲੈ ਰਿਹਾ ਹੈ। ਜਾਣਕਾਰੀ ਮੁਤਾਬਿਕ ਐਸਜੀਪੀਸੀ ਵੱਲੋਂ ਇਜਲਾਸ ਦੌਰਾਨ ਸਿੱਖ ਗੁਰਦੁਆਰਾ ਸੋਧ ਐਕਟ ਨੂੰ ਰੱਦ ਕੀਤਾ ਗਿਆ ਹੈ। ਸਰਕਾਰ ਵੱਲੋਂ ਗੁਰਦੁਆਰਾ ਸੋਧ ਐਕਟ 1925 ਵਿੱਚ ਕੀਤੇ ਬਦਲਾਅ ਤੇ ਹੋਰ ਸਿੱਖ ਮਸਲੇ ਵਿਚਾਰਨ ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵਿਸ਼ੇਸ਼ ਇਜਲਾਸ ਸੱਦਿਆ ਗਿਆ ਹੈ। ਕਿਆਸ ਲਾਏ ਜਾ ਰਹੇ ਹਨ ਕਿ ਇਸ ਇਜਲਾਸ ਵਿੱਚ ਕਈ ਅਹਿਮ ਫੈਸਲਿਆਂ ਉਤੇ ਮੋਹਰ ਲਾਈ ਗਈ ਹੈ। ਇਜਲਾਸ ਵਿੱਚ ਸਮੂਹ ਸਿੱਖ ਜਥੇਬੰਦੀਆਂ ਵੱਲੋਂ ਗੁਰਦੁਆਰਾ ਐਕਟ ਸੋਧ ਨੂੰ ਮੁਕੰਮਲ ਤੌਰ ਉਤੇ ਰੱਦ ਕੀਤਾ ਗਿਆ ਹੈ। ਹੰਗਾਮੀ ਮੀਟਿੰਗ ਦੌਰਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਹ ਮਤਾ ਪੇਸ਼ ਕੀਤਾ, ਜਿਸ ਨੂੰ ਸਮੂਹ ਮੈਂਬਰਾਂ ਨੇ ਜੈਕਾਰਿਆਂ ਦੀ ਗੂੰਜ ਵਿੱਚ ਪ੍ਰਵਾਨਗੀ ਦਿੱਤੀ। ਇਸ ਦੌਰਾਨ ਐਸਜੀਪੀਸੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਜਨਤਕ ਤੌਰ ਉਤੇ ਮਾਫ਼ੀ ਮੰਗਣ ਲਈ ਕਿਹਾ ਹੈ। ਉਨ੍ਹਾਂ ਨਾਲ ਹੀ ਇਸ ਐਕਟ ਨੂੰ ਸਿੱਖ ਕੌਮ ਦੇ ਅੰਦਰੂਨੀ ਮਸਲਿਆਂ ਵਿੱਚ ਸਰਕਾਰ ਦੀ ਦਖਲ ਅੰਦਾਜ਼ੀ ਦੱਸਿਆ ਹੈ। ਧਾਮੀ ਨੇ ਤਖਤ ਅੰਦਾਜ਼ ਵਿੱਚ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਉਹ ਤੁਰੰਤ ਇਹ ਬਿੱਲ ਵਾਪਸ ਲਵੇ ਨਹੀਂ ਤਾਂ ਐਸਜੀਪੀਸੀ ਵੱਲੋਂ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਹੇਠ ਮੋਰਚਾ ਖੋਲ੍ਹਿਆ ਜਾਵੇਗਾ।

ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਸੀ ਕਿ ਪੰਜਾਬ ਸਰਕਾਰ ਨੂੰ ਸਿੱਖ ਕੌਮ ਦੇ ਮਸਲਿਆਂ ਵਿੱਚ ਦਖ਼ਲ ਨਹੀਂ ਦੇਣਾ ਚਾਹੀਦਾ। ਨਾਲ ਹੀ ਐਸਜੀਪੀਸੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵੀ ਤਲਖ ਤੇਵਰ ਵਿੱਚ ਕਿਹਾ ਸੀ ਕਿ ਸਿੱਖ ਕੌਮ ਚੁਣੌਤੀਆਂ ਨਾਲ ਨਜਿੱਠਦੀ ਆਈ ਹੈ। ਹੁਣ ਵੀ ਕੌਮ ਇਸ ਚੁਣੌਤੀ ਨੂੰ ਨਜਿੱਠੇਗੀ, ਚਾਹੇ ਇਸ ਲਈ ਕਿਸੇ ਸਖਤ ਪੁਰਾਤਣ ਰਿਵਾਇਤਾਂ ਦੀ ਪਾਲਣਾ ਕਰਨੀ ਪਈ ਤਾਂ ਕਰਾਂਗੇ। ਕਮੇਟੀ ਵੱਲੋਂ ਮਤਾ ਪਾਸ ਕਰਦਿਆਂ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਸੀ ਕਿ ਸ਼੍ਰੋਮਣੀ ਕਮੇਟੀ ਦਾ 103 ਸਾਲ ਪੁਰਾਣਾ ਇਤਿਹਾਸ ਹੈ। ਧਾਮੀ ਨੇ ਕਿਹਾ ਸੀ ਕਿ ਇਹ ਐਕਟ 1925 ਵਿਚ ਬਣਾਇਆ ਗਿਆ ਪਰ ਹੁਣ ਇਸਦੇ ਖਿਲਾਫ ਸਾਜ਼ਿਸ਼ਾਂ ਹੋ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਿੱਖਾਂ ਦੇ ਨਿੱਜੀ ਮਸਲਿਆਂ ਵਿੱਚ ਸਰਕਾਰ ਦੀ ਦਖਲ ਬਰਦਾਸ਼ਤ ਨਹੀਂ ਹੋਵੇਗੀ। ਇਸ ਐਕਟ ਵਿੱਚ ਕਿਸੇ ਵੀ ਤਰ੍ਹਾਂ ਸੋਧ ਕਰਨ ਦਾ ਕਿਸੇ ਨੂੰ ਕੋਈ ਅਧਿਕਾਰ ਨਹੀਂ। ਇਹੀ ਨਹੀਂ ਇਸ ਵਿੱਚ ਸੋਧ ਕੇਂਦਰ ਵੀ ਨਹੀਂ ਕਰ ਸਕਦੀ।

### ਮੁੱਖ ਮੰਤਰੀ ਭਗਵੰਤ ਮਾਨ ਦੀ ਪ੍ਰਤੀਕ੍ਰਿਆ

ਇਸ ਸਪੈਸ਼ਲ ਸੈਸ਼ਨ ਉਤੇ ਬੋਲਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਆਕਾਵਾਂ ਦੇ ਨਿਰਦੇਸ਼ਾਂ ਅਨੁਸਾਰ ਸੋਮਵਾਰ ਨੂੰ ਆਪਣੇ ਪੂਰਵ-ਨਿਰਧਾਰਤ ਫੈਸਲੇ ਦਾ ਐਲਾਨ ਕਰੇਗੀ। ਮੁੱਖ ਮੰਤਰੀ ਨੇ ਕਿਹਾ ਕਿ ਇਹ ਬਹੁਤ ਮੰਦਭਾਗੀ ਗੱਲ ਹੈ ਕਿ ਸਿੱਖਾਂ ਦੀ ਪ੍ਰਮੁੱਖ ਸੰਸਥਾ ਹੁਣ ਆਪਣੇ ਆਕਾਵਾਂ ਦੇ ਹੱਥਾਂ ਦੀ ਕਠਪੁਤਲੀ ਬਣ ਗਈ ਹੈ। ਉਨ੍ਹਾਂ ਕਿਹਾ ਕਿ ਇਹ ਮੀਟਿੰਗ ਸਿਰਫ਼ ਦਿਖਾਵਾ ਸੀ ਕਿਉਂਕਿ ਇਸ ਸਬੰਧੀ ਪਹਿਲਾਂ ਹੀ ਅਕਾਲੀ ਲੀਡਰਸ਼ਿਪ ਵੱਲੋਂ ਫ਼ੈਸਲਾ ਲਿਆ ਜਾ ਚੁੱਕਾ ਹੈ। ਭਗਵੰਤ ਮਾਨ ਨੇ ਕਿਹਾ ਕਿ ਇਸ ਸਬੰਧੀ ਫੈਸਲਾ ਲਿਆ ਗਿਆ ਹੈ ਅਤੇ ਇਹ ਐਲਾਨ ਸਿਰਫ ਦਿਖਾਵੇ ਲਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਸ ਗੱਲ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਪਹਿਲਾਂ ਹੀ ਅਕਾਲੀ ਦਲ ਦੇ ਦਫਤਰ ਤਲਬ ਕੀਤਾ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਮੀਟਿੰਗ ਵਿੱਚ ਹਾਜ਼ਰ ਅਕਾਲੀ ਆਗੂਆਂ ਮਲੂਕਾ, ਚੰਦੂਮਾਜਰਾ, ਭੂੰਦੜ, ਚੀਮਾ, ਗਾਬੜੀਆ ਤੇ ਹੋਰਾਂ ਵੱਲੋਂ ਪ੍ਰਧਾਨ ਨੂੰ ਹੀ ਬਾਦਲ ਪਰਿਵਾਰ ਦੇ ਫੈਸਲੇ ਤੋਂ ਜਾਣੂ ਕਰਵਾਇਆ ਗਿਆ। ਭਗਵੰਤ ਮਾਨ ਨੇ ਕਿਹਾ ਕਿ ਇਹ ਆਗੂ ਸਿੱਖ ਗੁਰਦੁਆਰਾ ਸੋਧ ਬਿੱਲ 2023 ਦੇ ਵਿਰੋਧ ਨੂੰ ਲੈ ਕੇ ਬਾਦਲ ਪਰਿਵਾਰ ਦੇ ਫੈਸਲੇ ਤੋਂ ਮੁੱਖ ਮੰਤਰੀ ਨੂੰ ਜਾਣੂ ਕਰਵਾ ਰਿਹਾ ਹੈ।

### ਗੁਰਦੁਆਰਾ ਐਕਟ ਕੀ ਹੈ

ਸਿੱਖ ਗੁਰਦੁਆਰਾ ਐਕਟ 1925 ਦਾ ਮਕਸਦ ਸਿੱਖਾਂ ਲਈ ਅਜਿਹਾ ਕਾਨੂੰਨ ਬਣਾਉਣਾ ਸੀ ਜੋ ਗੁਰਦੁਆਰਿਆਂ ਤੇ ਸਿੱਖਾਂ ਦੇ ਹਿੱਤਾਂ ਦੀ ਰੱਖਿਆ ਕਰ ਸਕੇ। ਇਸ ਤੋਂ ਪਹਿਲਾਂ, 15 ਨਵੰਬਰ, 1920 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ, ਪੰਜਾਬ ਅਤੇ ਸਿੱਖ ਇਤਿਹਾਸ ਲਈ ਅਹਿਮ ਅਤੇ ਡੂੰਘਾ ਪ੍ਰਭਾਵ ਪਾਉਣ ਵਾਲੀ ਘਟਨਾ ਸੀ। ਉਨ੍ਹਾਂ ਸਮਿਆਂ ਵਿੱਚ ਪੰਜਾਬ ਅਤੇ ਇਸ ਤੋਂ ਬਾਹਰ ਬਹੁਤ ਸਾਰੇ ਇਤਿਹਾਸਕ ਸਿੱਖ ਗੁਰਦੁਆਰੇ ਮਹੰਤਾ ਦੇ ਕਬਜ਼ੇ ਵਿੱਚ ਆ ਗਏ। ਕੁਝ ਮਹੰਤ ਉਸ ਪੁਜਾਰੀ ਸ਼ਰੇਣੀ ਨਾਲ ਸਬੰਧਿਤ ਸਨ, ਜੋ ਗੁਰੂਆਂ ਦੇ ਫਲਸਫੇ ਤੋਂ ਕੋਹਾਂ ਦੂਰ ਸਨ। ਸ਼੍ਰੋਮਣੀ ਕਮੇਟੀ ਨੂੰ ਗੁਰਦੁਆਰਿਆਂ ਦੇ ਕਬਜ਼ੇ ਲਈ ਲੰਬੀ ਲੜਾਈ ਲੜਨੀ ਪਈ। ਅੰਤ ਵਿੱਚ ਬਰਤਾਨਵੀਂ ਸਰਕਾਰ ਨੂੰ 1925 ਵਿੱਚ ਗੁਰਦੁਆਰਾ ਐਕਟ ਪਾਸ ਕਰਨਾ ਪਿਆ, ਜਿਸ ਨੇ ਗੁਰਦੁਆਰਿਆਂ ਦੇ ਪ੍ਰਬੰਧਾਂ ਲਈ ਸਿੱਖ ਕੰਟਰੋਲ ਨੂੰ ਮਾਨਤਾ ਦਿੱਤੀ।

### ਬੀਬੀ ਜਗੀਰ ਕੌਰ ਦੇ ਭਾਸ਼ਣ ਵੇਲੇ ਬੰਦ ਕੀਤਾ ਗਿਆ ਲਾਈਵ

ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਰਬਾਰ ਸਾਹਿਬ ਤੋਂ ਗੁਰਬਾਣੀ ਦੇ ਪ੍ਰਸਾਰਣ ਨੂੰ ਲੈਕੇ ਅੱਜ ਇਜਲਾਸ ਸੱਦਿਆ ਗਿਆ ਸੀ। ਇਸ ਮੌਕੇ ਸ਼ਾਮਿਲ ਐਸਜੀਪੀਸੀ ਮੈਂਬਰਾਂ ਵੱਲੋਂ ਇਜਲਾਸ ਵਿੱਚ ਹਿੱਸਾ ਲਿਆ ਗਿਆ ਅਤੇ ਬੀਬੀ ਜਗੀਰ ਕੌਰ ਪਹੁੰਚੇ ਹੋਏ ਸਨ। ਜਾਣਕਾਰੀ ਮੁਤਾਬਿਕ ਇਜਲਾਸ ਵਿੱਚ ਬੀਬੀ ਜਗੀਰ ਕੌਰ ਦੇ ਸੰਬੋਧਨ ਵੇਲੇ ਲਾਈਵ ਦੀ ਅਵਾਜ਼ ਬੰਦ ਕਰ ਦਿੱਤੀ ਗਈ ਅਤੇ ਬੀਬੀ ਜਗੀਰ ਕੌਰ ਦਾ ਲਾਈਵ ਪ੍ਰਸਾਰਣ ਵੀ ਬੰਦ ਕੀਤਾ ਗਿਆ।

ਇਸ ਮੌਕੇ ਬੀਬੀ ਜਗੀਰ ਕੌਰ ਵੱਲੋਂ ਇਜਲਾਸ ਤੋਂ ਬਾਅਦ ਮੀਡਿਆ ਨਾਲ਼ ਗੱਲਬਾਤ ਕਰਦੇ ਹੋਏ ਕਿਹਾ ਕਿ ਕੋਈ ਵੀ ਸਰਕਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿੱਚ ਤਬਦੀਲੀ ਨਹੀਂ ਕਰ ਸਕਦੀ ਹੈ। ਕੇਂਦਰ ਦੀ ਸਰਕਾਰ ਹੋਵੇ ਜਾਂ ਸੂਬੇ ਦੀ ਸਰਕਾਰ ਹੋਵੇ, ਇਹ ਸਿੱਧਾ ਸਾਡੇ ਸਿੱਖ ਪੰਥ ਉਤੇ ਹਮਲਾ ਹੈ। ਬੀਬੀ ਜਗੀਰ ਕੌਰ ਨੇ ਕਿਹਾ ਜਿਹੜੇ ਕਾਰਨਾਂ ਕਰਕੇ ਇਹ ਹਮਲਾ ਹੋਇਆ ਹੈ, ਉਨ੍ਹਾਂ ਗੱਲਾਂ 'ਤੇ ਵਿਚਾਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵੀ ਹੁਕਮ ਜਾਰੀ ਹੋਇਆ ਸੀ ਪਰ ਸ਼੍ਰੋਮਣੀ ਕਮੇਟੀ ਨੇ ਨਹੀਂ ਮੰਨਿਆ ਜਦੋਂਕਿ ਸ਼੍ਰੋਮਣੀ ਕਮੇਟੀ ਨੂੰ ਇਹ ਮੰਨਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਯੂ ਟਿਊਬ ਚੈਨਲ ਦੀ ਗੱਲ ਨਹੀਂ ਹੈ ਕਿਉਂ ਕਿ ਯੂ-ਟਿਊਬ ਚੈਨਲ ਪਹਿਲਾਂ ਤੋਂ ਹੀ ਬਣਿਆ ਹੋਇਆ ਹੈ। ਗੱਲ ਸੈਟੇਲਾਈਟ ਚੈਨਲ ਦੀ ਹੈ ਅਤੇ ਕੌਮ ਬੜੀ ਮਹਾਨ ਹੈ, ਜੋ ਵੀ ਚਾਹੇ ਤਾਂ ਕੌਮ ਨਿਸ਼ਾਵਰ ਹੋਣ ਲਈ ਤਿਆਰ ਹੈ।

ਬੀਬੀ ਜਗੀਰ ਕੌਰ ਨੇ ਕਿਹਾ ਕਿ ਮੈਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਬੇਨਤੀ ਕੀਤੀ ਗਈ ਹੈ ਕਿ ਸ਼੍ਰੋਮਣੀ ਕਮੇਟੀ ਦੇ ਅਕਸ ਨੂੰ ਖਰਾਬ ਕਰਨ ਵਾਲੀ ਜੜ੍ਹ ਲੱਭਣ ਦੀ ਲੋੜ ਹੈ। ਇਸ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਉਸ ਨੂੰ ਠੀਕ ਕਰਨ ਵਾਸਤੇ ਕਮੇਟੀ ਨੂੰ ਆਪਣਾ ਚੈਨਲ ਤਿਆਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਰਿਆਂ ਨੇ ਰਲ ਕੇ ਸਰਵ ਸੰਮਤੀ ਦੇ ਨਾਲ ਮਤਾ ਪਾਸ ਕੀਤਾ ਹੈ ਕਿ ਸਾਡੇ ਸ਼੍ਰੋਮਣੀ ਕਮੇਟੀ ਦੇ ਕੰਮਾਂ ਵਿੱਚ ਦਖਲਅੰਦਾਜੀ ਨਾ ਕੀਤੀ ਜਾਵੇ।

ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂ ਮੋਰਚਾ ਲਗਾਉਣ ਦੀ ਵੀ ਗੱਲ ਕੀਤੀ ਗਈ ਹੈ। ਬੀਬੀ ਨੇ ਕਿਹਾ ਮੁੱਖ ਮੰਤਰੀ ਸਰਦਾਰ ਨਹੀਂ ਹੈ ਅਤੇ ਨਾ ਹੀ ਸਿੰਘ ਹੈ। ਉਨ੍ਹਾਂ ਕਿਹਾ ਕਿ ਅਸੀਂ ਭਗਵੰਤ ਮਾਨ ਦੇ ਕਹਿਣ ਉੱਤੇ ਕੁੱਝ ਨਹੀਂ ਕਰਨਾ। ਮਾਨ ਸਾਨੂੰ ਸੁਝਾਅ ਦੇ ਸਕਦਾ ਹੈ, ਕੋਈ ਦਿਸ਼ਾ ਨਿਰਦੇਸ਼ ਨਹੀਂ ਦੇ ਸਕਦਾ ਇਹ ਸਾਡੀ ਮਰਜ਼ੀ ਹੈ ਕਿ ਅਸੀਂ ਚੈਨਲ ਇੱਕ ਨੂੰ ਦੇਣਾ ਹੈ ਜਾਂ ਦੋ ਨੂੰ ਦੇਣਾ ਹੈ।

### ਇੱਕ ਪਰਿਵਾਰ ਦੇ ਇਸ਼ਾਰੇ 'ਤੇ ਕੰਮ ਕਰ ਰਹੀ ਹੈ ਸ਼੍ਰੋਮਣੀ ਕਮੇਟੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੱਦੇ ਗਏ ਇਜ਼ਲਾਸ ਦੌਰਾਨ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਸਿੱਖ ਗੁਰਦੁਆਰਾ ਸੋਧ ਐਕਟ ਨੂੰ ਰੱਦ ਕਰ ਦਿੱਤਾ ਗਿਆ। ਇਸ 'ਤੇ ਆਮ ਆਦਮੀ ਪਾਰਟੀ ਵੱਲੋਂ ਪ੍ਰੈਸ ਕਾਨਫਰੰਸ ਕੀਤੀ ਗਈ। ਇਸ ਮੌਕੇ ਪਾਰਟੀ ਦੇ ਬੁਲਾਰੇ ਮਾਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਮਾਨ ਸਰਕਾਰ ਚਾਹੁੰਦੀ ਹੈ ਕਿ ਗੁਰਬਾਣੀ ਦੁਨੀਆਂ ਦੇ ਕੋਨੇ-ਕੋਨੇ ਅਤੇ ਗਰ-ਘਰ ਤੱਕ ਫਰੀ ਜਾਵੇ ਅਤੇ ਫਰੀ ਟੂ -ਏਅਰ ਹੋਵੇ। ਮਾਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਇਸ ਦੇ ਵਿਰੋਧ 'ਚ ਐਸ.ਜੀ.ਪੀ.ਸੀ. ਵੱਲੋਂ ਮਤਾ ਪਾਸ ਕੀਤਾ ਗਿਆ । ਜਿਸ 'ਚ ਸਰਕਾਰ ਵੱਲੋਂ ਚੱਕਿਆ ਗਿਆ ਕਦਮ ਪੰਥ 'ਤੇ ਹਮਲਾ ਕਿਸ ਤਰ੍ਹਾਂ ਹੋ ਗਿਆ, ਇਸ ਦਾ ਜਵਾਬ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਦੇਣਾ ਚਾਹੀਦਾ ਹੈ।

ਉਨ੍ਹਾਂ ਆਖਿਆ ਕਿ ਐਸ.ਜੀ.ਪੀ.ਸੀ ਪ੍ਰਾਈਵੇਟ ਚੈਨਲ ਨੂੰ ਬਚਾਉਣ 'ਚ ਲੱਗੀ ਹੋਈ ਹੈ। ਮਾਲਵਿੰਦਰ ਸਿੰਘ ਕੰਗ ਨੇ ਮੀਡੀਆ ਨੂੰ ਸੰਬੋਧਨ ਕਰਦੇ ਆਖਿਆ ਕਿ ਸਰਕਾਰ ਚੁਣਨ ਵੇਲੇ ਸਿੱਖਾਂ ਨੇ ਵੀ 'ਆਪ' ਪਾਰਟੀ ਨੂੰ ਵੋਟਾਂ ਪਾਈਆਂ ਹਨ ਫਿਰ ਪੰਜਾਬ ਸਰਕਾਰ ਵੱਲੋਂ ਪਾਸ ਕੀਤਾ ਗਿਆ ਸਿੱਖ ਗੁਰਦੁਆਰਾ ਸੋਧ ਐਕਟ ਸਿੱਖਾਂ 'ਤੇ ਹਮਲਾ ਕਿਵੇਂ ਹੋ ਸਕਦਾ ਹੈ। ਉਨਾਂ ਆਖਿਆ ਕਿ ਅਸੀਂ ਇਸ ਗੱਲ ਨੂੰ ਨਕਾਰਦੇ ਹਾਂ। ਮਾਲਵਿੰਦਰ ਸਿੰਘ ਕੰਗ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ 'ਤੇ ਤੰਜ ਕੱਸਦੇ ਕਿਹਾ ਕਿ ਸ਼ਾਇਦ ਐਸਜੀਪੀਸੀ ਪ੍ਰਧਾਨ ਨਹੀਂ ਚਾਹੁੰਦੇ ਕਿ ਸਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਲੋਕਾਂ ਦੇ ਘਰਾਂ ਅਤੇ ਦੁਨੀਆਂ ਦੇ ਕੋਨੇ-ਕੋਨੇ 'ਚ ਮੁਫ਼ਤ ਜਾਵੇ।

ਕੰਗ ਨੇ ਐਸਜੀਪੀਸੀ 'ਤੇ ਤੰਜ ਕੱਸਦੇ ਆਖਿਆ ਕਿ ਸ਼੍ਰੋਮਣੀ ਕਮੇਟੀ ਇੱਕ ਪਰਿਵਾਰ ਦੇ ਇਸ਼ਾਰੇ 'ਤੇ ਕੰਮ ਕਰ ਰਹੀ ਹੈ। ਮੁੱਖ ਮੰਤਰੀ ਮਾਨ ਦਾ ਇਹੀ ਮੰਤਵ ਹੈ ਕਿ ਗੁਰਬਾਣੀ 'ਤੇ ਕਿਸੇ ਵੀ ਇੱਕ ਟੀ.ਵੀ. ਚੈਨਲ ਦਾ ਕਬਜ਼ਾ ਨਹੀਂ ਹੋਣਾ ਚਾਹੀਦਾ। ਉਨ੍ਹਾਂ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਅਪੀਲ਼ ਕੀਤੀ ਕਿ ਇੱਕ ਪਰਿਵਾਰ ਦੀ ਸਿਆਸਤ ਚਮਕਾਉਣ ਲਈ ਅਜਿਹਾ ਨਾ ਕੀਤਾ ਜਾਵੇ।

## ਐਚ ਐਸ ਫੂਲਕਾ ਨੇ ਗੁਰਦੁਆਰਾ ਐਕਟ ’ਚ ਸੋਧ ਨੂੰ ਦੱਸਿਆ ਗਲਤ

**ਚੰਡੀਗੜ੍ਹ–** ਸੀਨੀਅਰ ਵਕੀਲ ਐਚ ਐਸ ਫੂਲਕਾ ਨੇ ਗੁਰਦੁਆਰਾ ਐਕਟ 1925 ਵਿਚ ਪੰਜਾਬ ਸਰਕਾਰ ਵੱਲੋਂ ਕੀਤੀ ਗਈ ਸੋਧ ਸਬੰਧੀ ਬੋਲਦਿਆਂ ਕਿਹਾ ਕਿ ਜੇਕਰ ਸਿੱਖ ਕੌਮ ਨੇ ਭਗਵੰਤ ਮਾਨ ਸਰਕਾਰ ਵੱਲੋਂ ਕੀਤੀ ਗਈ ਸੋਧ ਨੂੰ ਮੰਨ ਲਿਆ ਤਾਂ ਇਹ ਸੋਧ ਰਾਹ ਖੋਲ੍ਹ ਦੇਵੇਗੀ ਕਿ ਭਵਿੱਖ ਵਿਚ ਕਦੇ ਵੀ ਗੁਰਦੁਆਰਾ ਐਕਟ ਵਿਚ ਸੋਧ ਕਰਕੇ ਸਰਕਾਰ ਦੀਆਂ ਏਜੰਸੀਆਂ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਪ੍ਰਬੰਧਾਂ ਵਿਚ ਦਖਲ ਦੇ ਸਕਦੀਆਂ ਹਨ। ਉਨ੍ਹਾਂ ਪੰਜਾਬ ਦੀ ਭਗਵੰਤ ਮਾਨ ਸਰਕਾਰ ’ਤੇ ਵਰ੍ਹਦਿਆਂ ਕਿਹਾ ਕਿ ਸੂਬਾ ਸਰਕਾਰ ਨੇ ਗੁਰਦੁਆਰਾ ਐਕਟ ਵਿਚ ਸੋਧ ਕਰਕੇ ਇਕ ਖਤਰਨਾਕ ਪਰੰਪਰਾ ਦੀ ਸ਼ੁਰੂਆਤ ਕੀਤੀ ਹੈ। ਫੂਲਕਾ ਨੇ ਪੰਜਾਬ ਸਰਕਾਰ ਨੂੰ ਸੁਨੇਹਾ ਦਿੰਦਿਆਂ ਕਿਹਾ ਕਿ ਜਿਸ ਤਰ੍ਹਾਂ ਗੁਰਦੁਆਰਾ ਐਕਟ ਵਿਚ ਸੋਧ ਕੀਤੀ ਗਈ ਉਹ ਠੀਕ ਸੀ ਪ੍ਰੰਤੂ ਹੁਣ ਇਹ ਮੁੱਦਾ ਪੰਜਾਬ ਸਰਕਾਰ ਬਨਾਮ ਸਿੱਖ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕਈ ਐਕਟ ਪਾਸ ਕਰ ਦਿੱਤੇ ਜਾਂਦੇ ਹਨ ਪ੍ਰੰਤੂ ਉਨ੍ਹਾਂ ਨੂੰ ਲਾਗੂ ਕਰਨ ਲਈ ਕਈ-ਕਈ ਸਾਲ ਲੱਗ ਜਾਂਦੇ ਹਨ। ਉਨ੍ਹਾਂ ਕਿਹਾ ਕਿ ਜਦੋਂ ਤੋਂ ਗੁਰਦੁਆਰਾ ਐਕਟ 1925 ਬਣਿਆ ਹੈ ਉਦੋਂ ਤੋਂ ਲੈ ਕੇ ਜਦੋਂ ਵੀ ਕੋਈ ਸੋਧ ਕੀਤੀ ਗਈ ਤਾਂ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪੁੱਛ ਕੇ ਕੀਤੀ ਗਈ।

## ਮੈਂਬਰ ਪਾਰਲੀਮੈਂਟ ਰਾਜ ਸਭਾ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਵਾਤਾਵਰਣ ਦੀ ਸੰਭਾਲ ਸਬੰਧੀ ਜਿਲ੍ਹਾ ਪਠਾਨਕੋਟ ਵਿਖੇ ਕੀਤਾ ਵਿਸੇਸ ਦੋਰਾ

**ਪਠਾਨਕੋਟ, 27 ਜੂਨ (ਰਾਜਿੰਦਰ ਸਿੰਘ ਰਾਜਨ)** ਅੱਜ ਮੈਂਬਰ ਪਾਰਲੀਮੈਂਟ ਰਾਜ ਸਭਾ ਸੰਤ ਬਲਬੀਰ ਸਿੰਘ ਸੀਚੇਵਾਲ ਪਠਾਨਕੋਟ ਵਿਖੇ ਰਣਜੀਤ ਸਾਗਰ ਡੈਂਮ ਦਾ ਵਿਸੇਸ ਦੋਰਾ ਕਰਨ ਲਈ ਪਹੁੰਚੇ। ਇਸ ਤੋਂ ਪਹਿਲਾਂ ਉਹ ਮਲਿਕਪੁਰ ਵਿਖੇ ਸਥਿਤ ਐਸ।ਐਸ।ਪੀ। ਪਠਾਨਕੋਟ ਦੇ ਦਫਤਰ ਵਿਖੇ ਪਹੁੰਚ। ਜਿੱਥੇ ਸ। ਹਰਕਮਲਪ੍ਰੀਤ ਸਿੰਘ ਖੱਖ ਐਸ।ਐਸ।ਪੀ। ਪਠਾਨਕੋਟ ਵੱਲੋਂ ਵਿਸੇਸ ਤੋਰ ਤੇ ਮੈਂਬਰ ਪਾਰਲੀਮੈਂਟ ਰਾਜ ਸਭਾ ਸੰਤ ਬਲਬੀਰ ਸਿੰਘ ਸੀਚੇਵਾਲ ਦਾ ਫੁੱਲਾਂ ਦਾ ਗੁਲਦਸਤਾ ਭੇਂਟ ਕਰਕੇ ਸਵਾਗਤ ਕੀਤਾ।



ਇਸ ਮੁਲਾਕਾਤ ਦੋਰਾਨ ਮੈਂਬਰ ਪਾਰਲੀਮੈਂਟ ਰਾਜ ਸਭਾ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਸ। ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੇ ਆਦੇਸਾਂ ਅਨੁਸਾਰ ਅੱਜ ਉਨ੍ਹਾਂ ਦਾ ਦੋਰਾ ਜਿਲ੍ਹਾ ਪਠਾਨਕੋਟ ਵਿੱਚ ਸਥਿਤ ਰਣਜੀਤ ਸਾਗਰ ਡੈਂਮ ਅਤੇ ਆਸ ਪਾਸ ਦੇ ਖੇਤਰ ਦਾ ਜਾਇਜਾ ਲੈਣ ਲਈ ਹੈ। ਉਨ੍ਹਾ ਕਿਹਾ ਕਿ ਕੁਦਰਤ ਨੇ ਸਾਨੂੰ ਬਹੁਤ ਹੀ ਵਧੀਆ ਤੋਹਫਿਆਂ ਦੀ ਬਖ਼ਸੀਸ ਕੀਤੀ ਹੈ ਅਤੇ ਸਾਨੂੰ ਅਪਣੇ ਸਵਾਰਥ ਦੇ ਲਈ ਕੁਦਰਤ ਨਾਲ ਖਿਲਵਾੜ ਨਹੀਂ ਕਰਨਾ ਚਾਹੀਦਾ, ਉਨ੍ਹਾਂ ਕਿਹਾ ਕਿ ਅੱਜ ਅਗਰ ਵਾਤਾਵਰਣ ਹੈ ਤਾਂ ਅਸੀਂ ਇਸ ਧਰਤੀ ਤੇ ਜਿੰਦਾ ਹਾਂ, ਇਸ ਲਈ ਮਨੁੱਖੀ ਜੀਵਨ ਦੀ ਰੱਖਿਆ ਦੇ ਲਈ ਵਾਤਾਵਰਣ ਦੀ ਸੰਭਾਲ ਬਹੁਤ ਹੀ ਜਰੂਰੀ ਹੈ। ਉਨ੍ਹਾਂ ਕਿਹਾ ਕਿ ਸਾਡਾ ਸਿਰਫ ਇੱਕ ਹੀ ਉਪਰਾਲਾ ਹੈ ਕਿ ਲੋਕਾਂ ਤੱਕ ਪਹੁੰਚ ਬਣਾ ਕੇ ਲੋਕਾਂ ਨੂੰ ਇਹ ਸਮਝਾ ਸਕੀਏ ਕਿ ਅਗਰ ਅਸੀਂ ਅੱਜ ਕੁਦਰਤ ਨਾਲ ਖਿਲਵਾੜ ਕਰਦੇ ਹਾਂ ਤਾਂ ਕੱਲ ਨੂੰ ਸਾਨੂੰ ਇਸ ਦੇ ਮਾੜੇ ਪ੍ਰਭਾਵ ਵੀ ਝੱਲਣੇ ਪੈ ਸਕਦੇ ਹਨ। ਇਸ ਮੋਕੇ ਤੇ ਐਸ।ਐਸ।ਪੀ। ਪਠਾਨਕੋਟ ਸ੍ਰੀ ਹਰਕਮਲਪ੍ਰੀਤ ਸਿੰਘ ਖੱਖ ਵੱਲੋਂ ਜਿਲ੍ਹਾ ਪਠਾਨਕੋਟ ਦੇ ਬਾਰੇ ਵਿੱਚ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਜਿਕਰਯੋਗ ਹੈ ਕਿ ਮਾਣਯੋਗ ਮੈਂਬਰ ਪਾਰਲੀਮੈਂਟ ਰਾਜ ਸਭਾ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਰਣਜੀਤ ਸਾਗਰ ਡੈਮ ਅਤੇ ਸਾਹਪੁਰਕੰਡੀ ਬੇਰਾਜ ਪ੍ਰੋਜੈਕਟ ਡੈਮ ਦਾ ਵੀ ਦੋਰਾ ਕੀਤਾ ਗਿਆ।

## ਰੂਸੀ ਰਾਸ਼ਟਰਪਤੀ ਨੂੰ ਵੈਗਨਰ ਸਮੂਹ ਨਾਲ ਗੱਲਬਾਤ ਕਰਨ ਲਈ ਕਿਉਂ ਕੀਤਾ ਗਿਆ ਮਜਬੂਰ

**ਮਾਸਕੋ–** ਰਾਸ਼ਟਰਪਤੀ ਵਲਾਦੀਮੀਰ ਪੁਤਿਨ ਲਈ ਸਭ ਤੋਂ ਵੱਡਾ ਖ਼ਤਰਾ ਪੈਦਾ ਕਰਨ ਵਾਲੇ ਵੈਗਨਰ ਸਮੂਹ ਦੇ ਵਿਦਰੋਹ ਦੇ ਅੰਤ ਤੋਂ ਬਾਅਦ ਰੂਸ 'ਤੇ ਚੁੱਪੀ ਛਾ ਗਈ ਹੈ। ਬਗਾਵਤ ਦੀ ਅਗਵਾਈ ਕਰਨ ਵਾਲਾ ਵਿਅਕਤੀ ਹੁਣ ਸ਼ਾਂਤ ਹੋ ਗਿਆ ਹੈ। ਇਸ ਦੇ ਨਾਲ ਹੀ ਪੁਤਿਨ ਵੀ ਵਿਦਰੋਹ ਨੂੰ 'ਦੇਸ਼ਧ੍ਰੋਹ' ਕਹਿਣ ਅਤੇ ਬਾਗੀਆਂ ਨੂੰ 'ਕਠੋਰ' ਸਜ਼ਾ ਦੇਣ ਦੀ ਧਮਕੀ ਦੇਣ ਤੋਂ ਬਾਅਦ ਜਨਤਕ ਤੌਰ 'ਤੇ ਨਜ਼ਰ ਨਹੀਂ ਆਏ। ਦੁਨੀਆ ਨੇ ਦੇਖਿਆ ਕਿ ਵੈਗਨਰ ਗਰੁੱਪ ਦੇ ਲੜਾਕੂ, ਉਨ੍ਹਾਂ ਦੇ ਮੁਖੀ ਯੇਵਗੇਨੀ ਪ੍ਰਿਗੋਜਿਨ ਦੁਆਰਾ ਆਦੇਸ਼ ਦਿੱਤੇ ਗਏ, ਮਾਸਕੋ ਵੱਲ ਤੇਜ਼ੀ ਨਾਲ ਅੱਗੇ ਵਧੇ, ਪਰ ਅਚਾਨਕ ਹਮਲਾ ਕਰਨਾ ਬੰਦ ਕਰ ਦਿੱਤਾ ਅਤੇ ਵਾਪਸ ਯੂਕਰੇਨ ਵੱਲ ਵਾਪਸ ਚਲੇ ਗਏ। ਇਹ ਸਭ ਕਿਵੇਂ ਹੋਇਆ? ਵੈਗਨਰ ਗਰੁੱਪ ਦੇ ਲੜਾਕਿਆਂ ਦੇ ਪਿੱਛੇ ਹਟਣ ਨਾਲ ਅਮਰੀਕਾ ਅਤੇ ਯੂਰਪ ਵੀ ਹੈਰਾਨ ਹਨ। ਬਗਾਵਤ ਨੂੰ ਕੋਪੁਟਿਨ ਦੇ ਅਜਿੱਤ ਚਿੱਤਰ ਨੂੰ ਤਬਾਹ ਕਰਨ ਵਜੋਂ ਦੇਖਿਆ ਗਿਆ ਸੀ। ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਐਤਵਾਰ ਨੂੰ ਸੀਬੀਐਸ ਦੇ ਫੇਸ ਦਿ ਨੇਸ਼ਨ 'ਤੇ ਇੱਕ ਇੰਟਰਵਿਊ ਵਿੱਚ ਕਿਹਾ। ਵੈਗਨਰ ਗਰੁੱਪ ਦੀ ਬਗਾਵਤ ਪੁਤਿਨ ਦੇ ਅਧਿਕਾਰ ਲਈ ਸਿੱਧੀ ਚੁਣੌਤੀ ਹੈ ਅਤੇ ਡੂੰਘੇ ਸਵਾਲ ਖੜ੍ਹੇ ਕਰਦੀ ਹੈ। ਅਸੀਂ ਭਵਿੱਖਬਾਣੀ ਨਹੀਂ ਕਰ ਸਕਦੇ ਜਾਂ ਇਹ ਨਹੀਂ ਜਾਣ ਸਕਦੇ ਕਿ ਇਹ ਕਿੱਥੇ ਜਾ ਰਿਹਾ ਹੈ। ਅਸੀਂ ਜਾਣਦੇ ਹਾਂ ਕਿ ਪੁਤਿਨ ਕੋਲ ਆਉਣ ਵਾਲੇ ਹਫ਼ਤਿਆਂ ਅਤੇ ਮਹੀਨਿਆਂ ਵਿੱਚ ਜਵਾਬ ਦੇਣ ਲਈ ਬਹੁਤ ਕੁਝ ਹੈ। ਇਸ ਮਾਮਲੇ ਤੋਂ ਜਾਣੂ ਇਕ ਵਿਅਕਤੀ ਦੇ ਅਨੁਸਾਰ, ਅਮਰੀਕਾ ਨੂੰ ਕਈ ਦਿਨ ਪਹਿਲਾਂ ਖੁਫੀਆ ਜਾਣਕਾਰੀ ਮਿਲੀ ਸੀ ਕਿ ਪ੍ਰਿਗੋਜਿਨ ਰੂਸੀ ਰੱਖਿਆ ਅਧਿਕਾਰੀਆਂ ਦੇ ਖਿਲਾਫ ਹਥਿਆਰਬੰਦ ਕਾਰਵਾਈ ਦੀ ਸਾਜ਼ਿਸ਼ ਰਚ ਰਿਹਾ ਹੈ।

# ਸਿਆਟਲ ਵਿਚ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਸ਼ਹੀਦੀ ਦਿਵਸ ਮਨਾਇਆ




**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਗੁਰਦੁਆਰਾ ਸੱਚਾ ਮਾਰਗ ਐਬਰਨ ਵਿਚ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਸ਼ਹੀਦੀ ਦਿਵਸ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਗੁਰਦੁਆਰਾ ਸੱਚਾ ਮਾਰਗ ਵਿਚ ਹਫਤਾਵਾਰੀ ਧਾਰਮਿਕ ਦੀਵਾਨ ਸਜਾਏ ਗਏ, ਜਿੱਥੇ ਸੁਖਮਨੀ ਸਾਹਿਬ ਜ ਦੇ ਪਾਠ ਹੋਏ। ਗੁਰੂਘਰ ਦੇ ਕੀਰਤਨੀ ਜਥੇ ਭਾਈ ਕੁਲਵਿੰਦਰ ਸਿੰਘ, ਭਾਈ ਮੋਹਨ ਸਿੰਘ ਤੇ ਭਾਈ ਮਨਿੰਦਰ ਸਿੰਘ ਨੇ ਰਸਭਿੰਨਾ ਕੀਰਤਨ ਕਰਕੇ ਗੁਰੂ ਦਾ ਜੱਸ ਗਾਇਨ ਕੀਤਾ। ਇਸ ਤੋਂ ਬਾਅਦ ਭਾਈ ਗੁਰਬਚਨ ਸਿੰਘ ਦੇ ਕੀਰਤਨੀ ਹਥੇ ਨੇ ਕੀਰਤਨ ਕਰਕੇ ਹਾਜ਼ਰੀ ਲਗਵਾਈ।

ਸਟੇਜ ਤੋਂ ਹਰਸਿੰਦਰ ਸਿੰਘ ਸੰਧੂ ਤੇ ਬਾਬਾ ਬੰਦਾ ਸਿੰਘ ਬਹਾਦਰ ਦੀ ਕੁਰਬਾਨੀ ਬਾਰੇ ਵਿਸਥਾਰ ਸਹਿਤ ਚਾਨਣਾ ਪਾਇਆ। ਇਸ ਮੌਕੇ ਅਮਰੀਕ ਸਿੰਘ ਬੱਲ ਤੇ ਬੱਲ ਪਰਿਵਾਰ ਨੇ ਹਫਤਾਵਾਰੀ ਧਾਰਮਿਕ ਦੀਵਾਨ ਤੇ ਲੰਗਰਾ ਦੀ ਸੇਵਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਨਿਭਾਈ। ਅਖੀਰ ਵਿਚ ਭਾਈ ਜਰਨੈਲ ਸਿੰਘ ਗ੍ਰੰਥੀ ਸਿੰਘ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਅਮਰੀਕਾ ਦੇ ਕੰਸਾਸ ਸ਼ਹਿਰ ਵਿਚ ਹੋਈ ਗੋਲੀਬਾਰੀ ਕਾਰਨ 3 ਮੌਤਾਂ ਤੇ 5 ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਮਿਸੌਰੀ ਰਾਜ ਦੇ ਸ਼ਹਿਰ ਕੰਸਾਸ ਵਿਚ ਐਤਵਾਰ ਦੀ ਸਵੇਰ ਨੂੰ ਵਾਪਰੀ ਗੋਲੀਬਾਰੀ ਦੀ ਘਟਨਾ ਵਿਚ ਇਕ ਔਰਤ ਸਮੇਤ 3 ਲੋਕਾਂ ਦੇ ਮਾਰੇ ਜਾਣ ਤੇ 5 ਹੋਰਨਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਗੋਲੀਆਂ ਚੱਲਣ ਦੀ ਸੂਚਨਾ ਸਵੇਰੇ 4.30 ਵਜੇ ਮਿਲਣ 'ਤੇ ਪੁਲਿਸ ਅਫਸਰ ਮੌਕੇ ਉਪਰ ਪੁੱਜੇ। ਮੁੱਢਲੀ ਜਾਣਕਾਰੀ ਅਨੁਸਾਰ ਇਕ ਪਾਰਕਿੰਗ ਵਿਚ ਵੱਡੀ ਪੱਧਰ 'ਤੇ ਲੋਕ ਇਕੱਠੇ ਹੋਏ




ਸਨ। ਪੁਲਿਸ ਵੱਲੋਂ ਜਾਰੀ ਪ੍ਰੈਸ ਬਿਆਨ ਵਿਚ ਕਿਹਾ ਗਿਆ ਹੈ ਕਿ 2 ਮਰਦ ਤੇ ਇਕ ਔਰਤ ਮੌਕੇ ਉਪਰ ਹੀ ਦਮ ਤੋੜ ਚੁੱਕੇ ਸਨ ਜਦ ਕਿ 5 ਜ਼ਖਮੀ ਖੁਦ ਹੀ ਵੱਖ ਵੱਖ ਹਸਪਤਾਲਾਂ ਵਿਚ ਪੁੱਜ ਗਏ ਸਨ ਜਿਨਾਂ ਦੀ ਹਾਲਤ ਖਤਰੇ ਤੋਂ ਬਾਹਰ ਹੈ। ਪੁਲਿਸ ਨੇ ਕਿਹਾ ਹੈ ਕਿ ਅਜੇ ਤੱਕ ਕਿਸੇ ਵੀ ਸ਼ੱਕੀ ਨੂੰ ਹਿਰਾਸਤ ਵਿਚ ਨਹੀਂ ਲਿਆ ਹੈ ਪਰੰਤੂ ਪੁਲਿਸ ਨੂੰ ਵਿਸ਼ਵਾਸ਼ ਹੈ ਕਿ ਉਸ ਨੂੰ ਬਹੁਤ ਸਾਰੇ ਅਜਿਹੇ ਗਵਾਹ ਮਿਲ ਜਾਣਗੇ ਜਿਨਾਂ ਕੋਲੋਂ ਗੋਲੀਬਾਰੀ ਦੀ ਘਟਨਾ ਸਬੰਧੀ ਅਹਿਮ ਜਾਣਕਾਰੀ ਮਿਲ ਸਕਦੀ ਹੈ।

# ਪੰਜਾਬ ਦੇ ਚਾਰ ਏਡਿਡ ਪੋਲੀਟੈਕਨਿਕ ਕਾਲਜਾਂ ਦੇ ਪ੍ਰਿੰਸੀਪਲਾਂ ਨੇ ਵਿੱਤ ਮੰਤਰੀ ਹਰਪਾਲ ਚੀਮਾ ਨਾਲ ਕੀਤੀ ਮੁਲਾਕਾਤ

## ਪ੍ਰਮੁੱਖਤਾ ਨਾਲ ਚੁੱਕੀ 6ਵਾਂ ਤਨਖਾਹ ਸਕੇਲ ਲਾਗੂ ਕਰਨ ਦੀ ਮੰਗ



**ਫਗਵਾੜਾ 27 ਜੂਨ (ਬੀਕੇ ਰੱਤੂ)** ਡਾਇਰੈਕਟਰ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਪੰਜਾਬ ਦੇ ਸੱਦੇ 'ਤੇ ਪੰਜਾਬ ਦੇ ਚਾਰ ਪ੍ਰਮੁੱਖ ਸਰਕਾਰੀ ਸਹਾਇਤਾ ਪ੍ਰਾਪਤ ਕਾਲਜਾਂ ਦੇ ਪ੍ਰਿੰਸੀਪਲਾਂ ਨੇ ਮਨਪ੍ਰੀਤ ਕੌਰ ਭੋਗਲ ਚੇਅਰਪਰਸਨ ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਫਗਵਾੜਾ ਦੀ ਅਗਵਾਈ ਹੇਠ ਵਿੱਤ ਮੰਤਰੀ ਪੰਜਾਬ ਹਰਪਾਲ ਚੀਮਾ ਨਾਲ ਉਨ੍ਹਾਂ ਦੇ ਦਫਤਰ ਚੰਡੀਗੜ੍ਹ ਵਿਖੇ ਮੁਲਾਕਾਤ ਕੀਤੀ। ਵਿੱਤ ਮੰਤਰੀ ਨਾਲ ਮੁਲਾਕਾਤ ਕਰਨ ਵਾਲਿਆਂ ਵਿੱਚ ਰਾਮਗੜ੍ਹੀਆ ਪੋਲੀਟੈਕਨਿਕ ਕਾਲਜ ਫਗਵਾੜਾ ਦੇ ਪ੍ਰਿੰਸੀਪਲ ਜਸਬੀਰ ਸਿੰਘ, ਮੇਹਰ ਚੰਦ ਪੋਲੀਟੈਕਨਿਕ ਕਾਲਜ ਜਲੰਧਰ ਦੇ ਪ੍ਰਿੰਸੀਪਲ ਜਗਰੂਪ ਸਿੰਘ, ਗੁਰੂ ਨਾਨਕ ਦੇਵ ਪਾਲੀਟੈਕਨਿਕ ਕਾਲਜ ਲੁਧਿਆਣਾ ਦੇ ਪ੍ਰਿੰਸੀਪਲ ਸਰਬਜੀਤ ਕੌਰ ਅਤੇ ਥਾਪਰ ਪੋਲੀਟੈਕਨਿਕ ਕਾਲਜ ਪਟਿਆਲਾ ਤੋਂ ਪ੍ਰਿੰਸੀਪਲ ਅੰਕੁਸ਼ ਕਾਂਸਲ ਸ਼ਾਮਲ ਸਨ। ਮੀਟਿੰਗ ਦੌਰਾਨ ਛੇਵੇਂ ਤਨਖਾਹ ਸਕੇਲ ਨੂੰ ਲਾਗੂ ਕਰਨ, ਠੇਕੇ ਦੀਆਂ ਅਸਾਮੀਆਂ ਨੂੰ ਮਨਜ਼ੂਰੀ ਦੇਣ ਅਤੇ ਵਾਧੂ ਖਾਲੀ ਪਈਆਂ ਟੀਚਿੰਗ ਅਤੇ ਨਾਨ-ਟੀਚਿੰਗ ਅਸਾਮੀਆਂ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ। ਮੀਟਿੰਗ ਸਬੰਧੀ ਜਾਣਕਾਰੀ ਦਿੰਦਿਆਂ ਸ੍ਰੀਮਤੀ ਮਨਪ੍ਰੀਤ ਕੌਰ ਭੋਗਲ ਨੇ ਦੱਸਿਆ ਕਿ ਮੀਟਿੰਗ ਬਹੁਤ ਹੀ ਸਦਭਾਵਨਾ ਵਾਲੇ ਮਾਹੌਲ ਵਿੱਚ ਹੋਈ ਅਤੇ ਵਿੱਤ ਮੰਤਰੀ ਹਰਪਾਲ ਚੀਮਾ ਨੇ ਉਨ੍ਹਾਂ ਦੀਆਂ ਸਾਰੀਆਂ ਮੰਗਾਂ ਨੂੰ ਗੰਭੀਰਤਾ ਨਾਲ ਵਿਚਾਰ ਕਰਕੇ ਮੰਨਣ ਦਾ ਭਰੋਸਾ ਦਿੱਤਾ ਹੈ। ਮੀਟਿੰਗ ਦੌਰਾਨ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਦੇ ਡਾਇਰੈਕਟਰ ਸਮੇਤ ਹੋਰ ਅਧਿਕਾਰੀ ਵੀ ਹਾਜ਼ਰ ਸਨ।

NSB Insurance
NIRMAL SINGH BADHAN
for Insurance Call:
NIRMAL SINGH BADHAN
707-228-2020
HEALTH INSURANCE
RETIREMENT
LIFE INSURANCE
COLLEGE PLANNING
LONG TERM CARE INS
AUTO * HOME
FUNERAL EXPENSE
BUSINESS
Call: 707-228-2020,
Fax: 707-260-2813
Lic #0144676
www.nsbinsures.com
1519 Gary CT., Rohnert Park, CA 94928



RE/MAX® Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834



ਦੇਸ਼ ਦੁਆਬਾ

# ਯੂਨੀਫਾਰਮ ਸਿਵਲ ਕੋਡ

ਅਮਰੀਕਾ ਦੌਰੇ ਤੋਂ ਪਰਤਣ ਦੇ ਬਾਅਦ ਆਪਣੇ ਪਹਿਲੇ ਜਨਤਕ ਸੰਬੋਧਨ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤ ਵਿਚ ਕਾਫੀ ਦਿਨਾਂ ਤੋਂ ਚਰਚਾ ਦਾ ਕੇਂਦਰ ਬਣਦੇ ਆ ਰਹੇ ਯੂਨੀਫਾਰਮ ਸਿਵਲ ਕੋਡ ’ਤੇ ਬਿਆਨ ਦੇ ਕੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਸਰਕਾਰ ਇਸ ਦਿਸ਼ਾ ਵਿਚ ਤੇਜ਼ੀ ਨਾਲ ਕੰਮ ਕਰ ਰਹੀ ਹੈ ਅਤੇ ਸੰਭਵ ਹੈ ਕਿ ਇਹ 2024 ਦੀਆਂ ਚੋਣਾਂ ਤੋਂ ਪਹਿਲਾਂ ਹੀ ਪਾਰਲੀਮੈਂਟ ਵਿਚ ਪੇਸ਼ ਕਰ ਦਿੱਤਾ ਜਾਵੇ।ਇਸ ਨਵੇਂ ਕਾਨੂੰਨ ਦਾ ਜ਼ਿਆਦਾਤਰ ਵਿਰੋਧ ਮੁਸਲਿਮ ਵਰਗ ਦੇ ਮੋਲਵੀ ਜਾਂ ਕਹਿ ਲਈ ਧਾਰਮਿਕ ਲੀਡਰ ਅਤੇ ਕੁਝ ਸਿਆਸੀ ਲੀਡਰ ਕਰ ਰਹੇ ਹਨ, ਜਦਕਿ ਹੇਠਲੇ ਪੱਧਰ ਤੇ ਅਜਿਹੀ ਕੋਈ ਪ੍ਰਤੀਕਿਰਿਆ ਫਿਲਹਾਲ ਸਾਹਮਣੇ ਨਹੀਂ ਆ ਰਹੀ, ਜਦਕਿ ਸਿਆਸੀ ਪਾਰਟੀਆਂ ਵਿਚ ਵੀ ਅਜਿਹੀ ਕੋਈ ਪਾਰਟੀ ਸਾਹਮਣੇ ਨਹੀਂ ਆਈ, ਜਿਹੜੇ ਖੁੱਲ੍ਹਕੇ ਇਸ ਦੇ ਵਿਰੋਧ ਵਿਚ ਖੜ੍ਹੀ ਹੋ ਗਈ ਹੋਵੇ, ਹਾਲਾਂਕਿ ਅਗਲੇਰੇ ਦਿਨਾਂ ਵਿਚ ਭਾਰਤ ਵਿਚ ਚੋਣਾਂ ਹੋਣੀਆਂ ਹਨ, ਜਿਸ ਦੇ ਮੱਦੇਨਜ਼ਰ ਫਿਲਹਾਲ ਕੋਈ ਪਾਰਟੀ ਇਸ ਦੇ ਪਾਲੇ ਵਿਚ ਖੁੱਲ੍ਹ ਕੇ ਖੜ੍ਹੀ ਦਿਖਾਈ ਨਹੀਂ ਦੇਵੇਗੀ।

ਇਹ ਹੈ ਕੀ, ਕੀ ਇਹ ਆਰ. ਐਸ. ਐਸ. ਦਾ ਏਜੰਡਾ ਹੈ ਜਾਂ ਭਾਜਪਾ ਦਾ। ਭਾਜਪਾ ਨੇ ਤਾਂ 2019 ਦੀਆਂ ਚੋਣਾਂ ਵਿਚ ਆਪਣੇ ਮੈਨੀਫੈਸਟੋ ਵਿਚ ਇਸ ਨੂੰ ਸ਼ਾਮਲ ਕੀਤਾ ਸੀ, ਜਦਕਿ ਕਾਂਗਰਸ ਅਣਅਧਿਕਾਰਿਤ ਤੌਰ ਤੇ ਇਸ ਨੂੰ ਮੁਸਲਿਮ ਵਿਰੋਧੀ ਦੱਸ ਰਹੀ ਹੈ। ਅਸਲ ਵਿਚ ਇਹ ਭਾਜਪਾ ਜਾਂ ਆਰ. ਐਸ. ਐਸ. ਦਾ ਏਜੰਡਾ ਨਹੀਂ ਬਲਕਿ ਇਸ ਦੀ ਬੁਨਿਆਦ 1950 ਵਿਚ ਉਸ ਵਕਤ ਰੱਖੀ ਗਈ ਸੀ, ਜਦੋਂ ਭਾਰਤ ਵਿਚ ਅਪਰਾਧਿਕ ਮਾਮਲਿਆਂ ਵਿਚ ਆਈ. ਪੀ. ਸੀ. ਵਾਂਗ ਹੀ ਸਿਵਲ ਮਾਮਲਿਆਂ ਵਿਚ ਇਕਸਮਾਨ ਕਾਨੂੰਨ ਲਿਆਉਣ ਦਾ ਪ੍ਰਸਤਾਵ ਆਇਆ ਸੀ। ਉਸ ਵਕਤ ਜਵਾਹਰ ਲਾਲ ਨਹਿਰੂ ਇਸ ਤੋਂ ਪਿੱਛੇ ਹਟ ਗਏ, ਜਦਕਿ ਡਾ. ਰਾਜਿੰਦਰ ਪ੍ਰਸਾਦ, ਡਾ. ਅੰਬੇਡਕਰ ਅਤੇ ਹੋਰ ਕਈ ਅਹਿਮ ਲੀਡਰ ਇਸ ਨੂੰ ਲਾਗੂ ਕਰਵਾਉਣਾ ਚਾਹੁੰਦੇ ਸਨ। ਕੋਈ ਸਹਿਮਤੀ ਨਾ ਬਣਦੀ ਦੇਖ ਕੇ ਇਸ ਨੂੰ ਸੰਵਿਧਾਨ ਦੇ ਨੀਤੀ ਨਿਰਦੇਸ਼ਕ ਤੱਤਾਂ ਵਿਚ ਸ਼ਾਮਲ ਕਰ ਲਿਆ ਗਿਆ ਅਤੇ ਹਿੰਦੂ, ਸਿੱਖ, ਬੋਧੀ, ਜੈਨੀ ਭਾਈਚਾਰੇ ਲਈ ਇਕਸਮਾਨ ਸਿਵਲ ਕੋਡ 1955 ਵਿਚ ਲਿਆਂਦਾ, ਜਦਕਿ ਮੁਸਲਮਾਨਾਂ ਦਾ ਪੁਰਾਣਾ ਅੰਗਰੇਜ਼ਾਂ ਦਾ ਬਣਾਇਆ ਸਿਵਲ ਕਾਨੂੰਨ ਚਲਦਾ ਰਿਹਾ। ਪਾਰਸੀ, ਯਹੂਦੀ, ਇਸਾਈਆਂ ਲਈ ਵੀ ਆਪੋ-ਆਪਣੇ ਸਿਵਲ ਕੋਡ ਲਿਆਂਦੇ, ਜਿਹੜੇ ਹੁਣ ਤੱਕ ਲਾਗੂ ਹਨ। ਇਹ ਚਰਚਾ ਉਦੋਂ ਤੋਂ ਹੀ ਚਲਦੀ ਆ ਰਹੀ ਹੈ ਪਰ ਕੁਝ ਸਾਲ ਪਹਿਲਾਂ ਭਾਰਤ ਦੀ ਸੁਪਰੀਮ ਕੋਰਟ ਨੇ ਵੀ ਕੇਂਦਰ ਸਰਕਾਰ ਨੂੰ ਨਿਰਦੇਸ਼ ਜਾਰੀ ਕੀਤੇ ਕਿ ਸਾਰੇ ਮੁਲਕ ਦਾ ਇਕ ਸਿਵਲ ਕੋਡ ਲਾਗੂ ਕੀਤਾ ਜਾਵੇ। ਹੁਣ ਮੋਦੀ ਸਰਕਾਰ ਨੇ ਜੇਕਰ ਇਸ ਉਤੇ ਪਹਿਲ ਕੀਤੀ ਹੈ ਤਾਂ ਚਰਚਾ ਹੋਣੀ ਸੁਭਾਵਿਕ ਹੈ। ਇਹ ਕਾਨੂੰਨ ਯਹੂਦੀ, ਇਸਾਈ, ਪਾਰਸੀ ਆਦਿ ਭਾਈਚਾਰਿਆਂ ਨੂੰ ਜ਼ਿਆਦਾ ਪ੍ਰਭਾਵਿਤ ਨਹੀਂ ਕਰਦਾ ਕਿਉਂਕਿ ਉਹਨਾਂ ਦਾ ਸਿਵਲ ਕੋਡ ਹਿੰਦੂ ਸਿਵਲ ਕੋਡ ਨਾਲ ਲੱਗਭੱਗ ਮੇਲ ਖਾਂਦਾ ਹੈ। ਰਹੀ ਗੱਲ ਮੁਸਲਮਾਨਾਂ ਦੀ, ਇਸ ਭਾਈਚਾਰੇ ਵਿਚ ਸਿਰਫ ਤੇ ਸਿਰਫ ਭਾਰਤੀ ਹੀ ਇਹ ਮੁਲਕ ਬਚਿਆ ਹੈ, ਜਿੱਥੇ ਪੁਰਾਣੀਆਂ ਪ੍ਰਥਾਵਾਂ ਚੱਲ ਰਹੀਆਂ ਹਨ। ਅਮਰੀਕਾ, ਕੈਨੇਡਾ, ਇੰਗਲੈਂਡ, ਸਾਰਾ ਯੂਰਪ, ਅਫਰੀਕੀ ਮੁਲਕ, ਕੇਂਦਰੀ ਏਸ਼ੀਅਨ ਮੁਲਕ, ਮਲੇਸ਼ੀਆ, ਇੰਡੋਨੇਸ਼ੀਆ ਵਰਗੇ ਮੁਲਕਾਂ ਨੇ ਯੂਨੀਫਾਰਮ ਸਿਵਲ ਕੋਡ ਲਾਗੂ ਕਰ ਦਿੱਤਾ ਹੈ, ਜਦਕਿ ਅਰਬ ਮੁਲਕਾਂ ਵਿਚ ਸਾਊਦੀ ਅਰਬ ਇਸ ਪਾਸੇ ਤੇਜ਼ੀ ਨਾਲ ਵੱਧ ਰਿਹਾ ਹੈ। ਇਰਾਨ ਵਿਚ ਸਿਵਲ ਕੋਡ ਲਾਗੂ ਸੀ, ਜੋ ਉਥੇ ਮੁਸਲਿਮ ਸਰਕਾਰ ਆਉਣ ਕਾਰਨ ਰੋਕ ਦਿੱਤਾ, ਜਦਕਿ ਬਾਕੀ ਅਰਬ ਮੁਲਕਾਂ ਵਿਚ ਕੱਟੜ ਇਸਲਾਮੀ ਰਵਾਇਤਾਂ ਨੂੰ ਤਿਲਾਂਜਲੀ ਦੇ ਦਿੱਤੀ ਗਈ ਹੈ। ਭਾਰਤੀ ਮੁਸਲਮਾਨਾਂ ਤੇ ਇਸ ਦਾ ਅਸਰ ਇਹ ਪਵੇਗਾ ਕਿ ਉਹ ਚਾਰ ਵਿਆਹ ਨਹੀਂ ਕਰਵਾ ਸਕਣਗੇ, ਤਿੰਨ ਤਲਾਕ ਨਹੀਂ ਦੇ ਸਕਣਗੇ, ਔਰਤ ਨੂੰ ਗੁਜ਼ਾਰੇ ਭੱਤੇ ਦਾ ਹੱਕ ਮਿਲੇਗਾ, ਬੱਚਾ ਗੋਦ ਲੈਣ ਦਾ ਹੱਕ ਮਿਲੇਗਾ, ਪਰਿਵਾਰਕ ਜ਼ਮੀਨ ਵਿਚ ਬਰਾਬਰ ਦਾ ਹੱਕ ਮਿਲੇਗਾ, ਮੁਸਲਿਮ ਔਰਤ ਨੂੰ ਸਮਾਜ ਵਿਚ ਬਰਾਬਰੀ ਮਿਲੇਗੀ ਅਤੇ ਵਿਆਹ ਦੀ ਉਮਰ ਵੀ ਸੰਭਵ ਹੈ ਬਾਕੀ ਸਮਾਜ ਵਾਂਗ 18 ਸਾਲ ਕਰ ਦਿੱਤੀ ਜਾਵੇ। ਹੁਣ ਇਹ ਕਾਨੂੰਨ ਕਦੋਂ ਲਿਆਂਦਾ ਜਾਂਦਾ ਹੈ, ਇਹ ਤਾਂ ਅਗਲੇਰੇ ਦਿਨਾਂ ਵਿਚ ਦੇਖਣ ਵਾਲੀ ਗੱਲ ਹੋਵੇਗੀ ਪਰ ਇਸ ਨੂੰ ਲੈ ਕੇ ਮੁਸਲਿਮ ਸਮਾਜ ਆਪਸ ਵਿਚ ਵੰਡਿਆ ਜ਼ਰੂਰ ਗਿਆ ਹੈ। ਮੁਸਲਿਮ ਔਰਤਾਂ ਇਸ ਦੇ ਪੱਖ ਵਿਚ ਹਨ, ਮਰਦ ਵਿਰੋਧ ਵਿਚ। ਪਰਮਾਂਦਾ ਅਤੇ ਅਸ਼ਰਾਫ ਮੁਸਲਮਾਨਾਂ ਦੇ ਦੋ ਵਰਗ ਬਣ ਗਏ ਹਨ। ਪਰਮਾਂਦਾ ਮੋਦੀ ਸਰਕਾਰ ਵੱਲ ਝੁਕਦਾ ਨਜ਼ਰ ਆ ਰਿਹਾ ਹੈ ਅਤੇ ਅਸ਼ਰਾਫ ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ ਵੱਲ।

# ਪੰਜਾਬ ਸਰਕਾਰ ਨੂੰ ਦਲਿਤਾਂ ਦੇ ਕੁੱਝ ਸਵਾਲ



S R LADHAR IAS( R)
33/77 Mohali
srladharias@gmail.com
94175 00610

ਬੇਰੁਜ਼ਗਾਰੀ ਨੇ ਸਵਰਨ ਜਾਤੀ ਲੋਕਾਂ ਨੂੰ ਬੋਗਸ ਜਾਤੀ ਸਰਟੀਫਿਕੇਟ ਬਣਾ ਕੇ ਕਾਲਜ/ਯੂਨੀਵਰਸਿਟੀ ਵਿੱਚ ਦਾਖਲੇ ਅਤੇ ਨੌਕਰੀਆਂ ਲੈਣ ਲਈ ਮਜਬੂਰ ਕਰ ਦਿੱਤਾ ਹੈ। ਅੱਜ-ਕੱਲ ਕਈ ਲੋਕਾਂ ਨੇ ਬੋਗਸ ਸਰਟੀਫਿਕੇਟਾਂ ਖ਼ਿਲਾਫ਼ ਮੋਰਚਾ ਖੋਲ ਕੇ, ਬਲੈਕਮੇਲਿੰਗ ਦਾ ਧੰਦਾ ਬਣਾ ਲਿਆ ਹੈ। ਸਰਕਾਰੀ ਮਹਿਕਮੇ ਦੇ ਅਫਸਰ ਤੇ ਕੁੱਝ ਸੁਪਰਡੰਟ ਲੈਵਲ ਦੇ ਕਰਮਚਾਰੀ ਵੀ ਨਾਲ ਮਿਲ ਗਏ ਹਨ। ਬੋਗਸ ਸਰਟੀਫਿਕੇਟਾਂ ਤੇ ਦਾਖਲੇ ਤੇ ਨੌਕਰੀਆਂ ਲੈ ਕੇ ਕਈ ਤਾਂ ਸੇਵਾ-ਮੁਕਤ ਵੀ ਹੋ ਗਏ ਹਨ। ਕਈ ਹਾਲੇ ਵੀ ਨੌਕਰੀ ਵਿੱਚ ਹਨ। ਸ਼ਿਕਾਇਤਾਂ ਤੇ ਕਈ ਸਾਲ ਕਾਰਵਾਈ ਪੈਂਡਿੰਗ ਪਈ ਰਹਿੰਦੀ ਹੈ। ਸੁਪਰੀਮ ਕੋਰਟ ਦੇ ਹੁਕਮਾਂ ਤਹਿਤ ਵਿਜੀਲੈਂਸ ਕਮੇਟੀ ਨੇ ਪੜਤਾਲ ਕਰ ਕੇ ਕੇਸ ਸਕਰੂਟਨੀ ਕਮੇਟੀ ਕੋਲ ਫ਼ੈਸਲੇ ਲਈ ਪੇਸ਼ ਕਰਨਾ ਹੁੰਦਾ ਹੈ ਪਰ ਸਾਲਾਂ ਬੱਧੀ ਇਹ ਕੇਸ ਲਮਕਦੇ ਰਹਿੰਦੇ ਹਨ। ਕਈ ਵਾਰ ਸ਼ਿਕਾਇਤ ਕਰਤਾ ਸ਼ਿਕਾਇਤ ਵਾਪਸ ਲੈ ਲੈਂਦੇ ਹਨ , ਕਈ ਵਾਰ ਪਿੱਛੇ ਹਟ ਜਾਂਦੇ ਹਨ, ਕਈ ਵਾਰ ਸੀਨੀਅਰ ਅਧਿਕਾਰੀ ਚਾਂਦੀ ਦੀ ਜੁੱਤੀ ਖਾ ਕੇ ਕੇਸ ਦਾਖਲ ਦਫਤਰ ਕਰ ਦਿੰਦੇ ਹਨ।

ਜਿਹੜੇ ਜਨਰਲ ਵਰਗ ਦੇ ਲੋਕ ਆਦਤਨ ਜਾਹਲੀ ਸਰਟੀਫਿਕੇਟ ਬਣਾਉਣ ਵਿੱਚ ਮਹਾਰਤ ਹਾਸਲ ਕਰ ਚੁੱਕੇ ਹਨ ਉਹ ਬੱਚਿਆਂ ਦੇ ਸਕੂਲ ਰਿਕਾਰਡ ਵਿੱਚ ਵੀ ਅਜਿਹੀ ਅਨੁਸੂਚਿਤ ਜਾਤੀ ਲਿਖਵਾਉਂਦੇ ਹਨ ਤਾਂ ਜੋ ਅੱਗੇ ਜਾ ਕੇ ਅ ਜਾਤੀ ਸਰਟੀਫਿਕੇਟ ਲੈਣ ਵਿੱਚ ਕੋਈ ਦਿੱਕਤ ਨਾ ਆਵੇ। ਸ਼ਿਕਾਇਤ ਹੋਣ ਤੇ ਇਹ ਲੋਕ ਹਰ ਹਰਬਾ ਵਰਤਦੇ ਹਨ, ਇੱਥੋਂ ਤੱਕ ਕੇ ਅਫਸਰਾਂ ਦੇ ਦਫ਼ਤਰਾਂ ਮੂਹਰੇ ਧਰਨੇ ਵੀ ਦਿੰਦੇ ਹਨ, ਅਕਸਰ ਜਨਰਲ ਕੈਟਾਗਰੀ ਅਫਸਰ ਇਹਨਾਂ ਧਰਨਾਕਾਰੀਆ ਬੋਗਸ ਜਾਤੀ ਸਪੋਰਟਰਾਂ ਨਾਲ ਹਮਦਰਦੀ ਕਰਦੇ ਦੇਖੇ ਗਏ ਹਨ। ਪੰਜਾਬ ਸਰਕਾਰ ਦਲਿਤਾਂ ਨੂੰ ਉਹਨਾਂ ਦੇ ਸੰਵਿਧਾਨਿਕ ਹੱਕ ਦੇਣਾ ਹੀ ਨਹੀਂ ਚਹੁੰਦੀ।ਸੰਨ 1975 ਵਿੱਚ ਅ. ਜਾਤੀਆਂ ਲਈ 25% ਰਾਖਵਾਂਕਰਣ ਦਿੱਤਾ ਗਿਆ ਸੀ।ਉ ਅਤੇ ਫ ਦੀਆਂ ਸੀਟਾਂ ਕ੍ਰਮਵਾਰ 29ਤੋਂ ਵਧਾ ਕੇ 34 ਅਤੇ 3 ਤੋਂ ਵਧਾ ਕੇ 4 ਕ੍ਰਮਵਾਰ ਕਰ ਦਿੱਤੀਆਂ ਹਨ ਪਰ ਦਾਖਲੇ ਅਤੇ ਨੌਕਰੀਆਂ ਵਿੱਚ ਉਹੀ 25% ਰਾਖਵਾਂਕਰਣ ਪਿਛਲੇ 47 ਸਾਲ ਤੋਂ ਫਿਕਸ ਹੈ। ਜਦੋਂ ਕਿ ਅੱਜ ਵੱਸੋਂ ਦਲਿਤਾਂ ਦੀ 32% ਤੋਂ ਵੀ ਜ਼ਿਆਦਾ ਹੈ। ਫਿਰ ਦਲਿਤ ਅਫਸਰ ਤੇ ਦਲਿਤ ਮੰਤਰੀ ਤੇ ਐਮ ਐਲ ਏਜ ਕੀ ਕਰ ਰਹੇ ਹਨ?

ਪ੍ਰੈਸ ਕੀ ਕਰ ਰਹੀ ਹੈ ?

ਮੀਡੀਆ ਕੀ ਕਰ ਰਿਹਾ ਹੈ?

ਪੰਜਾਬ ਸਰਕਾਰ ਦੇ ਸਾਰੇ ਮੁੱਖ ਮੰਤਰੀ ਇਕ ਵਰਗ ਵਿਸ਼ੇਸ਼ ਨਾਲ ਸਬੰਧਤ ਰਹੇ ਹਨ। ਇਸ ਲਈ ਉਹਨਾਂ ਨੇ ਕਦੇ ਵੀ ਅਨੁਸੂਚਿਤ ਜਾਤੀ ਦੇ ਸੰਵਿਧਾਨਿਕ ਹੱਕ ਨਹੀਂ ਦਿੱਤੇ।

1. ਖੇਤੀ-ਬਾੜੀ ਯੂਨੀਵਰਸਿਟੀ ਅਤੇ ਗਡਵਾਸੂ ਯੂਨੀਵਰਸਿਟੀ ਵਿੱਚ ਟੀਚਿੰਗ ਸਟਾਫ਼ ਲਈ ਜੀਰੋ ਰਾਖਵਾਂਕਰਣ ਹੈ
2. ਕਲਾਸ ਇੱਕ ਅਤੇ ਕਲਾਸ ਦੋ ਲਈ ਅ. ਜਾਤੀ ਮੁਲਾਜ਼ਮਾਂ ਦੀਆਂ ਤਰੱਕੀਆਂ ਵਿੱਚ ਕ੍ਰਮਵਾਰ ਰਾਖਵਾਂਕਰਣ 14% ਅਤੇ 20% ਹੈ? ਕਿਉਂ? ਪੰਝੀ ਪ੍ਰਤੀਸ਼ਤ ਕਿਉਂ ਨਹੀਂ?
3. 32% ਵੱਸੋਂ ਨੂੰ 25% ਰਾਖਵਾਂਕਰਣ ਕਿਉਂ? ਜਦੋ ਕਿ ਦੇਸ਼ ਦਾ ਸੰਵਿਧਾਨ ਵੱਸੋਂ ਮੁਤਾਬਕ ਰਾਖਵਾਂਕਰਣ ਦੇਣ ਦੀ ਵਕਾਲਤ ਕਰਦਾ ਹੈ। ਪੱਛੜੀਆਂ ਸ਼੍ਰੇਣੀਆਂ ਦਾ ਬਣਦਾ ਹੱਕ 27.5% ਰਾਖਵਾਂਕਰਣ ਕਿਉਂ ਨਹੀਂ?
4. ਐਸ ਸੀ ਕਮਿਸ਼ਨ ਦੇ ਚੇਅਰਮੈਨ ਦਾ ਔਹਦਾ ਦੋ ਸਾਲ ਤੋਂ ਖਾਲੀ ਕਿਉਂ ਹੈ?
5. ਪੰਜਾਬ ਐਸ ਸੀ ਕਮਿਸ਼ਨ ਦੇ ਮੈਂਬਰਾਂ ਦੀ ਗਿਣਤੀ 15 ਤੋਂ ਘਟਾ ਕੇ 5 ਕਿਉਂ ਕਰ ਦਿੱਤੀ?
6. ਦੇਸ਼ ਦੇ ਸੰਵਿਧਾਨ ਦੀ 85ਵੀ ਸੋਧ ਪੰਜਾਬ ਲਾਗੂ ਕਿਉਂ ਨਹੀਂ ਕਰ ਰਿਹਾ?
7. ਅੱਜ ਕੱਲ ਮੁੱਖ ਮੰਤਰੀ ਜੀ ਠੇਕੇ ਵਾਲੇ ਮੁਲਾਜ਼ਮਾਂ ਨੂੰ ਪੱਕਿਆਂ ਕਰਨ ਦੇ ਬਿਆਨ ਠੋਕ ਰਹੇ ਨੇ, ਰਾਖਵਾਂਕਰਣ ਦਾ ਕੀ ਬਣੇਗਾ? ਕੀ ਸਰਕਾਰ ਬਣਦਾ ਰਾਖਵਾਂਕਰਣ ਯਕੀਨੀ ਬਣਾਏਗੀ ? ਪਹਿਲਾ ਵੀ 25000 ਤੋਂ ਵੱਧ ਬੈਕਲਾਗ ਸਰਕਾਰੀ ਦਫ਼ਤਰਾਂ ਵਿੱਚ ਪੰਜਾਬ ਸਰਕਾਰ ਵੱਲੋਂ ਨਹੀਂ ਭਰਿਆ ਗਿਆ। ਠੇਕੇ ਤੇ ਭਰਤੀ ਮੁਲਾਜ਼ਮਾਂ ਨੂੰ ਪੱਕਿਆਂ ਕਰਨ ਨਾਲ ਹੋਰ ਚਾਰ ਤੋਂ ਪੰਜ ਹਜ਼ਾਰ ਬੈਕਲਾਗ ਪੈਦਾ ਹੋ ਜਾਵੇਗਾ।
8. ਜੁਡੀਸ਼ੀਅਲ ਅਫਸਰਾਂ ਦੀ ਭਰਤੀ ਵੇਲੇ ਲਾਅ ਦੀ ਡਿਗਰੀ ਪਾਸ ਕਰ ਲੈਣ ਉਪਰੰਤ ਟੈਸਟ ਪਾਸ ਕਰਨਾ ਪੈਂਦਾਂ ਹੈ। ਟੈਸਟ ਤਾਂ ਸੈਂਟਰ ਸਰਕਾਰ ਦਾ ਫੰਛ ਵੀ ਲੈਂਦਾਂ ਹੈ ਪਰ ਉਹ ਪਾਸ ਪ੍ਰਤੀਸ਼ਤ ਨੀਯਤ ਨਹੀਂ ਕਰਦਾ। ਐਸ ਸੀ ਉਮੀਦਵਾਰਾਂ ਨੂੰ ਰੇਸ ਚੋਂ ਬਾਹਰ ਕਰਨ ਲਈ ਪਹਿਲਾਂ ਉਹਨਾਂ ਨੂੰ ਇੰਟਰਵਿਊ ਵਿੱਚ ਘੱਟ ਨੰਬਰ ਦਿੱਤੇ ਜਾਂਦੇ ਹਨ , ਫਿਰ ਅਯੋਗ ਕਰਾਰ ਦੇ ਕੇ ਨਿਯੁਕਤੀ ਤੋਂ ਮਹਿਰੂਮ ਕਰ ਦਿੱਤਾ ਜਾਂਦਾ ਹੈ। ਜੁਡੀਸ਼ਰੀ ਵਿੱਚ ਬੈਕਲਾਗ ਕਿਉਂ ?
9. ਫ਼ੌਜ ਵਿੱਚ ਰਾਖਵਾਂਕਰਣ ਪਹਿਲਾਂ ਹੀ ਨਹੀਂ ਹੈ? ਅੰਗਰੇਜ਼ਾਂ ਵੇਲੇ ਚਮਾਰ ਰੈਜੀਮੈਂਟ ਸੀ ਤਾਂ ਹੁਣ ਕਿਉਂ ਨਹੀਂ?

    ਡੋਗਰਾ ਰੈਜੀਮੈਂਟ ਹੈ, ਜੱਟ ਰੈਜੀਮੈਂਟ ਹੈ ਤਾਂ ਅਨੁਸੂਚਿਤ ਜਾਤੀ ਜਨ- ਜਾਤੀ ਰੈਜੀਮੈਂਟ ਕਿਉਂ ਨਹੀਂ?
10. ਪੰਜਾਬ ਸਰਕਾਰ ਖਾਸ ਤਰਾਂ ਦੇ ਵਾਦ ਤੋਂ ਪੀੜਿਤ ਹੈ। ਦਲਿਤਾਂ ਦੀ 35% ਵੱਸੋਂ ਕੋਲ 3.2% ਜ਼ਮੀਨ ਹੈ। ਬਿਜਨਸ ਨਹੀਂ ਹੈ ਨੌਕਰੀਆਂ ਜਾਹਲੀ ਸਰਟੀਫਿਕੇਟ ਬਣਾ ਕੇ ਜਨਰਲ ਵਰਗ ਹਥਿਆ ਰਿਹਾ ਹੈ, ਸਰਕਾਰ ਸੰਵਿਧਾਨ ਮੁਤਾਬਕ ਕੰਮ ਨਹੀਂ ਕਰ ਰਹੀ। ਬਾਬਾ ਸਾਹਿਬ ਦੀ ਫੋਟੋ ਦਫ਼ਤਰਾਂ ਵਿੱਚ ਲਾ ਕੇ ਆਮ ਆਦਮੀ ਪਾਰਟੀ ਦੀ ਸਰਕਾਰ ਨਾ ਤਾਂ ਬਾਬਾ ਸਾਹਿਬ ਦੀ ਸੋਚ ਤੇ ਪੂਰਾ ਉਤਰਦੀ ਹੈ, ਨਾ ਸੰਵਿਧਾਨ ਮੁਤਾਬਕ ਕੰਮ ਕਰਦੀ ਹੈ ਅਤੇ ਨਾ ਹੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਮੁਤਾਬਕ ਕੰਮ ਕਰਦੀ ਨਜ਼ਰ ਆਉਂਦੀ ਹੈ?

ਪੰਜਾਬ ਸਰਕਾਰ ਸੰਵਿਧਾਨ ਤੋਂ ਕੋਸਾਂ ਦੂਰ ਹੈ। ਨਾ ਤਾਂ ਸੰਵਿਧਾਨ ਦੀ ਸਮਝ ਹੈ ਨਾ ਹੀ ਸਮਝਣ ਦੀ ਕੋਸ਼ਿਸ਼ ਕਰ ਰਹੀ ਹੈ , ਬਸ ਸਿਅਸਤ ਤੇ ਪਬਲੀਸਿਟੀ। ਦਲਿਤਾਂ ਨੂੰ ਵਿਚਾਰਵਾਨ ਤੇ ਸਿਆਸਤ ਤੌਰ ਤੇ ਸਮਝਦਾਰ ਹੋਣ ਦੀ ਲੋੜ ਹੈ।

# 24 ਵਿਦਿਆਰਥੀਆਂ ਨੇ ਨਵੋਦਿਆ ਵਿਦਿਆਲਿਆ ‘ਚ ਮਾਰੀਆਂ ਮੱਲਾਂ

## ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀਮਤੀ ਕਮਲਦੀਪ ਕੌਰ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਡੀਜੀ ਸਿੰਘ ਨੇ ਮਾਪਿਆਂ ਅਤੇ ਸਟਾਫ਼ ਨੂੰ ਦਿੱਤੀਆਂ ਮੁਬਾਰਕਾਂ

**ਪਠਾਨਕੋਟ, 27 ਜੂਨ (ਰਾਜਿੰਦਰ ਸਿੰਘ ਰਾਜਨ)** ਜੇਕਰ ਅਧਿਆਪਕ ਚਾਹੇ ਤਾਂ ਦੁਨੀਆ ਦੀ ਕੋਈ ਤਾਕਤ ਅਜਿਹੀ ਨਹੀਂ ਜੋ ਉਸਦੇ ਵਿਦਿਆਰਥੀਆਂ ਨੂੰ ਸਫਲ ਹੋਣ ਤੋਂ ਰੋਕ ਸਕੇ। ਅਜਿਹੀ ਹੀ ਮਿਸਾਲ ਜ਼ਿਲ੍ਹਾ ਪਠਾਨਕੋਟ ਦੇ ਸਰਕਾਰੀ ਸਕੂਲਾਂ ਦੇ 24 ਵਿਦਿਆਰਥੀਆਂ ਨੇ ਨਵੋਦਿਆ ਵਿਦਿਆਲਿਆ ਵਿੱਚ ਜਮਾਤ ਛੇਵੀਂ ਦੇ ਦਾਖ਼ਲਾ ਪ੍ਰੀਖਿਆ ਨੂੰ ਪਾਸ ਕਰਕੇ ਕਾਇਮ ਕੀਤੀ ਹੈ। ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀਮਤੀ ਕਮਲਦੀਪ ਕੌਰ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਡੀਜੀ ਸਿੰਘ ਨੇ ਪ੍ਰੀਖਿਆ ਦੀ ਵਿਸ਼ੇਸ਼ ਤਿਆਰੀ ਕਰਾਉਣ ਵਾਲੇ ਅਧਿਆਪਕ ਤੇ ਸਕੂਲ ਸਟਾਫ਼ ਦੀ ਮਿਹਨਤ ਦੀ ਸ਼ਲਾਘਾ ਕੀਤੀ ਅਤੇ ਬੱਚਿਆਂ ਨੂੰ ਮੁਬਾਰਕਬਾਦ ਦਿੰਦਿਆਂ ਦੱਸਿਆ ਕਿ ਸਰਕਾਰੀ ਪ੍ਰਾਇਮਰੀ ਸਕੂਲ ਘਾੜ ਬਲਾਕ ਧਾਰ-1 ਦੇ ਅਨੰਣੀਆ , ਸਰਕਾਰੀ ਪ੍ਰਾਇਮਰੀ ਸਕੂਲ ਮਿਰਜ਼ਾਪੁਰ ਬਲਾਕ ਧਾਰ -2 ਦੀ ਮੁਸਕਾਨ, ਸਰਕਾਰੀ ਪ੍ਰਾਇਮਰੀ ਸਕੂਲ ਤ੍ਰਹੇਟੀ ਦੇ ਪਰਨੂਰ , ਸਰਕਾਰੀ ਪ੍ਰਾਇਮਰੀ ਸਕੂਲ ਮਾਧੋਪੁਰ ਕੈਂਟ ਧਾਰ-2 ਦੀ ਦਿਵਿਆ, ਸਰਕਾਰੀ ਪ੍ਰਾਇਮਰੀ ਸਕੂਲ ਮਾਧੋਪੁਰ ਧਾਰ-2 ਦੇ ਬੱਚਿਆਂ ਦਿਵਿਯਾ ਅਤੇ ਅਰੁਣ, ਸਰਕਾਰੀ ਪ੍ਰਾਇਮਰੀ ਸਕੂਲ ਦਰੰਗ ਖੱਡ ਧਾਰ-2 ਦੇ ਭਵੇਸ਼, ਸਰਕਾਰੀ ਪ੍ਰਾਇਮਰੀ ਸਕੂਲ ਬਹਿਦੋਚੱਕ ਬਲਾਕ ਨਰੋਟ ਜੈਮਲ ਸਿੰਘ ਦੀ ਸੁੱਖਮਨਦੀਪ ਕੌਰ, ਸਰਕਾਰੀ ਪ੍ਰਾਇਮਰੀ ਸਕੂਲ ਬੇਗੋਵਾਲ ਕੁੜੀਆਂ ਬਲਾਕ ਨਰੋਟ ਜੈਮਲ ਸਿੰਘ ਦੀ ਨੈਤਿਕ, ਸਰਕਾਰੀ ਪ੍ਰਾਇਮਰੀ ਸਕੂਲ ਖੁਸ਼ੀ ਨਗਰ ਦੇ ਚੇਤਨ, ਸਰਕਾਰੀ ਪ੍ਰਾਇਮਰੀ ਸਕੂਲ ਸਾਲੋਵਾਲ ਨਰੋਟ ਜੈਮਲ ਸਿੰਘ ਦੇ ਜਾਣਵੀ ਅਤੇ ਕਾਰਤਿਕ, ਸਰਕਾਰੀ ਪ੍ਰਾਇਮਰੀ ਸਕੂਲ ਬਕਨੌਰ ਨਰੋਟ ਜੈਮਲ ਸਿੰਘ ਦੀ ਦਿਵਿਯਾ, ਸਰਕਾਰੀ ਪ੍ਰਾਇਮਰੀ ਸਕੂਲ ਕਟਾਰੂਚੱਕ ਬਲਾਕ ਪਠਾਨਕੋਟ -1 ਦੇ ਵਿਦਿਆਰਥੀ ਕੁਨਾਲ ਕੁੰਡਲ ਅਤੇ ਮਲਿਕ, ਸਰਕਾਰੀ ਪ੍ਰਾਇਮਰੀ ਸਕੂਲ ਛੰਨੀ ਟੋਲਾ ਪਠਾਨਕੋਟ-1 ਦੇ ਮਨਜੋਤ, ਸਰਕਾਰੀ ਪ੍ਰਾਇਮਰੀ ਸਕੂਲ ਐਮਾਂ ਗੁੱਜਰਾਂ ਬਲਾਕ ਪਠਾਨਕੋਟ-2 ਦੇ ਰਿਸ਼ਵ, ਸਰਕਾਰੀ ਪ੍ਰਾਇਮਰੀ ਸਕੂਲ ਬਨੀ ਲੋਧੀ ਬਲਾਕ ਪਠਾਨਕੋਟ-2 ਦੇ ਪੁਨੀਤ ਕੁਮਾਰ, ਸਰਕਾਰੀ ਪ੍ਰਾਇਮਰੀ ਸਕੂਲ ਸਰਨਾ ਬਲਾਕ ਪਠਾਨਕੋਟ-2 ਦੇ ਆਦਿਤਿਯ ਕਸ਼ਯਪ, ਸਰਕਾਰੀ ਪ੍ਰਾਇਮਰੀ ਸਕੂਲ ਸ਼ੇਰਪੁਰ ਪਠਾਨਕੋਟ-2 ਦੇ ਦਿਵਿਆਂਸ਼ੂ ਅਤੇ ਹਰਸਿਤਾ, ਸਰਕਾਰੀ ਪ੍ਰਾਇਮਰੀ ਸਕੂਲ ਬਲਸੂਆਂ ਪਠਾਨਕੋਟ-2 ਦੀ ਗੀਤਾਂਜਲੀ, ਸਰਕਾਰੀ ਪ੍ਰਾਇਮਰੀ ਸਕੂਲ ਮਨਵਾਲ ਬਲਾਕ ਬਮਿਆਲ ਦੇ ਸੁਸ਼ੀਲ ਸਿੰਘ ਅਤੇ ਕੁਲਬੀਰ ਸਿੰਘ ਨੇ ਨਵੋਦਿਆ ਵਿਦਿਆਲਿਆ ਜਮਾਤ ਛੇਵੀਂ ਦੀ ਦਾਖ਼ਲਾ ਪ੍ਰੀਖਿਆ ਪਾਸ ਕਰ ਸਕੂਲ, ਮਾਪਿਆਂ ਅਤੇ ਜ਼ਿਲ੍ਹੇ ਦਾ ਨਾਂ ਰੌਸ਼ਨ ਕੀਤਾ ਹੈ।





ਉਨ੍ਹਾਂ ਦੱਸਿਆ ਕਿ ਹਾਲ ਹੀ ਵਿੱਚ ਨਵੋਦਿਆ ਵਿਦਿਆਲਿਆਂ ਛੇਵੀਂ ਜਮਾਤ ਦੀ ਪ੍ਰਵੇਸ਼ ਪ੍ਰੀਖਿਆ ਦਾ ਨਤੀਜਾ ਐਨਬੀਐਸ ਦੀ ਬੇਬਸਾਈਟ ਤੇ ਘੋਸ਼ਿਤ ਕੀਤਾ ਗਿਆ ਹੈ। ਜ਼ਿਲ੍ਹਾ ਅਧਿਕਾਰੀਆਂ ਨੇ ਦੱਸਿਆ ਕਿ ਨਵੋਦਿਆ ਵਿੱਚ ਬਹੁਤ ਹੀ ਘੱਟ ਸੀਟਾਂ ਉੱਤੇ ਹਜ਼ਾਰਾਂ ਦੀ ਸੰਖਿਆ ਵਿੱਚ ਬੱਚੇ ਪੇਪਰ ਦਿੰਦੇ ਹਨ, ਜਿਸ ਵਿਚੋਂ ਇਨ੍ਹਾਂ ਵਿਦਿਆਰਥੀਆਂ ਦੀ ਚੋਣ ਹੋਣੀ ਇਹਨਾਂ ਦੇ ਮਾਤਾ ਪਿਤਾ, ਅਧਿਆਪਕ ਅਤੇ ਜਿਲ੍ਹੇ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ।

ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਮਿਹਨਤ ਸਦਕਾ ਹੁਣ ਇਹ ਵਿਦਿਆਰਥੀ ਨਵੋਦਿਆ ਵਿਦਿਆਲਿਆ ਨਾਜੋਚੱਕ ਵਿੱਚ ਬਿਲਕੁੱਲ ਮੁਫ਼ਤ ਪੜ੍ਹਾਈ ਕਰਨਗੇ ਅਤੇ ਆਪਣਾ ਸੁਨਹਿਰਾ ਭਵਿੱਖ ਬਣਾਉਣਗੇ। ਨਾਲ ਹੀ ਉਹਨਾਂ ਨੇ ਦੱਸਿਆ ਕਿ ਵਿਭਾਗ ਵੱਲੋਂ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਸਾਰੇ ਹੀ ਵਿਦਿਆਰਥੀਆਂ ਦੇ ਮਾਪਿਆ ਨੂੰ ਨਵੋਦਿਆ ਵਿਦਿਆਲਿਆ ਦਾਖ਼ਲਾ ਪ੍ਰੀਖਿਆ ਲਈ ਜਾਗਰੂਕ ਕੀਤਾ ਜਾਂਦਾ ਹੈ ਅਤੇ ਅਧਿਆਪਕਾਂ ਵੱਲੋਂ ਛੁੱਟੀ ਸਮੇਂ ਤੋਂ ਬਾਅਦ ਅਤੇ ਛੁੱਟੀ ਸਮੇਂ ਤੋਂ ਪਹਿਲਾਂ ਵੀ ਇਨ੍ਹਾਂ ਵਿਦਿਆਰਥੀਆਂ ਨੂੰ ਬੁਲਾ ਕੇ ਤਿਆਰੀ ਕਰਵਾਈ ਜਾਂਦੀ ਹੈ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
’ਦੇਸ਼ ਦੁਆਬਾ’ ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

## ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

# ਸੰਗਤਾਂ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿੱਚ ਇੱਕ ਜੁੱਟ ਹੋਣ: ਲੌਂਗੋਵਾਲ

## ਗੁਰਦੁਆਰਾ ਸੰਤ ਸਾਗਰ ਸੈਕਰਾਮੈਂਟੋ ਵਿੱਚ ਛੇਵੇਂ ਪਾਤਸ਼ਾਹ ਦਾ ਪ੍ਰਕਾਸ਼ ਪੁਰਬ ਮਨਾਇਆ ਗਿਆ

**ਸੈਕਰਾਮੈਂਟੋ–** ਗੁਰਦੁਆਰਾ ਸੰਤ ਸਾਗਰ ਵਿਖੇ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਭਾਈ ਬਲਜਿੰਦਰ ਸਿੰਘ ਹਜ਼ੂਰੀ ਰਾਗੀ, ਗੁਰਦੁਆਰਾ ਸਾਹਿਬ ਮੁੱਖ ਸੰਚਾਲਕ ਬਾਬਾ ਸੱਜਣ ਸਿੰਘ ਨਿਊਯੋਰਕ ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕਰਕੇ ਸੰਗਤਾਂ ਨੂੰ



ਗੁਰਬਾਣੀ ਨਾਲ ਜੋੜਿਆ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਛੇਵੇਂ ਪਾਤਸ਼ਾਹ ਨੇ ਜਿਥੇ ਮੀਰੀ-ਪੀਰੀ ਦਾ ਸਿਧਾਂਤ ਬਖਸ਼ਿਆ ਉਥੇ ਕੌਮ ਦੀ ਅਗਵਾਈ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਸਿਰਜਣਾ ਕੀਤੀ, ਜੋ ਅੱਜ ਵੀ ਸਾਡੀ ਅਗਵਾਈ ਕਰ ਰਿਹਾ ਹੈ ।ਉਹਨਾਂ ਸੰਗਤਾਂ ਨੂੰ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿੱਚ ਇੱਕ ਜੁੱਟ ਹੋਣ ਦੀ ਅਪੀਲ ਵੀ ਕੀਤੀ ਨਾਲ ਹੀ ਉਹਨਾਂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਵਿਦੇਸ਼ੀ ਸਿੱਖਾਂ ਨਾਲ ਤਾਲਮੇਲ ਵਧਾਉਣ ਲਈ ਇਹਨਾਂ ਦੀਆਂ ਸੇਵਾਵਾਂ ਲਈਆਂ ਜਾਣਗੀਆਂ । ਸਮਾਗਮ ਨੂੰ ਸ਼੍ਰੋਮਣੀ ਕਮੇਟੀ ਨੇ ਹਰਿਆਣਾ ਦੇ ਸਕੱਤਰ ਡਾਕਟਰ ਪਰਮਜੀਤ ਸਿੰਘ ਸਰੋਆ ਨੇ ਵੀ ਸੰਬੋਧਨ ਕੀਤਾ। ਉਹਨਾਂ ਸੰਗਤਾਂ ਨੂੰ ਸ਼੍ਰੋਮਣੀ ਕਮੇਟੀ ਦੀ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਇਸ ਨੂੰ ਮਜ਼ਬੂਤ ਕਰਨ ਦੀ ਲੋੜ ਤੇ ਜੋਰ ਦਿੱਤਾ। ਭਾਈ ਉਪਕਾਰ ਸਿੰਘ ਅਤੇ ਰਾਗੀ ਬਲਵਿੰਦਰ ਸਿੰਘ ਨੇ ਕਥਾ ਵਿਚਾਰ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਪ੍ਰਸਿੱਧ ਪ੍ਰਚਾਰਕ ਅਤੇ ਪ੍ਰਬੰਧਕ ਨਰਿੰਦਰਪਾਲ ਸਿੰਘ ਹੁੰਦਲ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਈ ਇਸ ਮੌਕੇ ਭਾਈ ਗੋਬਿੰਦ ਸਿੰਘ ਲੌਂਗੋਵਾਲ ਅਤੇ ਡਾਕਟਰ ਪਰਮਜੀਤ ਸਿੰਘ ਸਰੋਆ ਦਾ ਸਿਰੋਪਾਓ ਦੇ ਕੇ ਸਨਮਾਨ ਵੀ ਕੀਤਾ।

# ਅਮਰੀਕਾ ਵਿਚ ਮੌਤ ਦੀ ਸਜ਼ਾ ਪ੍ਰਾਪਤ ਇਕ ਵਿਅਕਤੀ 29 ਸਾਲ ਜੇਲ ਕੱਟਣ ਤੋਂ ਬਾਅਦ ਨਿਰਦੋਸ਼ ਕਰਾਰ, ਹੋਈ ਰਿਹਾਈ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਐਰੀਜ਼ੋਨਾ ਰਾਜ ਵਿਚ ਬੈਰੀ ਜੋਨਜ ਨਾਮੀ ਵਿਅਕਤੀ, ਜਿਸ ਨੂੰ ਇਕ 4 ਸਾਲਾ ਬੱਚੀ ਦੀ ਹੱਤਿਆ ਦੇ ਮਾਮਲੇ ਵਿਚ ਮੌਤ ਦੀ ਸਜ਼ਾ ਸੁਣਾਈ ਗਈ ਸੀ, ਨੂੰ ਨਿਰਦੋਸ਼ ਕਰਾਰ ਦੇ ਕੇ 29 ਸਾਲ ਬਾਅਦ ਜੇਲ ਵਿਚੋਂ ਰਿਹਾਅ ਕਰ ਦੇਣ ਦੀ ਖਬਰ ਹੈ। ਬੈਰੀ ਜੋਨਜ ਨੇ ਆਪਣੀ ਮੌਤ ਦੀ ਸਜ਼ਾ ਵਿਰੁੱਧ ਲੰਬੀ ਕਾਨੂੰਨੀ ਲੜਾਈ ਲੜੀ। ਬੈਰੀ ਜੋਨਜ ਦੀ ਉਮਰ ਇਸ ਸਮੇ 64 ਸਾਲ ਹੈ ਤੇ ਜਿਸ ਸਮੇ ਉਸ ਨੂੰ ਆਪਣੀ ਦੋਸਤ ਕੁੜੀ ਦੀ 4 ਸਾਲ ਦੀ ਬੱਚੀ ਦੀ ਮੌਤ ਦੇ ਮਾਮਲੇ ਵਿਚ ਜੇਲ ਵਿਚ ਬੰਦ ਕੀਤਾ ਗਿਆ ਸੀ, ਉਸ ਸਮੇ ਉਹ 35 ਸਾਲ ਦਾ ਸੀ। ਜੋਨਜ ਨੇ ਰਿਹਾਈ ਉਪਰੰਤ ਕਿਹਾ ਕਿ ਇਹ ਬਹੁਮੁੱਲੇ ਪਲ ਹਨ ਜਦੋਂ ਉਹ ਆਪਣੇ ਪਰਿਵਾਰ ਨੂੰ ਤਕਰੀਬਨ 3 ਦਹਾਕੇ ਬਾਅਦ ਮਿਲ ਰਿਹਾ ਹੈ। ਉਸ ਨੇ ਆਪਣੇ ਵਕੀਲਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨਾਂ ਨੇ ਸੱਚਾਈ ਨੂੰ ਸਾਹਮਣੇ ਲਿਆਉਣ ਲਈ ਕਦੀ ਵੀ ਆਸ ਨਹੀਂ ਛੱਡੀ ਸੀ । ਉਸ ਨੇ ਆਪਣੇ ਪਰਿਵਾਰ ਦਾ ਵਿਸ਼ੇਸ਼ ਧੰਨਵਾਦ ਕੀਤਾ ਤੇ ਕਿਹਾ ਕਿ ਪਰਿਵਾਰ ਉਸ ਨਾਲ ਬਹੁਤ ਹੀ ਕਠਿਨ ਸਮੇ ਵਿਚ ਉਸ ਨਾਲ ਖੜਾ ਰਿਹਾ। ਪ੍ਰਾਪਤ ਵੇਰਵੇ ਅਨੁਸਾਰ ਸਟੇਟ ਅਟਾਰਨੀ ਦਫਤਰ ਤੇ ਪੀਮਾ ਕਾਊਂਟੀ ਅਟਾਰਨੀ ਦਫਤਰ ਵਿਚਾਲੇ ਇਹ ਸਹਿਮਤੀ ਬਣੀ ਕਿ ਜੋਨਜ ਨੂੰ ਫਸਟ ਡਿਗਰੀ ਹੱਤਿਆ ਮਾਮਲੇ ਤਹਿਤ ਮਿਲੀ ਮੌਤ ਦੀ ਸਜ਼ਾ ਖਤਮ ਕਰ ਦਿੱਤੀ ਜਾਵੇ ਜਿਸ ਉਪਰੰਤ ਜੋਨਜ ਨੂੰ ਸੈਕਿੰਡ ਡਿਗਰੀ ਹੱਤਿਆ ਲਈ ਜਿੰਮੇਵਾਰ ਠਹਿਰਾਇਆ ਗਿਆ ਜਿਸ ਅਪਰਾਧ ਲਈ 25 ਸਾਲ ਸਜ਼ਾ ਨਿਸਚਤ ਹੈ। ਕਾਊਂਟੀ ਅਟਾਰਨੀ ਦੇ ਦਫਤਰ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਜੋਨਜ ਪਹਿਲਾਂ ਹੀ 29 ਸਾਲ ਜੇਲ ਕੱਟ ਚੁੱਕਾ ਸੀ ਇਸ ਲਈ ਉਸ ਨੂੰ ਰਿਹਾਅ ਕਰ ਦਿੱਤਾ ਗਿਆ। ਜੋਨਜ ਨੂੰ ਆਪਣੀ ਦੋਸਤ ਕੁੜੀ ਦੀ 4 ਸਾਲਾ ਧੀ ਦੀ ਮੌਤ ਦੇ ਮਾਮਲੇ ਵਿਚ ਜੁਲਾਈ 1995 ਵਿਚ ਮੌਤ ਦੀ ਸਜ਼ਾ ਸੁਣਾਈ ਗਈ ਸੀ। ਬੱਚੀ ਦੀ ਮੌਤ ਪੀਮਾ ਕਾਊਂਟੀ ਵਿਚ 1994 ਵਿਚ ਉਸ ਦੇ ਅੰਦਰੂਨੀ ਜਖਮਾਂ ਕਾਰਨ ਹੋਈ ਸੀ। ਜੌਹਨ ਉਪਰ ਦੋਸ਼ ਸੀ ਕਿ ਬੱਚੀ ਨੂੰ ਜ਼ਖਮੀ ਕਰਨ ਲਈ ਉਹ ਜਿੰਮੇਵਾਰ ਹੈ ਜਿਸ ਤੋਂ ਜੋਨਜ ਹਮੇਸ਼ਾਂ ਇਨਕਾਰ ਕਰਦਾ ਰਿਹਾ ਹੈ।




# ਨਿਊਯਾਰਕ ਦੇ ਸਾਬਕਾ ਪੁਲਿਸ ਅਫਸਰ ਸਮੇਤ 3 ਵਿਰੁੱਧ ਚੀਨ ਸਰਕਾਰ ਦੇ ਇਸ਼ਾਰੇ 'ਤੇ ਇਕ ਪਰਿਵਾਰ ਦਾ ਪਿੱਛਾ ਕਰਨ ਦੇ ਮਾਮਲੇ ਵਿਚ ਦੋਸ਼ ਆਇਦ

**ਸੈਕਰਾਮੈਂਟੋ, ਕੈਲੀਫੋਰਨੀਆ–**ਨਿਊਯਾਰਕ ਦੀ ਇਕ ਸੰਘੀ ਅਦਾਲਤ ਨੇ ਚੀਨ ਸਰਕਾਰ ਦੇ ਇਸ਼ਾਰੇ 'ਤੇ ਨਿਊ ਜਰਸੀ ਦੇ ਇਕ ਪਰਿਵਾਰ ਦਾ ਪਿੱਛਾ ਕਰਨ ਦੇ ਮਾਮਲੇ ਵਿਚ ਨਿਊਯਾਰਕ ਪੁਲਿਸ ਵਿਭਾਗ ਦੇ ਇਕ ਸਾਬਕਾ ਪੁਲਿਸ ਅਫਸਰ ਸਮੇਤ 3 ਵਿਅਕਤੀਆਂ ਨੂੰ ਦੋਸ਼ੀ ਕਰਾਰ ਦਿੱਤਾ ਹੈ ਤੇ ਉਨਾਂ ਵਿਰੁੱਧ ਦੋਸ਼ ਆਇਦ ਕਰਨ ਦਾ ਆਦੇਸ਼ ਦਿੱਤਾ ਹੈ। ਨਿਊਯਾਰਕ ਸਿਟੀ ਪੁਲਿਸ ਵਿਭਾਗ ਦੇ ਸਾਬਕਾ ਸਾਰਜੈਂਟ ਮਾਈਕਲ ਮੈਕਮਹੋਨ (55) ਤੋਂ ਇਲਾਵਾ ਹੋਰ ਜਿਨਾਂ ਵਿਰੁੱਧ ਦੋਸ਼ ਆਇਦ ਕੀਤੇ ਗਏ ਹਨ ਉਨਾਂ ਵਿਚ ਝੂ ਯਾਂਗ (66) ਤੇ ਹੇਂਗ ਕੌਂਗਾਇੰਗ (27) ਸ਼ਾਮਿਲ ਹਨ। ਝੂ ਯਾਂਗ ਵਿਰੁੱਧ ਪੀਪਲਜ ਰਿਪਬਲਿਕ ਆਫ ਚਾਈਨਾ ( ਪੀ ਆਰ ਸੀ) ਦੇ ਗੈਰਕਾਨੂੰਨੀ ਏਜੰਟ ਵਜੋਂ ਕੰਮ ਕਰਨ ਦਾ ਵੀ ਦੋਸ਼ ਆਇਦ ਕੀਤਾ ਗਿਆ ਹੈ। ਜਿਊਰੀ ਵੱਲੋਂ 3 ਹਫਤਿਆਂ ਦੀ ਸੁਣਵਾਈ ਉਪਰੰਤ ਸੁਣਾਇਆ ਗਿਆ ਫੈਸਲਾ ਬਹੁਤ ਅਹਿਮ ਹੈ ਕਿਉਂਕਿ ਚੀਨ ਦੀ ਕਮਿਊਨਿਸਟ ਪਾਰਟੀ ਦੇ ਕੌਮਾਂਤਰੀ ਕਥਿੱਤ ਭ੍ਰਿਸ਼ਟਾਚਾਰ ਵਿਰੋਧੀ ਆਪਰੇਸ਼ਨ ਫੌਕਸ ਹੰਟ ਮੁਹਿੰਮ ਨਾਲ ਲੜਨ ਦੀਆਂ ਯੂ ਐਸ ਨਿਆਂ ਵਿਭਾਗ ਦੀਆਂ ਕੋਸ਼ਿਸ਼ਾਂ ਨੂੰ ਪਹਿਲੀ ਵਾਰ ਬੂਰ ਪਿਆ ਹੈ। ਆਪਰੇਸ਼ਨ ਫੌਕਸ ਹੰਟ ਚੀਨ ਸਰਕਾਰ ਵੱਲੋਂ 2014 ਵਿਚ ਉਨਾਂ ਵਿਅਕਤੀਆਂ ਵਿਰੁੱਧ ਸ਼ੁਰੂ ਕੀਤਾ ਗਿਆ ਸੀ ਜਿਨਾਂ ਨੂੰ ਚੀਨ ਸਰਕਾਰ ਭਗੌੜਾ ਸਮਝਦੀ ਹੈ। ਇਨਾਂ ਵਿਅਕਤੀਆਂ ਵਿਚ ਅਕਸਰ ਆਰਥਕ ਅਪਰਾਧ ਲਈ ਸ਼ੱਕੀ ਚੀਨ ਦੇ ਸਾਬਕਾ ਅਫਸਰ ਜਾਂ ਅਮੀਰ ਵਿਅਕਤੀ ਸ਼ਾਮਿਲ ਹੁੰਦੇ ਹਨ। ਯੂ ਐਸ ਅਸਿਸਟੈਂਟ ਅਟਾਰਨੀ ਜਨਰਲ ਮੈਥੀਊ ਓਲਸੇਨ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਪੀ ਆਰ ਸੀ ਦੀ ਤਰਫੋਂ ਧਮਕੀਆਂ ਦੇਣ ਸਮੇਤ ਤੰਗ ਪ੍ਰੇਸ਼ਾਨ ਕਰਨ ਦੀ ਮੁਹਿੰਮ ਦਾ ਮਕਸਦ ਪੀੜਤਾਂ ਨੂੰ ਅਮਰੀਕਾ ਤੋਂ ਵਾਪਿਸ ਚੀਨ ਲਿਆਉਣਾ ਹੈ।



# ਅਮਰੀਕਾ ਦੇ ਓਹਾਇਓ ਰਾਜ ਵਿਚ 2 ਸਾਲਾ ਬੱਚੇ ਨੇ ਆਪਣੀ ਗਰਭਵਤੀ ਮਾਂ ਦੇ ਮਾਰੀ ਗੋਲੀ, ਹੋਈ ਮੌਤ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਓਹੀਓ ਰਾਜ ਵਿਚ ਨੌਰਵਾਕ ਵਿਖੇ ਇਕ 2 ਸਾਲ ਦੇ ਲੜਕੇ ਵੱਲੋਂ ਆਪਣੀ ਗਰਭਵਤੀ ਮਾਂ ਦੀ ਪਿੱਠ ਵਿਚ ਗੋਲੀ ਮਾਰ ਦੇਣ ਦੀ ਖਬਰ ਹੈ। ਪੁਲਿਸ ਅਨੁਸਾਰ ਮਾਂ ਤੇ ਗਰਭ ਵਿਚਲੇ ਬੱਚੇ ਦੀ ਮੌਤ ਹੋ ਗਈ ਹੈ। ਨੌਰਵਾਕ ਪੁਲਿਸ ਵਿਭਾਗ ਵੱਲੋਂ ਜਾਰੀ ਬਿਆਨ ਅਨੁਸਾਰ ਪੁਲਿਸ ਨੂੰ ਇਕ 31 ਸਾਲਾ ਮਾਂ ਨੇ ਫੋਨ ਕਰਕੇ ਕਿਹਾ ਕਿ ਉਸ ਦੇ 2 ਸਾਲ ਦੇ ਲੜਕੇ ਨੇ ਉਸ ਦੇ ਪਿੱਛੇ ਗੋਲੀ ਮਾਰ ਦਿੱਤੀ ਹੈ। ਉਸ ਨੇ ਪੁਲਿਸ ਨੂੰ ਇਹ ਵੀ ਦੱਸਿਆ ਕਿ ਉਹ 8 ਮਹੀਨੇ ਤੋਂ ਗਰਭਵਤੀ ਹੈ। ਬਿਆਨ ਅਨੁਸਾਰ ਪੁਲਿਸ ਘਰ ਦਾ ਦਰਵਾਜਾ ਜੋ ਬੰਦ ਸੀ, ਰਾਹੀਂ ਜਬਰਦਸਤੀ ਅੰਦਰ ਦਾਖਲ ਹੋਈ। ਪੁਲਿਸ ਅਨੁਸਾਰ ਮਾਂ ਤੇ ਪੁੱਤਰ ਮਾਸਟਰ ਬੈੱਡ ਰੂਮ ਸਨ ਤੇ ਨੇੜੇ ਹੀ ਪਿਸਤੌਲ ਪਿਆ ਸੀ। ਉਸ ਸਮੇ ਮਾਂ ਪੂਰੀ ਹੋਸ਼ ਵਿਚ ਸੀ ਤੇ ਉਸ ਨੇ ਪੁਲਿਸ ਅਫਸਰਾਂ ਨੂੰ ਪੂਰੀ ਘਟਨਾ ਦਾ ਵੇਰਵਾ ਦਿੱਤਾ। ਉਸ ਦਾ 28 ਸਾਲਾ ਪਤੀ ਵੀ ਉਸ ਸਮੇ ਘਰ ਪਹੁੰਚ ਗਿਆ ਸੀ। ਮਾਂ ਨੂੰ ਮੈਡੀਕਲ ਸੈਂਟਰ ਲਿਜਾਇਆ ਗਿਆ ਜਿਥੇ ਥੋਹੜੀ ਦੇਰ ਬਾਅਦ ਮਾਂ ਤੇ ਗਰਭ ਵਿਚਲੇ ਬੱਚੇ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਗਿਆ। ਪੁਲਿਸ ਨੇ ਕਿਹਾ ਹੈ ਕਿ ਮਾਮਲੇ ਦੀ ਜਾਂਚ ਹੋ ਰਹੀ ਹੈ ਤੇ ਅਜੇ ਕੋਈ ਮਾਮਲਾ ਦਰਜ ਨਹੀਂ ਕੀਤਾ ਗਿਆ ਹੈ।




ਟਾਈਟੈਨਿਕ ਪਣਡੁੱਬੀ ਰਾਹੀਂ ਦੇਖਣ ਗਏ, ਉਸ ਵਿੱਚ ਸਵਾਰ 5 ਯਾਤਰੀਆਂ ਦੀ ਹੋਈ ਮੌਤ ਹੋ ਗਈ। 4 ਹਜਾਰ ਮੀਟਰ ਗਹਿਰੇ ਪਾਣੀ ਚ ਟਾਈਟੈਨਿਕ ਜਹਾਜ ਦੇ ਮਲਬੇ ਨੂੰ ਟਾਈਟੈਨਿਕ ਪਣਡੁੱਬੀ ਰਾਹੀਂ ਦੇਖਣ ਗਏ, ਉਸ ਵਿੱਚ ਸਵਾਰ 5 ਯਾਤਰੀਆਂ ਦੀ ਹੋਈ ਮੌਤ ਹੋ ਗਈ, ਮਿਲੇ ਮਲਬੇ ਤੋਂ ਪਤਾ ਚਲਿਆ ਹੈ ਕਿ ਉਸ ਵਿੱਚ ਧਮਾਕਾ ਹੋਇਆ ਤੇ ਜਿਨਾਂ ਵਿੱਚ ਸਟਾਕਟਨ ਰਸ਼, ਹਾਮਿਸ਼ ਹਾਰਡਿੰਗ, ਸ਼ਾਹਜ਼ਾਦਾ ਦਾਊਦ, ਪਾਲ-ਹੈਨਰੀ ਨਰਜੀਓਲੇਟ ਅਤੇ ਸੁਲੇਮਾਨ ਦਾਊਦ ਸਨ। ਇਸ ਸਾਰੇ ਲੋਕ ਅਮੀਰਜਾਦੇ ਤੇ ਵਿਸ਼ਵਪੱਧਰੀ ਪ੍ਰਭਾਵਸ਼ਾਲੀ ਸਖਸ਼ੀਅਤਾਂ ਸਨ।

# ਅਮਰੀਕਾ ਦੇ ਏਡਾਹੋ ਰਾਜ ਵਿਚ ਇਕ ਪਰਿਵਾਰ ਦੇ 4 ਜੀਆਂ ਦੀਆਂ ਗੋਲੀਆਂ ਮਾਰ ਕੇ ਹੱਤਿਆ, ਗਵਾਂਢੀ ਗ੍ਰਿਫਤਾਰ, ਦੋਸ਼ ਆਇਦ

**ਸੈਕਰਾਮੈਂਟੋ, ਕੈਲੀਫੋਰਨੀਆ–**ਅਮਰੀਕਾ ਦੇ ਏਡਾਹੋ ਰਾਜ ਦੇ ਸ਼ਹਿਰ ਕੇਲੌਂਗ ਵਿਖੇ ਇਕ ਪਰਿਵਾਰ ਦੀ 4 ਜੀਆਂ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦੇਣ ਦੀ ਖਬਰ ਹੈ। ਪੁਲਿਸ ਨੇ ਹੱਤਿਆ ਲਈ ਜਿੰਮੇਵਾਰ ਗਵਾਂਢੀ ਸ਼ੱਕੀ ਦੋਸ਼ੀ 31 ਸਾਲਾ ਮਜੋਰਜੋਨ ਕੇਲੋਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਸ ਵਿਰੁੱਧ ਪਹਿਲਾ ਦਰਜਾ ਹੱਤਿਆਵਾਂ ਤੇ ਲੁੱਟਮਾਰ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ। ਪੁਲਿਸ ਵੱਲੋਂ ਜਾਰੀ ਬਿਆਨ ਅਨੁਸਾਰ ਹਰੇਕ ਮ੍ਰਿਤਕ ਦੇ ਸਰੀਰ 'ਤੇ ਗੋਲੀਆਂ ਦੇ ਕਈ-ਕਈ ਜ਼ਖਮ ਹਨ। ਮ੍ਰਿਤਕਾਂ ਦੀ ਪਛਾਣ ਕੇਨਥ ਗੁਆਰਡੀਪੀ (65), ਉਸ ਦੀ ਧੀ ਕੇਨਾ ਗੁਆਰਡੀਪੀ (41), ਉਸ ਦੇ ਪੁੱਤਰ ਡੈਵਿਨ ਸਮਿੱਥ (18) ਤੇ ਏਕਨ ਸਮਿੱਥ (16) ਵਜੋਂ ਹੋਈ ਹੈ। ਅਦਾਲਤ ਦੇ ਰਿਕਾਰਡ ਅਨੁਸਾਰ ਇਨਾਂ ਚਾਰਾਂ ਨੂੰ ਬਹੁਤ ਹੀ ਬੇਰਹਿਮੀ ਨਾਲ ਨੇੜਿਉਂ ਗੋਲੀਆਂ ਮਾਰੀਆਂ ਗਈਆਂ ਹਨ। ਦੋ ਨਬਾਲਗ ਲੜਕਿਆਂ ਦੀਆਂ ਲਾਸ਼ਾਂ ਘਰ ਦੇ ਅੰਦਰ ਜਦ ਕਿ ਮਾਂ ਤੇ ਧੀ ਦੀਆਂ ਲਾਸ਼ਾਂ ਘਰ ਦੇ ਬਾਹਰ ਪਈਆਂ ਮਿਲੀਆਂ ਸਨ। ਹਾਲਾਂ ਕਿ ਅਧਿਕਾਰੀਆਂ ਨੇ ਹੱਤਿਆਵਾਂ ਪਿੱਛੇ ਅਸਲ ਮਕਸਦ ਬਾਰੇ ਕੁਝ ਨਹੀਂ ਦਸਿਆ ਹੈ ਪਰੰਤੂ ਪੁਲਸ ਵੱਲੋਂ ਦਾਇਰ ਹਲਫ਼ੀਆ ਬਿਆਨ ਅਨੁਸਾਰ ਹੱਤਿਆਵਾਂ ਤੋਂ ਇਕ ਹਫਤਾ ਪਹਿਲਾਂ ਕੇਲੋਰ ਤੇ ਉਸ ਦਾ ਪਰਿਵਾਰ ਜੋ ਪੀੜਤਾਂ ਦੇ ਉਪਰ ਡੂਪਲੈਕਸ ਅਪਾਰਟਮੈਂਟ ਵਿਚ ਰਹਿੰਦਾ ਹੈ, ਨੇ ਡੈਵਿਨ ਸਮਿੱਥ ਉਪਰ ਉਨਾਂ ਦੀ ਧੀ ਦੇ ਸਾਹਮਣੇ ਅਸ਼ਲੀਲ ਹਰਕਤਾਂ ਕਰਨ ਦਾ ਦੋਸ਼ ਲਾਇਆ ਸੀ ਜਿਸ 'ਤੇ ਦੋਨਾਂ ਪਰਿਵਾਰਾਂ ਵਿਚਾਲੇ ਝਗੜਾ ਹੋਇਆ ਸੀ ਜੋ ਹਤਿਆਵਾਂ ਦਾ ਕਾਰਨ ਬਣਿਆ।



# ਆਪਣੇ 3 ਬੱਚਿਆਂ ਨੂੰ ਬਚਾਉਣ ਦੀ ਕੋਸ਼ਿਸ਼ ਦੌਰਾਨ ਪਿਤਾ ਦੀ ਮੌਤ

**ਸੈਕਰਾਮੈਂਟੋ, ਕੈਲੀਫੋਰਨੀਆ–**ਕੋਲੋਰਾਡੋ ਦੇ ਇਕ ਦਰਿਆ ਵਿਚ ਕਿਸ਼ਤੀ ਉਲਟਣ ਕਾਰਨ ਡਾ ਡਸਟਿਨ ਹਾਰਕਰ ਦੀ ਮੌਤ ਹੋ ਗਈ। ਹਚਿਨਸਨ ਕਲੀਨਿਕ ਵਿਚ ਕੰਮ ਕਰਦੇ ਰਹੇ ਡਾ ਹਾਰਕਰ ਆਪਣੇ 4 ਬੱਚਿਆਂ ਸਮੇਤ ਕੁਝ ਦੋਸਤਾਂ ਮਿਤਰਾਂ ਨਾਲ ਵਾਈਟ ਵਾਟਰ ਰਾਫਟਿੰਗ ਟਰਿਪ' ਤੇ ਗਏ ਸਨ।

ਡਾ ਹਾਰਕਰ ਦੀ ਸਾਲੀ ਸ਼ਾਰੋਨ ਨਿਊ ਯੋਂਗ ਨੇ ਕਿਹਾ ਹੈ ਕਿ ਇਸ ਦਰਿਆ ਵਿਚ ਹਰ ਸਾਲ ਮੌਜ ਮਸਤੀ ਕਰਨ ਲਈ ਲੋਕ ਜਾਂਦੇ ਹਨ ਪਰੰਤੂ ਇਸ ਵਾਰ ਜਿਆਦਾ ਬਾਰਿਸ਼ ਹੋਣ ਕਾਰਨ ਦਰਿਆ ਵਿਚ ਪਾਣੀ ਵਧੇਰੇ ਹੈ ਤੇ ਪਾਣੀ ਦੀਆਂ ਛੱਲਾਂ ਬਹੁਤ ਜੋਰਦਾਰ ਹਨ। ਉਨਾਂ ਕਿਹਾ ਕਿ ਜਿਸ ਕਿਸ਼ਤੀ ਉਪਰ ਡਾ ਡਸਟਿਨ ਤੇ ਉਸ ਦੇ 3 ਬੱਚੇ ਸਵਾਰ ਸਨ, ਉਹ ਬਹੁਤ ਬੁਰੀ ਤਰਾਂ ਪਾਣੀ ਵਿਚ ਫਸ ਕੇ ਉਲਟ ਗਈ। ਡਾ ਡਸਟਿਨ ਨੇ ਬੱਚਿਆਂ ਨੂੰ ਬਚਾਉਣ ਲਈ ਆਪਣੀ ਜਿੰਦਗੀ ਦਾਅ ਤੇ ਲਾ ਦਿੱਤੀ । ਸਾਰੇ ਬੱਚੇ ਸੁਰੱਖਿਅਤ ਬਾਹਰ ਕੱਢ ਲਏ ਗਏ ਪਰੰਤੂ ਡਸਟਿਨ ਬੇਹੋਸ਼ ਹੋ ਗਿਆ। ਉਸ ਨੂੰ ਬਚਾਉਣ ਦੀਆਂ ਸਾਰੀਆਂ ਕੋਸ਼ਿਸ਼ਾਂ ਨਾਕਾਮ ਹੋ ਗਈਆਂ।



# ਮੈਕਸੀਕੋ ਤੋਂ ਲਿਆਂਦੀ ਆਈਸ ਕਰੀਮ ਮਸ਼ੀਨ ਵਿਚ ਲੁਕਾ ਕੇ ਰੱਖੀ 66 ਕਿਲੋਗ੍ਰਾਮ ਤੋਂ ਵਧ ਹੈਰੋਇਨ ਬਰਾਮਦ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਯੂ ਐਸ ਕਸਟਮਜ ਐਂਡ ਬਾਰਡਰ ਪ੍ਰੋਟੈਕਸ਼ਨ ਅਫਸਰਾਂ ਨੇ ਟੈਕਸਾਸ ਵਿਚ 66 ਕਿਲੋਗ੍ਰਾਮ ਤੋਂ ਵਧ ਕੁਕੀਨ ਬਰਾਮਦ ਕੀਤੀ ਹੈ ਜੋ ਮੈਕਸੀਕੋ ਤੋਂ ਲਿਆਂਦੀ ਇਕ ਵੱਡੀ ਆਈਸ ਕਰੀਮ ਮਸ਼ੀਨ ਵਿਚ ਲੁਕਾ ਕੇ ਰਖੀ ਹੋਈ ਸੀ। ਸੰਘੀ ਏਜੰਸੀ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਇਹ ਬਰਾਮਦਗੀ ਉਸ ਵੇਲੇ ਹੋਈ ਜਦੋਂ ਕਿ 1995 ਫੋਰਡ ਐਫ-150 ਪਿੱਕ ਅੱਪ ਟਰੱਕ ਜਿਸ ਵਿਚ ਆਈਸ ਕਰੀਮ ਮਸ਼ੀਨ ਲੱਦੀ ਹੋਈ ਸੀ, ਦੀ ਤਲਾਸ਼ੀ ਲਈ ਗਈ। ਐਲ ਪਾਸੋ ਪੋਰਟ 'ਤੇ ਕੀਤੇ ਐਕਸ ਰੇਅ ਸਕੈਨ ਵਿਚ ਪਤਾ ਲੱਗਾ ਕਿ ਕੁਝ ਗੜਬੜ ਹੈ। ਸੂਹੀਆ ਕੁੱਤਿਆਂ ਨੇ ਮਸ਼ੀਨ ਵਿਚ ਕੋਈ ਸ਼ੱਕੀ ਪਦਾਰਥ ਹੋਣ ਦੀ ਪੁਸ਼ਟੀ ਕੀਤੀ ਜਿਸ ਉਪਰੰਤ ਮਸ਼ੀਨ ਖੋਲੀ ਗਈ। ਆਈਸ ਕਰੀਮ ਮਸ਼ੀਨ ਦੇ ਅੰਦੂਰਨੀ ਹਿੱਸਿਆਂ ਵਿਚੋਂ 56 ਪੈਕਟ ਕੁਕੀਨ ਦੇ ਬਰਾਮਦ ਹੋਏ। ਪਿੱਕ



ਅੱਪ ਟਰੱਕ ਦੇ 43 ਸਾਲਾ ਮੈਕਸੀਕੋ ਦੇ ਡਰਾਈਵਰ ਨੂੰ ਗ੍ਰਿ-ਫਤਾਰ ਕਰਕੇ ਜਨਤਿਕ ਸੁਰੱਖਿਆ ਬਾਰੇ ਟੈਕਸਾਸ ਵਿਭਾਗ ਦੇ ਸਪੁਰਦ ਕਰ ਦਿੱਤਾ ਗਿਆ ਹੈ। ਅਧਿਕਾਰੀਆਂ ਨੇ ਡਰਾਈਵਰ ਦਾ ਨਾਂ ਨਸ਼ਰ ਨਹੀਂ ਕੀਤਾ ਪਰ ਕਿਹਾ ਹੈ ਕਿ ਉਸ ਵਿਰੁੱਧ ਅਸਫਲ ਕੁਕੀਨ ਤਸਕਰੀ ਦੀ ਕੋਸ਼ਿਸ਼ ਸਬੰਧੀ ਦੋਸ਼ ਆਇਦ ਕੀਤੇ ਜਾਣਗੇ।

ਸੰਘੀ ਏਜੰਸੀ ਦੇ ਕਾਰਜਕਾਰੀ ਐਲ ਪਾਸੋ ਪੋਰਟ ਡਾਇਰੈਕਟਰ ਲੂਇਸ ਮੇਜੀਆ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਕੁਕੀਨ ਦੀ ਬਰਾਮਦ ਖੇਪ ਤੋਂ ਪਤਾ ਲੱਗਦਾ ਹੈ ਕਿ ਡਰੱਗ ਕਿਸੇ ਵੀ ਚੀਜ ਜਾਂ ਕਿਤੇ ਵੀ ਲੁਕਾ ਕੇ ਰਖੇ ਹੋ ਸਕਦੇ ਹਨ। ਇਸ ਲਈ ਸਾਨੂੰ ਹਰ ਵਕਤ ਚੌਕਸ ਰਹਿਣਾ ਪਵੇਗਾ। ਏਜੰਸੀ ਦੇ ਬੁਲਾਰੇ ਰੋਜਰ ਮਈਰ ਅਨੁਸਾਰ ਬਰਾਮਦ ਕੁਕੀਨ ਦੀ ਅਨੁਮਾਨਤ ਬਜਾਰੀ ਕੀਮਤ 12 ਲੱਖ ਡਾਲਰ ਹੈ।

# ਅਮਰੀਕਾ ਦੇ ਮੋਨਟਾਨਾ ਰਾਜ ਵਿਚ ਪੁਲ ਢਹਿ ਢੇਰੀ ਹੋ ਜਾਣ ਕਾਰਨ ਰੇਲ ਗੱਡੀ ਦੇ ਕਈ ਟੈਂਕਰ ਦਰਿਆ ਵਿਚ ਡਿੱਗੇ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਮੋਨਟਾਨਾ ਰਾਜ ਵਿਚ ਇਕ ਪੁਲ ਢਹਿ ਢੇਰੀ ਹੋ ਗਿਆ ਤੇ ਉਸ ਉਪਰੋਂ ਲੰਘ ਰਹੀ ਮਾਲ ਗੱਡੀ ਦੇ ਕਈ ਟੈਂਕਰ ਯੈਲੋਸਟੋਨ ਦਰਿਆ ਵਿਚ ਡਿੱਗ ਜਾਣ ਦੀ ਖਬਰ ਹੈ।



ਸਟਿਲਵਾਟਰ ਕਾਊਂਟੀ ਦੇ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ ਹੈ। ਮੋਨਟਾਨਾ ਰੇਲ ਲਿੰਕ ਵੱਲੋਂ ਜਾਰੀ ਇਕ ਬਿਆਨ ਅਨੁਸਾਰ ਰੇਲ ਟੈਂਕਰਾਂ ਵਿਚ ਮੋਲਟਨ ਸਲਫਰ ਤੇ ਐਸਫਾਲਟ ਭਰਿਆ ਪਿਆ ਸੀ। ਦੋ ਟੈਂਕਰਾਂ ਵਿਚ ਸੋਡੀਅਮ ਹਾਈਡਰੋਜਨ ਸਲਫੇਟ ਸੀ। ਸਟਿਲਵਾਟਰ ਕਾਊਂਟੀ ਡਿਜਾਸਟਰ ਐਂਡ ਐਮਰਜੈਂਸੀ ਸਰਵਿਸਜ ਅਨੁਸਾਰ ਇਹ ਹਾਦਸਾ ਸਥਾਨਕ ਸਮੇ ਅਨੁਸਾਰ ਸਵੇਰੇ 6 ਵਜੇ ਦੇ ਆਸ ਪਾਸ ਰੀਡ ਪੋਆਇੰਟ ਤੇ ਕੋਲੰਬਸ ਵਿਚਾਲੇ ਬਿਲਿੰਗਜ ਦੇ ਪੱਛਮ ਵਿਚ ਤਕਰੀਬਨ 60 ਮੀਲ ਦੂਰ ਵਾਪਰਿਆ। ਹਾਦਸੇ ਵਿਚ ਜਾਨੀ ਨੁਕਸਾਨ ਹੋਣ ਜਾਂ ਕਿਸ ਦੇ ਜ਼ਖਮੀ ਹੋਣ ਦੀ ਕੋਈ ਰਿਪਰੋਟ ਨਹੀਂ ਹੈ। ਹਾਦਸੇ ਵਿਚ ਕਈ ਟੈਂਕਰਾਂ ਨੂੰ ਨੁਕਸਾਨ ਪੁੱਜਾ ਹੈ ਤੇ ਉਨਾਂ ਵਿਚੋਂ ਪੈਟਰੋਲੀਅਮ ਪਦਾਰਥ ਰਿਸਣ ਦੀ ਵੀ ਜਾਣਕਾਰੀ ਮਿਲੀ ਹੈ। ਖੇਤਰੀ ਰੇਲ ਕੰਪਨੀ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਗੱਡੀ ਦਾ ਅਮਲਾ ਸੁਰੱਖਿਅਤ ਹੈ ਤੇ ਕਿਸੇ ਦੇ ਵੀ ਜ਼ਖਮੀ ਹੋਣ ਦੀ ਰਿਪੋਰਟ ਨਹੀਂ ਹੈ। ਰੇਲ ਹਾਦਸੇ ਦਾ ਕਾਰਨ ਅਜੇ ਸਪੱਸ਼ਟ ਨਹੀਂ ਹੋ ਸਕਿਆ । ਲੋਕਾਂ ਨੂੰ ਕਿਹਾ ਗਿਆ ਹੈ ਕਿ ਉਹ ਯੈਲੋਸਟੋਨ ਦਰਿਆ ਰੇਲ ਪੁਲ ਤੋਂ ਦੂਰ ਰਹਿਣ। ਰਾਜ ਦੇ ਗਵਰਨਰ ਗਰੇਗ ਗਿਆਨਫੋਰਟ ਨੇ ਇਕ ਟਵੀਟ ਵਿਚ ਕਿਹਾ ਹੈ ਕਿ ਉਹ ਰੇਲ ਹਾਦਸੇ ਉਪਰੰਤ ਪੈਦਾ ਹੋਏ ਹਾਲਾਤ ਉਪਰ ਨਜਰ ਰੱਖ ਰਹੇ ਹਨ।

# ਅਮਰੀਕਾ ਦੇ ਮਿਸ਼ੀਗਨ ਰਾਜ ਵਿਚ ਹੋਈ ਗੋਲੀਬਾਰੀ ਵਿੱਚ 2 ਮੌਤਾਂ ਤੇ 15 ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਸਗੀਨਾਅ, ਮਿਸ਼ੀਗਨ ਵਿਚ ਇਕ ਵੱਡੀ ਪਾਰਟੀ ਦੌਰਾਨ ਹੋਈ ਗੋਲੀਬਾਰੀ ਵਿੱਚ 2 ਵਿਅਕਤੀਆਂ ਦੀ ਮੌਤ ਹੋਣ ਤੇ 15 ਹੋਰਨਾਂ ਦੇ ਜ਼ਖਮੀ ਹੋਣ ਦੀ ਖਬਰ ਹੈ। ਮਿਸ਼ੀਗਨ ਸਟੇਟ ਪੁਲਿਸ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਪਾਰਟੀ ਲਈ ਸੋਸ਼ਲ ਮੀਡੀਆ ਉਪਰ ਸੱਦਾ ਦਿੱਤਾ ਗਿਆ ਸੀ। ਗੋਲੀਬਾਰੀ ਦੀ ਘਟਨਾ ਤੋਂ ਪਹਿਲਾਂ ਪੁਲਿਸ ਨੇ ਭੀੜ ਨੂੰ ਉਥੋਂ ਹਟਾ ਦਿੱਤਾ ਸੀ। ਬਿਆਨ ਅਨੁਸਾਰ ਪੁਲਿਸ ਨੂੰ ਨਵੀਂ ਜਗਾ 'ਤੇ ਭੀੜ ਦੇ ਇਕੱਤਰ ਹੋਣ ਦੀ ਜਾਣਕਾਰੀ ਮਿਲੀ ਸੀ। ਇਸੇ ਦੌਰਾਨ ਪੁਲਿਸ ਨੂੰ ਸਵੇਰੇ 12 ਵਜੇ ਗੋਲੀ ਚਲਣ ਦੀ ਸੂਚਨਾ ਮਿਲੀ। ਪੁਲਿਸ ਅਨੁਸਾਰ ਪਾਰਟੀ ਵਿਚ ਸ਼ਾਮਿਲ ਲੋਕਾਂ ਨੇ ਇਕ ਦੂਸਰੇ ਉਪਰ ਗੋਲੀਆਂ ਚਲਾਈਆਂ ਤੇ ਉਥੋਂ ਫਰਾਰ ਹੋ ਗਏ। ਪੁਲਿਸ ਅਨੁਸਾਰ ਕੁਝ ਲੋਕ ਗੋਲੀਆਂ ਵਜਣ ਕਾਰਨ ਜ਼ਖਮੀ ਹੋਏ ਹਨ ਜਦ ਕਿ ਕੁਝ ਲੋਕ ਹਫੜਾ ਦਫੜੀ ਦੌਰਾਨ ਵਾਹਣ ਹੇਠਾਂ ਆ ਕੇ ਜ਼ਖਮੀ ਹੋਏ ਹਨ।



ਮ੍ਰਿਤਕਾਂ ਵਿਚ ਇਕ 19 ਸਾਲਾ ਵਿਅਕਤੀ ਤੇ ਦੂਸਰੀ 51 ਸਾਲ ਦੀ ਔਰਤ ਹੈ। ਪੁਲਿਸ ਨੇ ਕਿਹਾ ਹੈ ਕਿ ਅਜੇ ਤੱਕ ਇਸ ਮਾਮਲੇ ਵਿਚ ਕਿਸੇ ਨੂੰ ਵੀ ਹਿਰਾਸਤ ਵਿਚ ਨਹੀਂ ਲਿਆ ਹੈ ਤੇ ਮਾਮਲਾ ਜਾਂਚ ਅਧੀਨ ਹੈ।

# ਪੀਐਮ ਅਲਬਾਨੀਜ਼ ਨੇ ਖਾਧੀ ਭਾਰਤੀ ਸਟ੍ਰੀਟ ਫੂਡ ਦੀ ਚਾਟ ਤੇ ਜਲੇਬੀ

**ਹੈਰਿਸ ਪਾਰਕ–** ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਸਿਫ਼ਾਰਸ਼ਾਂ 'ਤੇ ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਨੇ ਲਿਟਲ ਇੰਡੀਆ, ਹੈਰਿਸ ਪਾਰਕ ਵਿੱਚ ਭਾਰਤੀ ਸਟਰੀਟ ਫੂਡ ਦਾ ਸਵਾਦ ਚਖਿਆ। ਇਸ ਦੌਰਾਨ ਅਲਬਾਨੀਜ਼ ਨੇ ਚਾਟ ਅਤੇ ਜਲੇਬੀ ਖਾਧੀ। ਅਲਬਾਨੀਜ਼ ਨੇ ਸ਼ੁੱਕਰਵਾਰ ਨੂੰ ਟਵੀਟ ਕੀਤਾ, "ਲਿਟਲ ਇੰਡੀਆ, ਹੈਰਿਸ ਪਾਰਕ ਵਿੱਚ @ਛਹਅਰਲਟੋਨ_ਓਭ ਦੇ ਨਾਲ ਸ਼ਾਨਦਾਰ ਸ਼ੁੱਕਰਵਾਰ ਦੀ ਰਾਤ। ਅਸੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਿਫਾਰਸ਼ 'ਤੇ ਚਾਟਕਾਜ਼ ਵਿੱਚ ਚਾਟ ਅਤੇ ਜੈਪੁਰ ਸਵੀਟਸ ਵਿੱਚ ਜਲੇਬੀ ਟਰਾਈ ਕੀਤੀ।" ਅਲਬਾਨੀਜ਼ ਨੇ ਭਾਰਤੀ ਭੋਜਨ ਦਾ ਆਨੰਦ ਲੈਂਦੇ ਹੋਏ ਖੁਦ ਦੀ ਇੱਕ ਵੀਡੀਓ ਵੀ ਸਾਂਝੀ ਕੀਤੀ ਹੈ। ਉਥੇ ਹੀ ਪੀ।ਐਮ। ਮੋਦੀ ਨੇ ਅਲਬਾਨੀਜ਼ ਦੇ ਟਵੀਟ ਦਾ ਤੁਰੰਤ ਜਵਾਬ ਦਿੱਤਾ। ਉਨ੍ਹਾਂ ਲਿਖਿਆ, 'ਲੱਗ ਰਿਹਾ ਹੈ ਕਿ ਸ਼ੁੱਕਰਵਾਰ ਰਾਤ ਸ਼ਾਨਦਾਰ ਬੀਤੀ, ਤੁਸੀਂ ਭਾਰਤੀ ਸੱਭਿਆਚਾਰ ਅਤੇ ਵੱਖ-ਵੱਖ ਤਰ੍ਹਾਂ ਦੇ ਭੋਜਨ ਦਾ ਆਨੰਦ ਮਾਣਿਆ।








# 700 ਤੋਂ ਵੱਧ ਵਿਦਿਆਰਥੀਆਂ ਨੂੰ ਜਾਅਲੀ ਵੀਜ਼ੇ ਉਤੇ ਕੈਨੇਡਾ ਭੇਜਣ ਵਾਲਾ ਗ੍ਰਿਫ਼ਤਾਰ

**ਨਵੀਂ ਦਿੱਲੀ-**ਟੋਰਾਂਟੋ ਦੀ ਮੀਡੀਆ ਏਜੰਸੀ ਦੀ ਰਿਪੋਰਟ ਮੁਤਾਬਕ 700 ਤੋਂ ਵੱਧ ਵਿਦਿਆਰਥੀਆਂ ਨੂੰ ਫਰਜ਼ੀ ਦਸਤਾਵੇਜ਼ਾਂ 'ਤੇ ਕੈਨੇਡਾ ਭੇਜਣ ਵਾਲੇ ਟਰੈਵਲ ਏਜੰਟ ਬ੍ਰਜੇਸ਼ ਮਿਸ਼ਰਾ ਨੂੰ ਕੈਨੇਡਾ ਤੋਂ ਹੀ ਗ੍ਰਿਫਤਾਰ ਕੀਤਾ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਉਹ ਕੈਨੇਡਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਿਹਾ ਸੀ, ਜਿਸ ਦੌਰਾਨ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਭਾਰਤੀ ਇਮੀਗ੍ਰੇਸ਼ਨ ਏਜੰਟ ਬ੍ਰਜੇਸ਼ ਮਿਸ਼ਰਾ, ਜੋ ਕਥਿਤ ਤੌਰ 'ਤੇ ਜਾਅਲੀ ਕੈਨੇਡੀਅਨ ਕਾਲਜ ਦਾਖਲਾ ਕਾਰਡ ਘੁਟਾਲੇ ਵਿੱਚ ਸ਼ਾਮਲ ਸੀ, ਨੂੰ ਕੈਨੇਡਾ ਵਿੱਚ ਗ੍ਰਿਫਤਾਰ ਕਰ ਲਿਆ ਗਿਆ ਹੈ।

ਬ੍ਰਜੇਸ਼ ਮਿਸ਼ਰਾ, ਜੋ ਕਿ ਜਲੰਧਰ ਵਿੱਚ ਇੱਕ ਇਮੀਗ੍ਰੇਸ਼ਨ ਏਜੰਸੀ ਚਲਾਉਂਦਾ ਸੀ, ਘੁਟਾਲੇ ਦੇ ਸਾਹਮਣੇ ਆਉਣ ਤੋਂ ਕੁਝ ਸਮਾਂ ਪਹਿਲਾਂ ਹੀ ਲਾਪਤਾ ਹੋ ਗਿਆ ਸੀ। ਪੰਜਾਬ ਅਤੇ ਭਾਰਤ ਦੇ ਹੋਰ ਸੂਬਿਆਂ ਦੇ ਸੈਂਕੜੇ ਵਿਦਿਆਰਥੀ ਕਥਿਤ ਤੌਰ 'ਤੇ ਜਾਅਲੀ ਕਾਲਜ ਦਾਖਲਾ ਕਾਰਡ ਘੁਟਾਲੇ ਕਾਰਨ ਕੈਨੇਡਾ ਵਿੱਚ ਦੇਸ਼ ਨਿਕਾਲੇ ਦਾ ਸਾਹਮਣਾ ਕਰ ਰਹੇ ਹਨ। ਦੱਸ ਦੇਈਏ ਕਿ ਕੈਨੇਡਾ ਬਾਰਡਰ ਸਰਵਿਸਿਜ਼ ਨੇ 700 ਭਾਰਤੀ



ਵਿਦਿਆਰਥੀਆਂ ਨੂੰ ਡਿਪੋਰਟ ਕਰਨ ਲਈ ਪੱਤਰ ਜਾਰੀ ਕੀਤਾ ਸੀ, ਜਿਸ ਤੋਂ ਬਾਅਦ ਉਨ੍ਹਾਂ ਨੂੰ ਫਰਜ਼ੀ ਦਸਤਾਵੇਜ਼ਾਂ 'ਤੇ ਕੈਨੇਡਾ ਭੇਜਣ ਦਾ ਮਾਮਲਾ ਸਾਹਮਣੇ ਆਇਆ ਸੀ। ਇਸ ਵਿੱਚ ਠੱਗੀ ਦਾ ਸ਼ਿਕਾਰ ਹੋਏ ਜ਼ਿਆਦਾਤਰ ਵਿਦਿਆਰਥੀ ਪੰਜਾਬ ਦੇ ਸਨ ਅਤੇ ਉਹ ਕਰੀਬ 3 ਸਾਲ ਪਹਿਲਾਂ ਕੈਨੇਡਾ ਗਏ ਸਨ। ਇਸ ਮਾਮਲੇ 'ਚ ਟਰੈਵਲ ਏਜੰਟ ਬ੍ਰਜੇਸ਼ ਮਿਸ਼ਰਾ ਦਾ ਨਾਂ ਸਾਹਮਣੇ ਆਇਆ ਸੀ। ਦੱਸ ਦੇਈਏ ਕਿ ਇਸ ਤੋਂ ਪਹਿਲਾਂ ਟਰੈਵਲ ਏਜੰਟ ਬ੍ਰਜੇਸ਼ ਮਿਸ਼ਰਾ ਦੇ ਸਾਥੀ ਨੂੰ ਜਲੰਧਰ ਤੋਂ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ।

ਇਹ ਮਾਮਲਾ ਉਦੋਂ ਸਾਹਮਣੇ ਆਇਆ ਜਦੋਂ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਵੱਲੋਂ ਕੈਨੇਡਾ ਦੀਆਂ ਯੂਨੀਵਰਸਿਟੀਆਂ ਵਿੱਚ ਦਾਖ਼ਲਾ ਕਾਰਡ ਫਰਜ਼ੀ ਪਾਏ ਜਾਣ ਤੋਂ ਬਾਅਦ ਤਕਰੀਬਨ 700 ਭਾਰਤੀ ਵਿਦਿਆਰਥੀਆਂ, ਜਿਨ੍ਹਾਂ ਵਿੱਚ ਜ਼ਿਆਦਾਤਰ ਪੰਜਾਬ ਦੇ ਸਨ, ਨੂੰ ਦੇਸ਼ ਨਿਕਾਲੇ ਦੇ ਪੱਤਰ ਜਾਰੀ ਕੀਤੇ ਗਏ ਸਨ। ਸਾਰੇ ਭਾਰਤੀ ਵਿਦਿਆਰਥੀ 3 ਸਾਲ ਪਹਿਲਾਂ ਵਿਦਿਆਰਥੀ ਵੀਜ਼ੇ 'ਤੇ ਕੈਨੇਡਾ ਗਏ ਸਨ। ਉਨ੍ਹਾਂ ਨੂੰ ਧੋਖਾਧੜੀ ਦਾ ਉਦੋਂ ਪਤਾ ਲੱਗਾ ਜਦੋਂ ਉਨ੍ਹਾਂ ਨੇ ਪੀਆਰ ਲਈ ਅਰਜ਼ੀ ਦਿੱਤੀ। ਜਾਂਚ ਤੋਂ ਪਤਾ ਲੱਗਾ ਹੈ ਕਿ ਸੰਸਥਾਵਾਂ ਵੱਲੋਂ ਦਿੱਤੇ ਗਏ ਸ਼ੁਰੂਆਤੀ ਆਫਰ ਲੈਟਰ ਫਰਜ਼ੀ ਸਨ। ਇਸ ਤੋਂ ਬਾਅਦ ਜਲੰਧਰ ਦੇ ਇਕ ਟਰੈਵਲ ਏਜੰਟ ਬ੍ਰਜੇਸ਼ ਮਿਸ਼ਰਾ ਦਾ ਨਾਂ ਸਾਹਮਣੇ ਆਇਆ।

# ਚੀਨ ਦੇ ਨੌਜਵਾਨਾਂ 'ਚ ਘਟਿਆ ਵਿਆਹ ਦਾ ਰੁਝਾਨ

**ਬੀਜਿੰਗ-** ਚੀਨ ਨੂੰ ਪਿੱਛੇ ਛੱਡ ਕੇ ਭਾਰਤ ਦੁਨੀਆ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਬਣ ਗਿਆ ਹੈ। ਰਾਜਧਾਨੀ ਬੀਜਿੰਗ ਸਮੇਤ ਦੇਸ਼ ਦੇ ਹੋਰ ਸ਼ਹਿਰਾਂ ਵਿੱਚ ਪਿਛਲੇ ਸਾਲ ਜ਼ੀਰੋ ਕੋਵਿਡ ਨੀਤੀ ਲਾਗੂ ਹੋਈ ਸੀ। ਇਸ ਕਾਰਨ ਕਰੋੜਾਂ ਲੋਕ ਹਫ਼ਤਿਆਂ ਤੱਕ ਘਰਾਂ ਵਿੱਚ ਬੰਦ ਰਹੇ। ਚੀਨ ਵਿੱਚ 'ਵਿਆਹ' ਦੇ ਅੰਕੜੇ 2022 ਵਿੱਚ ਰਿਕਾਰਡ ਹੇਠਲੇ ਪੱਧਰ ਤੱਕ ਡਿੱਗ ਗਏ। ਅੰਕੜੇ ਪਿਛਲੇ ਦਹਾਕੇ ਦੌਰਾਨ ਵਿਆਹਾਂ ਵਿੱਚ ਲਗਾਤਾਰ ਗਿਰਾਵਟ ਨੂੰ ਦਰਸਾਉਂਦੇ ਹਨ। ਦੇਸ਼ 'ਚ ਸਖ਼ਤ ਕੋਵਿਡ ਤਾਲਾਬੰਦੀ ਕਾਰਨ ਵਿਆਹੁਤਾ ਅੰਕੜਿਆਂ 'ਤੇ ਅਸਰ ਪੈਣ ਦੀ ਸੰਭਾਵਨਾ ਹੈ। ਇਸ ਸਬੰਧੀ ਕੁਝ ਅੰਕੜੇ ਸਿਵਲ ਅਫੇਅਰਜ਼ ਮੰਤਰਾਲੇ ਦੀ ਵੈੱਬਸਾਈਟ 'ਤੇ ਸਾਂਝੇ ਕੀਤੇ ਗਏ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਪਿਛਲੇ ਸਾਲ ਸਿਰਫ਼ 6813 ਲੱਖ ਜੋੜਿਆਂ ਨੇ ਆਪਣੇ ਵਿਆਹ ਰਜਿਸਟਰ ਕਰਵਾਏ। ਪਿਛਲੇ ਸਾਲ ਦੇ ਮੁਕਾਬਲੇ ਇਹ ਗਿਣਤੀ ਕਰੀਬ 8 ਲੱਖ ਘੱਟ ਹੈ। ਇਹ ਖ਼ਬਰ ਅਜਿਹੇ ਸਮੇਂ ਵਿੱਚ ਆਈ ਹੈ ਜਦੋਂ ਚੀਨ ਪਹਿਲਾਂ ਹੀ ਘਟਦੀ ਜਨਮ ਦਰ ਅਤੇ ਘਟਦੀ ਆਬਾਦੀ ਦਾ ਸਾਹਮਣਾ ਕਰ ਰਿਹਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ 2022 ਵਿੱਚ ਚੀਨ ਦੀ ਆਬਾਦੀ ਛੇ ਦਹਾਕਿਆਂ ਵਿੱਚ ਪਹਿਲੀ ਵਾਰ ਘਟੇਗੀ। ਇਹ ਗਿਰਾਵਟ ਦੇ ਲੰਬੇ ਸਮੇਂ ਦੀ ਸ਼ੁਰੂਆਤ ਹੋ ਸਕਦੀ ਹੈ, ਜਿਸਦਾ ਦੇਸ਼ ਦੀ ਆਰਥਿਕਤਾ ਅਤੇ ਵਿਸ਼ਵ ਲਈ ਪ੍ਰਭਾਵ ਪੈ ਸਕਦਾ ਹੈ।

### ਭਾਰਤ ਨੇ ਆਬਾਦੀ ਦੇ ਮਾਮਲੇ ਵਿੱਚ ਚੀਨ ਨੂੰ ਛੱਡਿਆ ਪਿੱਛੇ



ਸੰਯੁਕਤ ਰਾਸ਼ਟਰ ਦੇ ਅੰਕੜਿਆਂ ਅਨੁਸਾਰ ਭਾਰਤ ਦੀ ਆਬਾਦੀ 142186 ਕਰੋੜ ਹੋ ਗਈ ਹੈ। ਚੀਨ ਨੂੰ ਪਿੱਛੇ ਛੱਡ ਕੇ ਭਾਰਤ ਦੁਨੀਆ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਬਣ ਗਿਆ ਹੈ। ਸੰਯੁਕਤ ਰਾਸ਼ਟਰ ਦੇ ਵਿਸ਼ਵ ਆਬਾਦੀ ਡੈਸ਼ਬੋਰਡ ਅਨੁਸਾਰ ਚੀਨ ਦੀ ਆਬਾਦੀ 1425,7 ਮਿਲੀਅਨ ਹੈ। ਭਾਰਤ ਦੀ 25 ਫੀਸਦੀ ਆਬਾਦੀ 0-14 (ਸਾਲ) ਦੀ ਉਮਰ ਵਰਗ ਵਿਚ, 18 ਫੀਸਦੀ 10 ਤੋਂ 19 ਸਾਲ ਦੀ ਉਮਰ ਵਰਗ ਵਿਚ, 26 ਫੀਸਦੀ 10 ਤੋਂ 24 ਸਾਲ ਦੀ ਉਮਰ ਵਰਗ ਵਿੱਚ, 68 ਫੀਸਦੀ 15 ਤੋਂ 64 ਸਾਲ ਦੀ ਉਮਰ ਵਰਗ ਵਿੱਚ ਅਤੇ ਆਬਾਦੀ ਦਾ 7 ਪ੍ਰਤੀਸ਼ਤ 65 ਸਾਲ ਤੋਂ ਉੱਪਰ ਹੈ। ਵੱਖ-ਵੱਖ ਏਜੰਸੀਆਂ ਅਨੁਸਾਰ ਭਾਰਤ ਦੀ ਆਬਾਦੀ ਲਗਭਗ 3 ਦਹਾਕਿਆਂ ਤੱਕ ਵਧਦੀ ਰਹਿਣ ਦੀ ਉਮੀਦ ਹੈ। ਇਹ ਸਿਲਸਿਲਾ 165 ਕਰੋੜ ਤੱਕ ਪਹੁੰਚਣ ਤੋਂ ਬਾਅਦ ਹੀ ਘਟਣਾ ਸ਼ੁਰੂ ਹੋਵੇਗਾ।

### ਚੀਨ ਜਨਮ ਦਰ ਵਿੱਚ ਗਿਰਾਵਟ ਤੋਂ ਪ੍ਰੇਸ਼ਾਨ

ਚੀਨ ਦੀ ਜਨਮ ਦਰ ਪਿਛਲੇ ਸਾਲ ਘਟ ਕੇ ਪ੍ਰਤੀ 1,000 ਲੋਕਾਂ 'ਤੇ 6177 'ਤੇ ਆ ਗਈ, ਜੋ ਕਿ 2021 ਵਿੱਚ 7152 ਸੀ। ਇਸ ਦਾ ਮਤਲਬ ਹੈ ਕਿ ਚੀਨ ਅਮੀਰ ਹੋਣ ਤੋਂ ਪਹਿਲਾਂ ਬੁੱਢਾ ਹੋ ਸਕਦਾ ਹੈ। ਦਰਅਸਲ ਦੇਸ਼ ਵਿੱਚ ਕਰਮਚਾਰੀਆਂ ਦੀ ਗਿਣਤੀ ਸੁੰਗੜ ਰਹੀ ਹੈ ਅਤੇ ਸਥਾਨਕ ਸਰਕਾਰਾਂ ਨੂੰ ਬਜ਼ੁਰਗ ਆਬਾਦੀ 'ਤੇ ਵਧੇਰੇ ਖਰਚ ਕਰਨਾ ਪੈ ਰਿਹਾ ਹੈ।

ਪਿਛਲੇ ਮਹੀਨੇ ਹੀ ਵਿਆਹਾਂ ਨੂੰ ਉਤਸ਼ਾਹਿਤ ਕਰਨ ਅਤੇ ਜਨਮ ਦਰ ਨੂੰ ਵਧਾਉਣ ਲਈ ਇੱਕ ਪਾਇਲਟ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਸੀ। ਇਸ ਦਾ ਮਕਸਦ ਚੀਨ ਦੇ 20 ਤੋਂ ਵੱਧ ਸ਼ਹਿਰਾਂ ਵਿੱਚ ਵਿਆਹ ਅਤੇ ਬੱਚੇ ਦੇ ਜਨਮ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨਾ ਹੈ। ਦੇਸ਼ ਦੇ ਕੁਝ ਹਿੱਸਿਆਂ ਵਿੱਚ ਨਵੇਂ ਵਿਆਹਿਆਂ ਨੂੰ ਵਿਆਹ ਦੀ ਛੁੱਟੀ ਦੌਰਾਨ ਵੀ ਤਨਖਾਹ ਦਿੱਤੀ ਜਾ ਰਹੀ ਹੈ।

# ਦੁਨੀਆਂ 'ਚ 5 ਕਰੋੜ ਲੋਕ ਹੰਡਾ ਰਹੇ ਨੇ ਗੁਲਾਮਾਂ ਵਾਲਾ ਜੀਵਨ

**ਨਵੀਂ ਦਿੱਲੀ-** ਆਸਟ੍ਰੇਲੀਆ ਆਧਾਰਿਤ ਅੰਤਰ-ਰਾਸ਼ਟਰੀ ਸੰਸਥਾ ਵਾਕ ਫ੍ਰੀ ਫਾਊਂਡੇਸ਼ਨ ਵਲੋਂ ਜਾਰੀ ਕੀਤੀ ਗਈ ਇਕ ਰਿਪੋਰਟ ਵਿਚ ਦੁਨੀਆ ਵਿਚ ਦਸਿਆ ਗਿਆ ਕਿ ਅੱਜ ਵੀ 5 ਕਰੋੜ ਲੋਕ ਗੁਲਾਮਾਂ ਵਾਲਾ ਜੀਵਨ ਬਤੀਤ ਕਰ ਰਹੇ ਹਨ। ਇਹ ਰਿਪੋਰਟ 172 ਦੇਸ਼ਾਂ ਦੇ ਸਰਵੇ ਤੋਂ ਬਾਅਦ ਤਿਆਰ ਕੀਤੀ ਗਈ ਹੈ। ਹੈਰਾਨੀ ਵਾਲੀ ਗੱਲ ਇਹ ਵੀ ਹੈ ਕਿ 5 ਕਰੋੜ ਲੋਕਾਂ ਵਿਚੋਂ ਗੁਲਾਮੀ ਦਾ ਜੀਵਨ ਜਿਊਣ ਵਾਲੇ ਲਗਭਗ ਢਾਈ ਕਰੋੜ ਲੋਕ ਜੀ-20 ਸਮੂਹ ਦੇ ਦੇਸ਼ਾਂ ਵਿਚ ਵੀ ਰਹਿ ਰਹੇ ਹਨ। ਇਨ੍ਹਾਂ ਵਿਕਸਿਤ ਦੇਸ਼ਾਂ ਵਿਚ ਵੀ ਲੋਕਾਂ ਨੂੰ ਜਬਰੀ ਮਜ਼ਦੂਰੀ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ।

ਜੇਕਰ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿਚ ਗੁਲਾਮੀ ਦਾ ਜੀਵਨ ਜਿਊਣ ਵਾਲੇ ਲੋਕਾਂ ਦੇ ਅੰਕੜਿਆਂ ਨੂੰ ਦੇਖੀਏ ਤਾਂ ਸਭ ਤੋਂ ਪਹਿਲੇ ਨੰਬਰ 'ਤੇ ਭਾਰਤ ਹੈ। ਜਿਥੇ ਲਗਭਗ ਇਕ ਕਰੋੜ ਲੋਕ ਗੁਲਾਮਾਂ ਵਾਲਾ ਜੀਵਨ ਬਤੀਤ ਕਰ ਰਹੇ ਹਨ। ਬਹੁਤੇ ਦਲਿਤ ਤੇ ਕਿਰਤੀ ਜਮਾਤ ਨਾਲ ਸੰਬੰਧਿਤ ਹਨ। ਘੱਟ ਗਿਣਤੀ ਭਾਈਚਾਰਾ ਖਾਸ ਕਰਕੇ ਸਿਖ ਵੱਡੀ ਪਧਰ ਉਪਰ ਗੁਲਾਮੀ ਭੋਗ ਰਹੇ ਹਨ।

ਭਾਰਤ ਤੋਂ ਬਾਅਦ ਚੀਨ ਦਾ ਨੰਬਰ ਆਉਂਦਾ ਹੈ, ਜਿਥੇ 58 ਲੱਖ ਲੋਕ ਗੁਲਾਮਾਂ ਵਾਲਾ ਜੀਵਨ ਜੀਅ ਰਹੇ ਹਨ। ਰੂਸ ਵਿਚ 19 ਲੱਖ, ਇੰਡੋਨੇਸ਼ੀਆ ਵਿਚ 18 ਲੱਖ, ਤੁਰਕੀ ਵਿਚ 13 ਲੱਖ ਅਤੇ ਅਮਰੀਕਾ ਵਿਚ 11 ਲੱਖ ਲੋਕ ਗੁਲਾਮਾਂ ਵਾਲਾ ਜੀਵਨ ਬਤੀਤ ਕਰਨ ਲਈ ਮਜਬੂਰ ਹਨ। ਜਿਨ੍ਹਾਂ ਦੇਸ਼ਾਂ ਵਿਚ ਇਸ ਤਰ੍ਹਾਂ ਦੀ ਗੁਲਾਮੀ ਦਾ ਘੱਟ ਪ੍ਰਚਲਨ ਹੈ, ਉਨ੍ਹਾਂ ਵਿਚ ਸਵਿਟਜ਼ਰਲੈਂਡ, ਨਾਰਵੇ, ਜਰਮਨੀ, ਨੀਦਰਲੈਂਡਜ਼, ਸਵੀਡਨ, ਡੈਨਮਾਰਕ, ਬੈਲਜੀਅਮ, ਆਇਰਲੈਂਡ,



ਜਾਪਾਨ ਅਤੇ ਫਿਨਲੈਂਡ ਆਦਿ ਸ਼ਾਮਿਲ ਹਨ। ਉਂਜ ਇਨ੍ਹਾਂ ਦੇਸ਼ਾਂ ਵਿਚੋਂ ਵੀ ਜ਼ਿਆਦਾਤਰ ਦੇਸ਼ ਜੀ-20 ਸਮੂਹ ਦੇ ਮੈਂਬਰ ਹਨ।

ਰਿਪੋਰਟ ਦੇ ਮੁਤਾਬਿਕ 2021 ਦੇ ਅੰਤ ਤੱਕ 5 ਕਰੋੜ ਲੋਕ ਇਹ ਆਧੁਨਿਕ ਗੁਲਾਮੀ ਝੱਲਣ ਲਈ ਮਜਬੂਰ ਸਨ। ਇਨ੍ਹਾਂ ਵਿਚੋਂ 218 ਕਰੋੜ ਲੋਕਾਂ ਤੋਂ ਜਬਰੀ ਮਜ਼ਦੂਰੀ ਕਰਵਾਈ ਜਾ ਰਹੀ ਸੀ ਅਤੇ 212 ਕਰੋੜ ਲੋਕਾਂ ਦੇ ਜਬਰੀ ਵਿਆਹ ਕੀਤੇ ਗਏ ਸਨ। 2016 ਤੋਂ ਬਾਅਦ 2021 ਤੱਕ ਅਜਿਹੇ ਲੋਕਾਂ ਦੀ ਗਿਣਤੀ ਵਿਚ ਇਕ ਕਰੋੜ ਲੋਕਾਂ ਦਾ ਹੋਰ ਵਾਧਾ ਹੋਇਆ ਸੀ।

ਆਧੁਨਿਕ ਗੁਲਾਮੀ ਹੰਢਾਅ ਰਹੇ ਵੱਡੀ ਗਿਣਤੀ ਵਿਚ ਲੋਕ ਉੱਤਰੀ ਕੋਰੀਆ, ਐਰੀਟ੍ਰਿਆ, ਮੌਰੀਟਾਨੀਆ, ਸਾਊਦੀ ਅਰਬ ਅਤੇ ਤੁਰਕੀ ਵਿਚ ਰਹਿੰਦੇ ਹਨ। ਰਿਪੋਰਟ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਬਰਤਾਨੀਆ, ਆਸਟ੍ਰੇਲੀਆ, ਨੀਦਰਲੈਂਡਜ਼, ਪੁਰਤਗਾਲ ਤੇ ਅਮਰੀਕਾ ਆਦਿ ਦੇਸ਼ਾਂ ਦੀਆਂ ਸਰਕਾਰਾਂ ਵਲੋਂ ਇਸ ਸਮੱਸਿਆ ਦੇ ਹੱਲ ਲਈ ਪ੍ਰਭਾਵੀ ਕਦਮ ਤਾਂ ਚੁੱਕੇ ਜਾ ਰਹੇ ਹਨ, ਪਰ ਅਜਿਹੇ ਲੋਕਾਂ ਦੀਆਂ ਸਥਿਤੀਆਂ ਵਿਚ ਅਜੇ ਵੀ ਇਨ੍ਹਾਂ ਦੇਸ਼ਾਂ ਵਿਚ ਬਹੁਤਾ ਸੁਧਾਰ ਨਹੀਂ ਹੋਇਆ ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਜੀ-20 ਸਮੂਹ ਦੇ, ਬਹੁਤੇ ਦੇਸ਼ ਅਜੇ ਵੀ ਓਨੀ ਗੰਭੀਰਤਾ ਨਾਲ ਅਜਿਹੇ ਕਦਮ ਨਹੀਂ ਚੁੱਕ ਰਹੇ, ਜਿਨ੍ਹਾਂ ਨਾਲ ਕਿ ਇਨ੍ਹਾਂ ਦੇਸ਼ਾਂ ਵਿਚ ਆਧੁਨਿਕ ਗੁਲਾਮੀ ਨੂੰ ਪੂਰੀ ਤਰ੍ਹਾਂ ਸਮਾਪਤ ਕੀਤਾ ਜਾ ਸਕੇ।

ਭਾਵੇਂ ਸੰਯੁਕਤ ਰਾਸ਼ਟਰ ਸੰਘ ਦੀਆਂ ਵੱਖ-ਵੱਖ ਏਜੰਸੀਆਂ ਵਲੋਂ ਇਸ ਸੰਬੰਧ ਵਿਚ ਸਮੇਂ-ਸਮੇਂ 'ਤੇ ਆਵਾਜ਼ ਬੁਲੰਦ ਕੀਤੀ ਜਾਂਦੀ ਹੈ ਅਤੇ ਵਾਕ ਫ੍ਰੀ ਫਾਊਂਡੇਸ਼ਨ ਵਰਗੀਆਂ ਸੰਸਥਾਵਾਂ ਵਲੋਂ ਵੀ ਰਿਪੋਰਟਾਂ ਜਾਰੀ ਕੀਤੀਆਂ ਜਾਂਦੀਆਂ ਹਨ, ਪਰ ਅਜੇ ਵੀ ਗੁਲਾਮਾਂ ਵਾਲਾ ਜੀਵਨ ਜੀਅ ਰਹੇ ਕਰੋੜਾਂ ਲੋਕਾਂ ਦੀ ਜ਼ਿੰਦਗੀ ਵਿਚ ਵੱਡੇ ਸੁਧਾਰ ਨਹੀਂ ਹੋਏ। ਪੂਰੇ ਸਿਖ ਜਗਤ ਨੂੰ ਕੌਮਾਂਤਰੀ ਪਧਰ ਉਪਰ ਗੁਲਾਮੀ ਦਾ ਵਿਰੋਧ ਕਰਨਾ ਚਾਹੀਦਾ ਹੈ। ਖਾਸ ਕਰਕੇ ਭਾਰਤ ਵਿਚ ਦਲਿਤਾਂ, ਮੁਸਲਮਾਨਾਂ, ਕਿਸਾਨਾਂ ਤੇ ਸਿੱਖਾਂ ਨਾਲ ਵਿਤਕਰੇ ਹੋ ਰਹੇ ਹਨ ਉਸ ਵਿਰੁਧ ਸ਼ੋਸ਼ਲ ਮੀਡੀਆ ਤੇ ਸੰਗਤੀ ਪਧਰ ਉਪਰ ਅਵਾਜ਼ ਬੁਲੰਦ ਕਰਨੀ ਚਾਹੀਦੀ ਹੈ।

# ਬਲਿੰਕਨ ਨੇ ਦਿਲਜੀਤ ਦੁਸਾਂਝ ਦੀ ਪੀਐੱਮ ਮੋਦੀ ਸਾਹਮਣੇ ਕੀਤੀ ਤਾਰੀਫ਼

**ਹੈਦਰਾਬਾਦ-** ਅਜਿਹਾ ਲੱਗਦਾ ਹੈ ਕਿ ਜਿਵੇਂ ਪੰਜਾਬੀ ਗਾਇਕ-ਅਦਾਕਾਰ ਦਿਲਜੀਤ ਦੁਸਾਂਝ ਨੂੰ ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਦੇ ਰੂਪ ਵਿੱਚ ਇੱਕ ਵੱਡਾ ਫੈਨ ਮਿਲਿਆ ਹੈ। ਦਰਅਸਲ, ਪਿਛਲੇ ਸ਼ੁੱਕਰਵਾਰ ਨੂੰ ਅਮਰੀਕੀ ਵਿਦੇਸ਼ ਵਿਭਾਗ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨਾਲ ਦੁਪਹਿਰ ਦੇ ਖਾਣੇ ਦੀ ਮੇਜ਼ਬਾਨੀ ਕੀਤੀ, ਜਿੱਥੇ ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਆਪਣੇ ਸੰਬੋਧਨ ਵਿੱਚ ਮਸ਼ਹੂਰ ਗਾਇਕ ਦਿਲਜੀਤ ਦੁਸਾਂਝ ਦਾ ਜ਼ਿਕਰ ਕੀਤਾ ਅਤੇ ਦੱਸਿਆ ਕਿ ਕਿਵੇਂ ਭਾਰਤ ਉਨ੍ਹਾਂ ਦੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਹੈ। ਬਲਿੰਕਨ ਨੇ ਦਿਲਜੀਤ ਲਈ ਅਮਰੀਕਾ ਦੇ ਪਿਆਰ ਬਾਰੇ ਦੱਸਿਆ।"

ਭਾਰਤ ਸਾਡੇ ਰੋਜ਼ਾਨਾ ਜੀਵਨ ਦਾ ਇੱਕ ਹਿੱਸਾ ਹੈ, ਇੱਥੇ ਅਮਰੀਕਾ ਵੀ ਵਿੱਚ ਭਾਰਤ ਸਾਡੇ ਰੋਜ਼ਾਨਾ ਜੀਵਨ ਦਾ ਹਿੱਸਾ ਹੈ। ਅਸੀਂ ਸਮੋਸੇ ਉੱਤੇ ਝੁੰਪਾ ਲਹਿਰੀ ਦੇ ਨਾਵਲਾਂ ਦਾ ਆਨੰਦ ਮਾਣਦੇ ਹਾਂ। ਅਸੀਂ ਮਿੰਡੀ ਕਲਿੰਗ ਦੀਆਂ ਕਾਮੇਡੀਜ਼ 'ਤੇ ਹੱਸਦੇ ਹਾਂ।



ਅਸੀਂ ਕੋਚੇਲਾ ਵਿਖੇ ਦਿਲਜੀਤ ਦੀਆਂ ਬੀਟਾਂ 'ਤੇ ਨੱਚਦੇ ਹਾਂ ਅਤੇ ਹਾਂ ਪ੍ਰਧਾਨ ਮੰਤਰੀ ਜੀ, ਮੈਂ ਨਿੱਜੀ ਤਜ਼ਰਬੇ ਤੋਂ ਇਹ ਕਹਿ ਸਕਦਾ ਹਾਂ, ਅਸੀਂ ਯੋਗਾ ਕਰਕੇ ਆਪਣੇ ਆਪ ਨੂੰ ਫਿੱਟ ਅਤੇ ਸਿਹਤਮੰਦ ਰੱਖਦੇ ਹਾਂ। ਸੰਯੁਕਤ ਰਾਜ ਅਮਰੀਕਾ ਸਾਡੇ ਅਮੀਰ ਭਾਰਤੀ ਡਾਇਸਪੋਰਾ ਦੁਆਰਾ ਬਹੁਤ ਅਮੀਰ ਹੈ।" ਬਲਿੰਕਨ ਨੇ ਕਿਹਾ।

ਹੁਣ ਦਿਲਜੀਤ ਵੀ ਸੱਚਮੁੱਚ ਬਲਿੰਕਨ ਦੀਆਂ ਇਹਨਾਂ ਗੱਲਾਂ ਤੋਂ ਪ੍ਰਭਾਵਿਤ ਹੋ ਗਿਆ ਹੈ। ਉਸਨੇ ਬਲਿੰਕਨ ਦੀ ਇੱਕ ਕਲਿੱਪ ਸਾਂਝੀ ਕੀਤੀ ਹੈ ਅਤੇ ਇਸਨੂੰ ਭਾਰਤੀ ਅਤੇ ਅਮਰੀਕੀ ਝੰਡੇ ਦੇ ਨਾਲ ਕੈਪਸ਼ਨ ਦਿੱਤਾ ਹੈ।ਤੁਹਾਨੂੰ ਦੱਸ ਦਈਏ ਕਿ ਅਪ੍ਰੈਲ 2023 ਵਿੱਚ ਦਿਲਜੀਤ ਨੇ ਕੋਚੇਲਾ ਵਿੱਚ ਪ੍ਰਦਰਸ਼ਨ ਕਰਨ ਵਾਲਾ ਪਹਿਲਾਂ ਪੰਜਾਬੀ ਗਾਇਕ ਬਣ ਕੇ ਹਰ ਭਾਰਤੀ ਨੂੰ ਮਾਣ ਮਹਿਸੂਸ ਕਰਵਾਇਆ ਸੀ। ਕੋਚੇਲਾ ਇੰਡੀਓ, ਕੋਚੇਲਾ ਵੈਲੀ ਕੈਲੀਫੋਰਨੀਆ ਵਿੱਚ ਇੱਕ ਸਲਾਨਾ ਸੰਗੀਤ ਉਤਸਵ ਹੈ, ਜੋ ਦੁਨੀਆ ਭਰ ਦੇ ਉੱਚ-ਸ਼੍ਰੇਣੀ ਦੇ ਕਲਾਕਾਰਾਂ ਨੂੰ ਪ੍ਰਦਰਸ਼ਿਤ ਕਰਦਾ ਹੈ।

ਆਉਣ ਵਾਲੇ ਮਹੀਨਿਆਂ ਵਿੱਚ ਦਿਲਜੀਤ ਨੈੱਟਫਲਿਕਸ ਦੀ ਫਿਲਮ 'ਚਮਕੀਲਾ' ਦੇ ਨਾਲ ਆਉਣ ਲਈ ਪੂਰੀ ਤਰ੍ਹਾਂ ਤਿਆਰ ਹੈ, ਜਿਸਦਾ ਨਿਰਦੇਸ਼ਨ ਇਮਤਿਆਜ਼ ਅਲੀ ਕਰ ਰਹੇ ਹਨ। ਇਹ ਫਿਲਮ ਪੰਜਾਬ ਦੇ ਲੋਕਾਂ ਦੇ ਅਸਲੀ ਰੌਕਸਟਾਰ ਅਮਰ ਸਿੰਘ ਚਮਕੀਲਾ ਦੀ ਅਣਕਹੀ ਸੱਚੀ ਕਹਾਣੀ ਪੇਸ਼ ਕਰਦੀ ਹੈ, ਜੋ ਗਰੀਬੀ ਦੇ ਪਰਛਾਵੇਂ ਤੋਂ ਉਭਰ ਕੇ 80 ਦੇ ਦਹਾਕੇ ਵਿੱਚ ਆਪਣੇ ਸੰਗੀਤ ਦੀ ਅਥਾਹ ਸ਼ਕਤੀ ਕਾਰਨ ਪ੍ਰਸਿੱਧੀ ਦੀਆਂ ਸਿਖਰਾਂ 'ਤੇ ਪਹੁੰਚ ਗਿਆ ਸੀ, ਜਿਸ ਨੇ ਰਾਹ ਵਿੱਚ ਬਹੁਤ ਸਾਰੇ ਲੋਕਾਂ ਨੂੰ ਗੁੱਸੇ ਕੀਤਾ ਸੀ, ਜਿਸ ਕਾਰਨ 27 ਸਾਲ ਦੀ ਛੋਟੀ ਉਮਰ ਵਿੱਚ ਉਸਦੀ ਹੱਤਿਆ ਹੋ ਗਈ।ਆਪਣੇ ਸਮੇਂ ਦੇ ਸਭ ਤੋਂ ਵੱਧ ਰਿਕਾਰਡ-ਵਿਕਰੀ ਕਲਾਕਾਰ, ਚਮਕੀਲਾ ਨੂੰ ਅਜੇ ਵੀ ਪੰਜਾਬ ਦੇ ਸਭ ਤੋਂ ਵਧੀਆ ਲਾਈਵ-ਸਟੇਜ ਕਲਾਕਾਰਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ।

ਫਿਲਮ ਦਾ ਹਿੱਸਾ ਬਣਨ 'ਤੇ ਦਿਲਜੀਤ ਨੇ ਪਹਿਲਾਂ ਕਿਹਾ ਸੀ ਕਿ "ਅਮਰ ਸਿੰਘ ਚਮਕੀਲਾ ਦਾ ਕਿਰਦਾਰ ਨਿਭਾਉਣਾ ਮੇਰੀ ਜ਼ਿੰਦਗੀ ਦਾ ਸਭ ਤੋਂ ਚੁਣੌਤੀਪੂਰਨ ਅਨੁਭਵ ਰਿਹਾ ਹੈ ਅਤੇ ਮੈਂ ਇੱਕ ਹੋਰ ਦਿਲਚਸਪ ਕਹਾਣੀ ਦੇ ਨਾਲ ਨੈੱਟਫਲਿਕਸ 'ਤੇ ਵਾਪਸੀ ਕਰਕੇ ਰੋਮਾਂਚਿਤ ਹਾਂ। ਇਹ ਬਹੁਤ ਖੁਸ਼ੀ ਦੀ ਗੱਲ ਹੈ। ਪਰਿਣੀਤੀ ਅਤੇ ਸਮੁੱਚੀ ਟੀਮ ਨਾਲ ਕੰਮ ਕਰਨਾ ਜਿਸਨੇ ਇਸ ਖੂਬਸੂਰਤ ਕਹਾਣੀ ਨੂੰ ਜੀਵਨ ਵਿੱਚ ਲਿਆਉਣ ਲਈ ਬਹੁਤ ਸਖਤ ਮਿਹਨਤ ਕੀਤੀ ਹੈ। ਰਹਿਮਾਨ ਸਰ ਦੇ ਮਿਸਾਲੀ ਸੰਗੀਤ ਨੂੰ ਗਾਉਣ ਦੇ ਯੋਗ ਹੋਣਾ ਇੱਕ ਧਿਆਨ ਦੇਣ ਵਾਲਾ ਅਨੁਭਵ ਸੀ ਅਤੇ ਮੈਨੂੰ ਉਮੀਦ ਹੈ ਕਿ ਮੈਂ ਉਨ੍ਹਾਂ ਦੇ ਦ੍ਰਿਸ਼ਟੀਕੋਣ ਨਾਲ ਇਨਸਾਫ਼ ਕਰਨ ਦੇ ਯੋਗ ਹੋਵਾਂਗਾ। ਧੰਨਵਾਦ। ਇਸ ਰੋਲ ਲਈ ਮੇਰੇ 'ਤੇ ਵਿਸ਼ਵਾਸ ਕਰਨ ਲਈ ਇਮਤਿਆਜ਼ ਭਾਜੀ ਦਾ ਧੰਨਵਾਦ।"

# ਪਾਕਿ ਤੋਂ 90 ਸਾਲਾ ਅਫ਼ਜਲ ਬੀਬੀ ਪੁੱਜੀ ਪੇਕੇ ਪਿੰਡ ਰੂਪਨਗਰ

**ਰੂਪਨਗਰ-** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਕਰਮਦੀਨ ਦੇ ਸਤਿਕਾਰਯੋਗ ਭੂਆ ਜੀ 76 ਸਾਲ ਬਾਅਦ ਆਪਣੇ ਭਤੀਜੇ ਨੂੰ ਮਿਲਣ ਰੂਪਨਗਰ ਪੁੱਜੇ। ਜ਼ਿਕਰਯੋਗ ਹੈ ਕਿ 1947 'ਚ ਵੰਡ ਸਮੇਂ ਅਫ਼ਜਲ ਬੀਬੀ ਜੋ ਉਸ ਸਮੇਂ ਲਗਭਗ 14 ਸਾਲ ਦੀ ਸੀ ਆਪਣੇ ਨਾਨਕੇ ਪਿੰਡ ਬਾਰਾਂ ਚੱਕ ਜ਼ਿਲ੍ਹਾ ਛਾਈਵਾਲ ਗਈ ਹੋਈ ਸੀ ਕਿ ਵੰਡ ਦਾ ਐਲਾਨ ਹੋ ਗਿਆ ਅਤੇ ਹਜ਼ਾਰਾਂ ਲੱਖਾਂ ਪਰਿਵਾਰਾਂ ਵਾਂਗ ਇਸ ਪਰਿਵਾਰ 'ਚੋਂ ਵੀ ਇਹ ਬੀਬੀ ਪਾਕਿਸਤਾਨ ਰਹਿ ਗਏ ਅਤੇ ਬਾਕੀ ਪਰਿਵਾਰ ਆਪਣੇ ਪਿੰਡ ਖਡੂਰ ਸਾਹਿਬ ਭਾਰਤ 'ਚ ਰਹਿ ਗਿਆ। 76 ਸਾਲ ਦੀਆਂ ਕੋਸ਼ਿਸ਼ਾਂ ਨੂੰ ਹੁਣ ਬੂਰ ਪਿਆ



ਜਦੋਂ ਅਫ਼ਜਲ ਬੀਬੀ ਨੂੰ 90 ਸਾਲ ਦੀ ਉਮਰ ਵਿਚ ਇਕ ਮਹੀਨੇ ਲਈ ਭਾਰਤ ਦਾ ਵੀਜ਼ਾ ਮਿਲ ਗਿਆ ਅਤੇ ਉਹ ਖਡੂਰ ਸਾਹਿਬ ਆਪਣੇ ਪੇਕੇ ਪਿੰਡ ਅਤੇ ਰੂਪਨਗਰ ਸ਼ਹਿਰ 'ਚ ਰਹਿੰਦੇ ਆਪਣੇ ਭਤੀਜੇ ਕਰਮਦੀਨ ਨੂੰ ਮਿਲਣ ਲਈ ਰੂਪਨਗਰ ਪੁੱਜੇ। ਇਸ ਮੌਕੇ ਕਰਮਦੀਨ ਦੇ ਪਰਿਵਾਰ ਦੇ ਨਾਲ-ਨਾਲ ਪੰਜਾਬ ਦੇ ਸਾਬਕਾ ਸਿੱਖਿਆ ਮੰਤਰੀ ਡਾ। ਦਲਜੀਤ ਸਿੰਘ ਚੀਮਾ ਦੀ ਅਗਵਾਈ ਵਿਚ ਸ਼ਹਿਰ ਵਾਸੀਆਂ ਵੱਲੋਂ ਵੀ ਬੜੇ ਭਾਵੁਕ ਮਾਹੌਲ ਵਿਚ ਬੀਬੀ ਦਾ ਸੁਆਗਤ ਕੀਤਾ ਗਿਆ।

# ਗਲਾਸਗੋ ਮੇਲਾ 2023 ਦਾ ਹਜ਼ਾਰਾਂ ਦੀ ਗਿਣਤੀ 'ਚ ਪਹੁੰਚੇ ਮੇਲੀਆਂ ਨੇ ਆਨੰਦ ਮਾਣਿਆ





**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)–** ਸਕਾਟਲੈਂਡ ਦੀ ਧਰਤੀ 'ਤੇ ਹਰ ਸਾਲ ਹੋਣ ਵਾਲਾ ਗਲਾਸਗੋ ਮੇਲਾ ਵਿਲੱਖਣ ਸਥਾਨ ਰੱਖਦਾ ਹੈ। ਇਸ ਮੇਲੇ ਦੀ ਸਕਾਟਲੈਂਡ ਵਸਦੇ ਲੋਕ ਬੇਸਬਰੀ ਨਾਲ ਉਡੀਕ ਕਰਦੇ ਹਨ। ਗਲਾਸਗੋ ਦੇ ਕੈਲਵਿਨਗ੍ਰੋਵ ਪਾਰਕ ਵਿੱਚ ਇਸ ਵਰ੍ਹੇ ਦਾ "ਗਲਾਸਗੋ ਮੇਲਾ 2023" ਸ਼ਾਨੋ ਸ਼ੌਕਤ ਨਾਲ ਨੇਪਰੇ ਚੜ੍ਹਿਆ। ਮੇਲੇ ਦੀ ਸ਼ੁਰੂਆਤ ਮੀਂਹ ਦੀ ਭੇਂਟ ਚੜ੍ਹ ਗਈ ਪਰ ਮੇਲੀਆਂ ਦੇ ਉਤਸ਼ਾਹ ਨੂੰ ਮੀਂਹ ਵੀ ਮੱਠਾ ਪਾਉਣ ਵਿੱਚ ਅਸਫਲ ਰਿਹਾ। ਵੱਖ ਵੱਖ ਧਰਮਾਂ, ਫਿਰਕਿਆਂ, ਦੇਸ਼ਾਂ ਦੇ ਲੋਕ ਮੇਲੇ ਦਾ ਆਨੰਦ ਮਾਣਦੇ ਨਜ਼ਰ ਆ ਰਹੇ ਸਨ। ਕੱਪੜਿਆਂ, ਗਹਿਣਿਆਂ, ਮਠਿਆਈਆਂ ਤੇ ਹੋਰ ਖਾਣ ਪੀਣ ਦੀਆਂ ਦੁਕਾਨਾਂ 'ਤੇ ਰੌਣਕਾਂ ਪੰਜਾਬ ਦੇ ਕਿਸੇ ਮੇਲੇ ਦੀ ਯਾਦ ਤਾਜ਼ਾ ਕਰਵਾ ਰਹੀਆਂ ਸਨ। ਲੋਕਾਂ ਦੇ ਮਨੋਰੰਜਨ ਲਈ ਇੱਕ ਛੋਟੀ ਤੇ ਇੱਕ ਵੱਡੀ ਸਟੇਜ ਰਾਹੀਂ ਵੱਖ ਵੱਖ ਕਲਾਕਾਰ ਸਾਰਾ ਦਿਨ ਮੇਲੀਆਂ ਦਿ ਮਨੋਰੰਜਨ ਕਰਦੇ ਰਹੇ। ਮੇਲੇ ਦੀ ਵੱਡੀ ਸਟੇਜ ਤੋਂ ਗਾਇਕ



ਮਾਣਕੀ, ਗਾਇਕ ਐਚ ਧਾਮੀ, ਗਾਇਕ ਅਰਜਨ ਸਮੇਤ ਬਹੁਤ ਸਾਰੇ ਕਲਾਕਾਰਾਂ ਨੇ ਆਪਣੇ ਪ੍ਰਸਿੱਧ ਗੀਤਾਂ ਰਾਹੀਂ ਵਰ੍ਹਦੇ ਮੀਂਹ ਵਿੱਚ ਵੀ ਨੱਚਣ ਲਈ ਮਜਬੂਰ ਕੀਤਾ। ਮੇਲੇ ਦੇ ਅਖੀਰ 'ਤੇ ਗਾਇਕ ਅੰਗਰੇਜ ਅਲੀ ਦੀ ਵਾਰੀ ਆਈ ਤਾਂ ਮੀਂਹ ਹਟਣ ਦੇ ਨਾਲ ਨਾਲ ਤਿੱਖੀ ਧੁੱਪ ਨਿਕਲਣ ਕਾਰਨ ਮਾਹੌਲ ਵਿੱਚ ਗਰਮਾਹਟ ਆ ਗਈ। ਅੰਗਰੇਜ ਅਲੀ ਨੇ ਆਪਣੀ ਬੁਲੰਦ ਆਵਾਜ ਵਿੱਚ ਇੱਕ ਤੋਂ ਵੱਧ ਇੱਕ ਗੀਤ ਗਾ ਕੇ ਦੂਰ ਦੂਰ ਫਿਰਦੇ ਲੋਕਾਂ ਨੂੰ ਵੀ ਸਟੇਜ ਨੇੜੇ ਪਹੁੰਚਣ ਲਈ ਮਜਬੂਰ ਕਰ ਦਿੱਤਾ। ਅੰਗਰੇਜ ਅਲੀ ਵੱਲੋਂ ਲਾਈਵ ਬੈਂਡ ਨਾਲ ਕੀਤੀ ਪੇਸ਼ਕਾਰੀ ਦੀ ਹਰ ਕੋਈ ਤਾਰੀਫ ਕਰਦਾ ਨਜ਼ਰ ਆ ਰਿਹਾ ਸੀ। ਮੁੱਕਦੀ ਗੱਲ ਇਹ ਕਿ ਇਸ ਵਰ੍ਹੇ ਦਾ ਗਲਾਸਗੋ ਮੇਲਾ ਅੰਗਰੇਜ ਅਲੀ ਆਪਣੇ ਨਾਮ ਕਰਵਾ ਗਿਆ।

ਇਸ ਪ੍ਰਤੀਨਿਧ ਨਾਲ ਗੱਲਬਾਤ ਦੌਰਾਨ ਮੇਲਾ ਪ੍ਰਬੰਧਕ ਹਰਦੀਪ ਸਿੰਘ ਸੋਢੀ ਦੀਹਰੇ ਨੇ ਜਿੱਥੇ ਮੇਲੇ ਦੀ ਸਫ਼ਲਤਾ 'ਤੇ ਖੁਸ਼ੀ ਦਾ ਇਜ਼ਹਾਰ ਕੀਤਾ, ਉੱਥੇ ਸਕਾਟਲੈਂਡ ਦੇ ਲੋਕਾਂ ਦਾ ਦਿਲੀ ਧੰਨਵਾਦ ਕੀਤਾ ਜਿਹਨਾਂ ਨੇ ਮੌਸਮ ਦੀ ਪ੍ਰਵਾਹ ਨਾ ਕਰਦਿਆਂ ਵੀ ਕਲਾਕਾਰਾਂ ਦੀ ਹੌਸਲਾ ਅਫ਼ਜਾਈ ਕਰਨ 'ਚ ਕੋਈ ਕਸਰ ਬਾਕੀ ਨਹੀਂ ਛੱਡੀ।

# ਮੈਂ ਸੇਵਾ ਬਿਨਾ ਡਰ ਅਤੇ ਭੈਅ ਤੋਂ ਕੀਤੀ : ਗਿਆਨੀ ਹਰਪ੍ਰੀਤ ਸਿੰਘ

**ਅੰਮ੍ਰਿਤਸਰ–** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਵੇਂ ਜਥੇਦਾਰ ਗਿਆਨੀ ਰਘੁਬੀਰ ਸਿੰਘ ਦੀ ਤਾਜਪੋਸ਼ੀ ਸਮਾਗਮ ਕਰਵਾਇਆ। ਇਸ ਮੌਕੇ ਧਾਰਮਿਕ ਅਤੇ ਰਾਜਨੀਤਿਕ ਜਥੇਬੰਦੀਆਂ ਨੇ ਵੱਡੀ ਗਿਣਤੀ 'ਚ ਸ਼ਿਰਕਤ ਕੀਤੀ। ਇਸੇ ਦੌਰਾਨ ਸ੍ਰੀ ਆਕਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ



ਮੀਡੀਆ ਨੂੰ ਸੰਬੋਧਨ ਕਰਦੇ ਹੋਏ ਸ੍ਰੀ ਆਕਲ ਤਖ਼ਤ ਸਾਹਿਬ ਦੇ ਨਵੇਂ ਜਥੇਦਾਰ ਸਾਹਿਬ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਮੈਂ ਅਕਾਲ ਪੁਰਖ ਅੱਗੇ ਅਰਦਾਸ ਕਰਦਾ ਹਾਂ ਕਿ ਗਿਆਨੀ ਰਘਬੀਰ ਸਿੰਘ 'ਤੇ ਮਿਹਰ ਭਰਿਆ ਹੱਥ ਰੱਖਣ। ਉਨ੍ਹਾਂ ਕਿਹਾ ਕਿ ਮੈਂ ਪੌਣੇ ਪੰਜ ਸਾਲ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਦੇ ਨਾਲ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਸੇਵਾਵਾਂ ਨਿਭਾਈਆਂ ਹਨ। ਉਨ੍ਹਾਂ ਕਿਹਾ ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਸ੍ਰੀ ਗੁਰੂ ਹਰਗੋਬਿੰਦ ਸਿੰਘ ਜੀ ਪਾਤਸ਼ਾਹ ਨੇ ਮੇਰੇ ਸਿਰ 'ਤੇ ਮਿਹਰ ਭਰਿਆ ਹੱਥ ਰੱਖ ਕੇ ਮੇਰੇ ਤੋਂ ਸੇਵਾ ਲਈ ਅਤੇ ਮੈਂ ਆਪਣੀ ਸੇਵਾ ਬਿਨਾ ਡਰ ਅਤੇ ਭੈਅ ਤੋਂ ਕੀਤੀ ਹੈ । ਇਸ ਕਰਕੇ ਮੈਂ ਆਪਣੀਆਂ ਸੇਵਾਵਾਂ ਤੋਂ ਖੁਸ਼ ਹਾਂ।

ਅਹੁਦਾ ਛੱਡਣ ਤੋਂ ਬਾਅਦ ਪਹਿਲੀ ਵਾਰ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਗ ਜਿੱਥੇ ਖੁੱਲ੍ਹ ਕੇ ਬੋਲਦੇ ਦਿ-ਖਾਈ ਦਿੱਤੇ, ਉੱਥੇ ਹੀ ਬਹੁਤ ਵੱਡਾ ਬਿਆਨ ਵੀ ਦੇ ਦਿੱਤਾ। ਉਨ੍ਹਾਂ ਆਖਿਆ ਕਿ ਮੈਂ ਆਪਣੀ ਇੱਛਾ ਨਾਲ ਅਹੁਦਾ ਛੱਡਿਆ ਹੈ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਜਦੋਂ ਮੈਂ ਆਸਟ੍ਰੇਲੀਆ ਗਿਆ ਸੀ ਤਾਂ ਚੀਫ ਸੈਕਟਰੀ ਨੂੰ ਬੁਲਾ ਕੇ ਮੈਂ ਕਿਹਾ ਸੀ ਕਿ ਮੈਂ ਇਸ ਸੇਵਾ ਮੁਕਤ ਹੋਣਾ ਚਾਹੁੰਦਾ ਹਾਂ। ਸ਼੍ਰੋਮਣੀ ਗੁਰਦੁ-ਆਰਾ ਪ੍ਰਬੰਧਕ ਕਮੇਟੀ ਮੇਰੇ ਕੋਲੋਂ ਦੋਵੇਂ ਤਖਤਾਂ ਦੀ ਸੇਵਾ ਲੈ ਕੇ ਕਿਸੇ ਯੋਗ ਗੁਰਸਿੱਖ ਨੂੰ ਸੌਂਪ ਸਕਦੀ ਹੈ। ਉਨ੍ਹਾਂ ਕਿਹਾ ਕਿ ਮੇਰੇ ਮਨ ਵਿੱਚ ਕੋਈ ਗਿਲਾ ਸ਼ਿਕਵਾ ਨਹੀਂ। ਸ਼੍ਰੋਮਣੀ ਕਮੇਟੀ ਨੇ ਜੋ ਕੀਤਾ ਹੈ ਉਹ ਆਪਣੇ ਹਿਸਾਬ ਨਾਲ ਠੀਕ ਕੀਤਾ ਹੈ। ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਜੋ ਬਿੱਲ ਪਾਸ ਕੀਤਾ ਹੈ ਉਸ ਦੀ ਮਾਨਤਾ ਹੈ ਜਾਂ ਨਹੀਂ ਉਹ ਮਾਹਿਰ ਹੀ ਦੱਸ ਸਕਦੇ ਹਨ।

ਗਿਆਨੀ ਹਰਪ੍ਰੀਤ ਸਿੰਘ ਨੇ ਇਸ ਮੌਕੇ ਆਖਿਆ ਕਿ 1925 ਗੁਰਦੁਆਰਾ ਐਕਟ ਦਾ ਮਜ਼ਾਕ ਬਣਾ ਕੇ ਰੱਖ ਦਿੱਤਾ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ 'ਤੇ ਤਿੱਖਾ ਤੰਜ਼ ਕੱਸਦੇ ਕਿਹਾ ਕਿ ਮੈਂ ਸ਼੍ਰੋਮਣੀ ਅਕਾਲੀ ਕਮੇਟੀ ਨੂੰ ਆਖਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਵਿਰਸਾ ਸਿੰਘ ਵਲਟੋਹਾ ਨੂੰ ਦੇਵੇ , ਉਸ ਵਿੱਚ ਬਹੁਤ ਹਿੰਮਤ ਹੈ। ਉਨ੍ਹਾਂ ਕਿਹਾ ਕਿ ਉਹ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਸੇਵਾ ਕਰਦੇ ਰਹਾਂਗੇ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਜੇਕਰ ਮੇਰੇ ਕੋਲੋ ਤਖ਼ਤ ਦਮਦਮਾ ਸਾਹਿਬ ਦੀ ਸੇਵਾ ਵਾਪਸ ਲੈਣੀ ਚਾਹੰਦੇ ਹਨ ਤਾਂ ਲੈ ਸਕਦੇ ਹਨ ਮੈਂ ਅਹੁਦਾ ਛੱਡਣ ਨੂੰ ਇੱਕ ਮਿੰਟ ਨਹੀਂ ਲਗਾਵਾਂਗਾ। ਉਨ੍ਹਾਂ ਆਖਿਆ ਕਿ ਮੈਂ ਇੰਗਲੈਂਡ ਵਿੱਚ ਇੱਕ ਇੰਟਰਵਿਊ ਵਿੱਚ ਕਿਹਾ ਸੀ ਮੈ ਪਰੈਸ਼ਰ ਨਹੀਂ ਮਨਾਂਗਾ।

# ਖੇਡਾਂ ਵਿੱਚ ਮੱਲਾਂ ਮਾਰਨ ਵਾਲੇ ਖਿਡਾਰੀਆਂ ਨੂੰ ਡੀ.ਐਸ.ਓ. ਨੇ ਕੀਤਾ ਸਨਮਾਨਤ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਸਕੂਲ ਗੇਮਜ ਫੈਡਰੇਸਨ ਆਫ ਇੰਡੀਆ ਵੱਲੋਂ 66 ਵੀਆਂ ਨੈਸਨਲ ਸਕੂਲ ਗੇਮਾ 2022-23 ਦਿੱਲੀ ਵਿਖੇ ਮਿਤੀ 06 ਜੂਨ 23 ਤੋਂ 12 ਜੂਨ 23 ਤੱਕ ਕਰਵਾਈਆਂ ਗਈਆਂ। ਜਿਸ ਵਿੱਚ ਜਿਲ੍ਹਾ ਪਠਾਨਕੋਟ ਦੇ ਏ.ਪੀ.ਐਸ ਸਕੂਲ ਕੰ-ਦਰੋੜੀ ਦੀ ਵਿਦਿਆਰਥਣ ਸੰਜਨਾ ਪੁੱਤਰੀ ਸ੍ਰੀ ਰਵੀ ਸਿੰਘ ਨੇ ਬਾਸਕਟਬਾਲ ਗੇਮ ਵਿੱਚ ਦੂਸਰਾ ਸਥਾਨ (ਸਿਲਵਰ ਮੈਡਲ) ਪ੍ਰਾਪਤ ਕੀਤਾ। ਇਸ ਦੇ ਨਾਲ ਹੀ ਸਕੂਲ ਗੇਮਜ ਫੈਡਰੇਸਨ ਆਫ ਇੰਡੀਆ ਵੱਲੋਂ 66 ਵੀਆਂ ਨੈਸਨਲ ਸਕੂਲ ਗੇਮਾ 2022-23 ਭੋਪਾਲ (ਐਮ.ਪੀ) ਵਿਖੇ ਮਿਤੀ 6 ਜੂਨ 23 ਤੋਂ 12 ਜੂਨ 23 ਤੱਕ ਕਰਵਾਈਆਂ ਗਈਆਂ। ਜਿਸ ਵਿੱਚ ਜਿਲ੍ਹਾ ਪਠਾਨਕੋਟ ਦੇ ਸ.ਸ.ਸ. ਸਕੂਲ ਸਾਹਪੁਰਕੰਡੀ ਟਾਊਨਸਿਪ ਦੇ ਵਿਦਿਆਰਥੀ ਤਰੁਣ ਪੁੱਤਰ ਸ੍ਰੀ ਸੁਖਦੇਵ ਰਾਜ ਨੇ ਐਥਲੈਟਿਕਸ ਵਿੱਚ ਈਵੈਂਟ ਕਰਾਸ ਕੰਟਰੀ 6 ਕਿਲੋਮੀਟਰ ਵਿੱਚ ਤੀਸਰਾ ਸਥਾਨ (ਬਰਾਉਂਜ ਮੈਡਲ) ਪ੍ਰਾਪਤ ਕੀਤਾ।



ਜਿਲ੍ਹਾ ਖੇਡ ਅਫਸਰ ਪਠਾਨਕੋਟ ਸ੍ਰੀਮਤੀ ਸਤਵੰਤ ਕੌਰ ਅਤੇ ਦਫਤਰ ਦੇ ਸਮੂਹ ਸਟਾਫ ਵੱਲੋਂ ਇਹਨਾਂ ਦੋਨਾਂ ਖਿਡਾਰੀਆਂ ਨੂੰ ਸਨਮਾਨਿਤ ਕੀਤਾ ਗਿਆ । ਇਹਨਾਂ ਦੇ ਮਾਤਾ ਪਿਤਾ ਅਤੇ ਕੋਚ ਸਾਹਿਬਾਨ ਨੂੰ ਮੁਬਾਰਕਬਾਦ ਦਿੱਤੀ ਗਈ ਅਤੇ ਭਵਿੱਖ ਵਿੱਚ ਵਧੀਆ ਕਾਰਗੁਜਾਰੀ ਕਰਨ ਲਈ ਸੁਭ ਕਾਮਨਾਵਾਂ ਦਿੱਤੀਆਂ।

# ਚੰਦਰਯਾਨ-3 ਦਾ ਇੰਤਜ਼ਾਰ, ਸ਼੍ਰੀਹਰੀਕੋਟਾ ਤੋਂ 13 ਜੁਲਾਈ ਨੂੰ ਕੀਤਾ ਜਾਵੇਗਾ ਲਾਂਚ

**ਨਵੀਂ ਦਿੱਲੀ–** ਚੰਦਰਯਾਨ-3 ਦੀ ਕਾਊਂਟਡਾਊਨ ਸ਼ੁਰੂ ਹੋ ਗਈ ਹੈ। ਇਸ ਦੀ ਲਾਂਚ ਤਰੀਕ ਦਾ ਵੀ ਖੁਲਾਸਾ ਹੋ ਗਿਆ ਹੈ।ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਚੰਦਰਯਾਨ-3 ਨੂੰ ਆਂਧਰਾ ਪ੍ਰਦੇਸ਼ ਦੇ ਸ਼੍ਰੀਹਰੀਕੋਟਾ ਤੋਂ 13 ਜੁਲਾਈ ਨੂੰ ਲਾਂਚ ਕਰੇਗਾ। ਲਾਂਚਿੰਗ ਕਦੋਂ ਹੋਵੇਗੀ? ਇਸ ਦੀ ਜਾਣਕਾਰੀ ਵੀ ਸਾਹਮਣੇ ਆਈ ਹੈ। ਚੰਦਰਯਾਨ-3 ਨੂੰ 13 ਜੁਲਾਈ ਨੂੰ ਦੁਪਹਿਰ 2130 ਵਜੇ ਸ਼੍ਰੀਹਰਿਕੋਟਾ ਤੋਂ ਲਾਂਚ ਕੀਤਾ ਜਾਵੇਗਾ। ਅਧਿਕਾਰੀਆਂ ਮੁਤਾਬਕ ਚੰਦਰਯਾਨ-3 ਦੀ ਲਾਂਚਿੰਗ 13 ਜੁਲਾਈ ਨੂੰ ਦੁਪਹਿਰ 2130 ਵਜੇ ਤੈਅ ਕੀਤੀ ਗਈ ਹੈ। ਇਹ ਚੰਦਰਯਾਨ-2 ਦਾ ਇੱਕ ਫਾਲੋ-ਅਪ ਮਿਸ਼ਨ ਹੈ ਜੋ ਚੰਦਰਮਾ ਦੀ ਸਤ੍ਹਾ 'ਤੇ ਸੁਰੱਖਿਅਤ ਲੈਂਡਿੰਗ ਅਤੇ ਚੱਕਰ ਲਗਾਉਣ ਵਿੱਚ ਅੰਤ ਤੋਂ ਅੰਤ ਦੀ ਸਮਰੱਥਾ ਦਾ ਪ੍ਰਦਰਸ਼ਨ ਕਰਦਾ ਹੈ। ਇਸ ਵਿਚ ਲੈਂਡਰ ਅਤੇ ਰੋਵਰ ਦੀ ਸੰਰਚਨਾ ਹੈ। ਇਸਰੋ ਦੇ ਮੁਖੀ ਐਸ ਸੋਮਨਾਥ ਨੇ ਕਿਹਾ ਕਿ ਚੰਦਰਯਾਨ ਲਾਂਚ ਲਈ ਤਿਆਰ ਹੈ ਅਤੇ ਇਸ ਨੂੰ ਜੁਲਾਈ ਵਿੱਚ ਲਾਂਚ ਕੀਤਾ ਜਾਵੇਗਾ।

ਜਾਣਕਾਰੀ ਅਨੁਸਾਰ ਚੰਦਰਯਾਨ-3 ਮਿਸ਼ਨ ਚੰਦਰਯਾਨ-2 ਦਾ ਫਾਲੋਅੱਪ ਮਿਸ਼ਨ ਹੈ। ਭਾਰਤ ਨੇ ਚੰਦਰਯਾਨ-2 ਰਾਹੀਂ 2019 ਵਿੱਚ ਇਸ ਮਿਸ਼ਨ ਨੂੰ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਸੀ। ਹਾਲਾਂਕਿ, ਮਿਸ਼ਨ ਸਫਲ ਨਹੀਂ ਹੋਇਆ ਸੀ। ਜਿਸ ਤੋਂ ਬਾਅਦ ਚੰਦਰਯਾਨ-3 ਦਾ ਮਾਮਲਾ ਸਾਹਮਣੇ ਆਇਆ ਅਤੇ ਹੁਣ ਚੰਦਰਯਾਨ-3 ਦੀ ਲਾਂਚਿੰਗ ਡੇਟ ਵੀ ਸਾਹਮਣੇ ਆ ਗਈ ਹੈ। ਚੰਦਰਯਾਨ ਦਾ ਲੈਂਡਰ ਵਿਕਰਮ ਚੰਦਰਮਾ 'ਤੇ ਉਤਰਨ ਤੋਂ ਪਹਿਲਾਂ ਕੁਝ ਕਿਲੋਮੀਟਰ ਦੀ ਉਚਾਈ 'ਤੇ ਕਰੈਸ਼ ਹੋ ਗਿਆ। ਇਸ ਦੌਰਾਨ ਲੈਂਡਿੰਗ ਸਾਈਟ ਨਾਲ ਸੰਪਰਕ ਟੁੱਟਣ ਕਾਰਨ ਲੈਂਡਿੰਗ ਸਫਲਤਾਪੂਰਵਕ ਨਹੀਂ ਹੋ ਸਕੀ।

"ਦੇਸ਼ ਦੁਆਬਾ"
ਹਫਤਾਵਾਰੀ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖ਼ਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
E-mail : deshdoaba@yahoo.com
(ਸੰਪਰਕ) 1-916-947-8920, (ਫੈਕਸ) 1-916-238-1393
www.deshdoaba.com www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖ਼ਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਸੰਯੁਕਤ ਕਿਸਾਨ ਮੋਰਚੇ ਵੱਲੋਂ ਪਟਨਾ ਵਿੱਚ ਵਿਸ਼ਾਲ ਕਿਸਾਨ ਕਨਵੈਨਸ਼ਨ



**ਚੰਡੀਗੜ੍ਹ/ਪਟਨਾ, (ਦਲਜੀਤ ਕੌਰ)–** ਬਿਹਾਰ ਦੀ ਰਾਜਧਾਨੀ ਪਟਨਾ ਵਿੱਚ ਅੱਜ ਸੰਯੁਕਤ ਕਿਸਾਨ ਮੋਰਚਾ ਵੱਲੋਂ ਵਿਸ਼ਾਲ ਕਨਵੈਨਸ਼ਨ ਹੋਈ। ਜਿਸ ਬਿਹਾਰ ਦੀਆਂ ਜਥੇਬੰਦੀ ਦੇ ਕਾਰਕੁੰਨਾਂ ਨੇ ਜੋਰਦਾਰ ਸ਼ਮੂਲੀਅਤ ਕੀਤੀ। ਇਹ ਕਨਵੈਨਸ਼ਨ ਐੱਸਐੱਸਪੀ ਤੇ ਕਾਨੂੰਨ ਬਨਵਾਉਣ, ਕਿਸਾਨਾਂ ਦੀ ਕਰਜ ਮੁਕਤੀ ਤੇ ਭੋਜਨ ਸੁਰੱਖਿਆ ਦੇ ਮੁੱਦਿਆਂ ਤੇ ਕੀਤੀ ਗਈ। ਸੰਯੁਕਤ ਕਿਸਾਨ ਮੋਰਚੇ ਨੇ ਸਾਰੇ ਸੂਬਿਆਂ ਚ ਇਹਨਾਂ ਮਸਲਿਆਂ ਨੂੰ ਲੈਕੇ ਤੇ ਭਵਿੱਖ ਦੀ ਕਿਸਾਨ ਲਹਿਰ ਉਸਾਰਣ ਲਈ ਕਨਵੈਨਸ਼ਨਜ ਕਰਨ ਦਾ ਫੈਸਲਾ ਕੀਤਾ ਹੈ।

ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਆਲ ਇੰਡੀਆ ਕਿਸਾਨ ਮਜਦੂਰ ਸਭਾ ਦੇ ਆਸ਼ੀਸ਼ ਮਿੱਤਲ ਤੇ ਕਿਰਤੀ ਕਿਸਾਨ ਯੂਨੀਅਨ ਦੇ ਰਜਿੰਦਰ ਸਿੰਘ ਦੀਪ ਸਿੰਘ ਵਾਲਾ ਨੇ ਕਿਹਾ ਬਿਹਾਰ ਵਿੱਚ 2005 ਵਿੱਚ ਸਰਕਾਰ ਨੇ ਏਪੀਐੱਮਸੀ ਮੰਡੀਆਂ ਭੰਗ ਕਰਕੇ ਬਿਹਾਰ ਦੇ ਕਿਸਾਨਾਂ ਦਾ ਬਹੁਤ ਨੁਕਸਾਨ ਕੀਤਾ ਹੈ। ਬਿਹਾਰ ਦਾ ਝੋਨਾ 800 ਤੋਂ 900 ਰੁਪਏ ਵਪਾਰੀ ਖਰੀਦ ਕੇ ਪੰਜਾਬ ਦੀਆਂ ਮੰਡੀਆਂ ਚ ਵੇਚ ਕੇ ਪੂਰਾ ਮੁੱਲ ਵਸੂਲਦੇ ਨੇ ਕਿਓਕਿ ਪੰਜਾਬ ਵਿੱਚ ਏਪੀਐੱਮਸੀ ਮੰਡੀਆਂ ਚੱਲ ਰਹੀਆਂ ਨੇ।ਉਹਨਾਂ ਕਿਹਾ ਕੇ ਕੇਦਰ ਸਰਕਾਰ ਐੱਮਐੱਸਪੀ ਦਾ ਘੇਰਾ ਵਧਾਉਣ ਦੀ ਬਜਾਇ ਲਗਾਤਾਰ ਘਟਾ ਰਹੀ ਹੈ। ਮੁਲਕ ਦੇ ਕਿਸਾਨਾਂ ਤੋਂ ਦਾਲ, ਤੇਲ ਬੀਜ ਖਰੀਦਣ ਦੀ ਬਜਾਇ ਬਾਹਰੋ ਕਈ ਲੱਖ ਕਰੋੜ ਦੀਆਂ ਦਾਲਾਂ ਤੇ ਤੇਲ ਬੀਜ ਮੰਗਾ ਰਹੀ ਹੈ।ਹਰਿਆਣਾ ਚ ਸੂਰਜਮੁੱਖੀ ਤੇ ਐੱਮਐੱਸਪੀ ਦੀ ਮੰਗ ਤੇ ਡਾਗਾਂ ਵਰਾਈਆਂ ਗਈਆਂ ਦੂਜੇ ਪਾਸੇ ਪੌਣੇ ਦੋ ਲੱਖ ਕਰੋੜ ਦਾ ਸੂਰਜਮੁੱਖੀ ਤੇਲ ਬਾਹਰੋ ਮੰਗਵਾਇਆ ਜਾ ਰਿਹਾ ਹੈ।

ਏ ਆਈ ਕੇ ਐੱਮ ਦੇ ਰਾਜਾਰਾਮ ਸਿੰਘ ਤੇ ਏਆਈਕੇਐੱਸ ਦੇ ਵੀਜੂ ਕ੍ਰਿਸ਼ਨਨ ਨੇ ਕਿਹਾ ਕੇ ਦਿੱਲੀ ਮੋਰਚੇ ਦੀ ਇਤਿਹਾਸਕ ਜਿੱਤ ਤੋ ਪ੍ਰੇਰਣਾ ਲੈਕੇ ਬਿਹਾਰ ਵਿੱਚ ਏਪੀਐੱਮਸੀ ਮੰਡੀਆਂ ਦੀ ਮੁੜ ਬਹਾਲੀ ਲਈ ਸੂਬੇ ਚ ਵੱਡਾ ਅੰਦੋਲਨ ਖੜਾ ਕੀਤਾ ਜਾਵੇਗਾ।ਕਿਓਕਿ ਬਿਹਾਰ ਦਾ ਕਿਸਾਨ ਆਪਣੇ ਅਨਾਜ ਨੂੰ ਕੌਡੀਆਂ ਦੇ ਭਾਅ ਵੇਚ ਰਿਹਾ ਹੈ। ਉਹਨਾਂ ਕਿਹਾ ਕੇ ਸਿਰਫ ਦੋ ਫਸਲਾਂ ਨਹੀ ਕਿਸਾਨਾਂ ਦੀ ਸਮੁੱਚੀ ਪੈਦਾਵਾਰ ਅਨਾਜ, ਫਲ, ਸਬਜੀਆਂ, ਦੁੱਧ ਆਦਿ ਦਾ ਐੱਮਐੱਸਪੀ ਹੋਣਾ ਚਾਹੀਦਾ ਹੈ ਅਤੇ ਖਰੀਦ ਦੀ ਕਾਨੂੰਨੀ ਗਰੰਟੀ ਵੀ। ਰਾਸ਼ਟਰਵਾਦ ਦਾ ਢਿਡੋਰਾ ਪਿੱਟਣ ਵਾਲੀ ਸਰਕਾਰ ਦੁੱਧ ਤੱਕ ਕਿਸਾਨਾਂ ਤੋ ਖਰੀਦਣ ਦੀ ਬਜਾਇ ਬਾਹਰੋਂ ਮੰਗਵਾ ਰਹੀ ਹੈ। ਉਹਨਾਂ ਕਿਹਾ ਕੇ ਸਿਰਫ ਕਿਸਾਨਾਂ ਤੋ ਖਰੀਦ ਹੀ ਬੰਦ ਨਹੀ ਕੀਤੀ ਬਲਕਿ ਜਨਤਕ ਵੰਡ ਪ੍ਰਣਾਲੀ ਤਹਿਤ ਬਿਹਾਰ ਵਿੱਚ ਲੋੜਵੰਦਾਂ ਨੂੰ ਮਿਲਣ ਵਾਲੀ ਕਣਕ ਵੀ ਵੱਡੀ ਪੱਧਰ ਤੇ ਦੇਣੀ ਬੰਦ ਕਰ ਦਿੱਤੀ ਹੈ।ਜਦਕਿ ਵਧ ਰਹੀ ਮਹਿੰਗਾਈ ਤੇ ਬੇਰੁਜਗਾਰੀ ਕਰਕੇ ਜਨਤਕ ਵੰਡ ਪ੍ਰਣਾਲੀ ਨੂੰ ਹੋਰ ਵਿਆਪਕ ਬਨਾਉਣ ਦੀ ਜਰੂਰਤ ਹੈ।

ਏ ਆਈ ਕੇ ਕੇ ਐੱਮ ਐੱਸ ਦੇ ਸੱਤਿਆਵਾਨ ਤੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਅਵਤਾਰ ਮਹਿਮਾ ਤੇ ਏਆਈਕੇਐੱਮਕੇਐੱਸ ਦੇ ਅਸ਼ੋਕ ਬੇਠਾ ਨੇ ਕਿਹਾ ਕੇ ਨੇ ਕਿਹਾ ਭਾਜਪਾ ਸਰਕਾਰ ਸਵਾਮੀਨਾਥਨ ਕਮਿਸ਼ਨ ਮੁਤਾਬਿਕ ਫਸਲਾਂ ਦੇ ਦਾਮ ਦੇਣ ਦਾ ਵਾਅਦਾ ਕਰਕੇ ਸੱਤਾ ਵਿੱਚ ਆਈ ਸੀ, ਪਰ ਉਲਟਾ ਜਮੀਨਾਂ ਤੇ ਖੁਰਾਕ ਨੂੰ ਪੂਰੀ ਤਰਾਂ ਕਾਰੋਪੋਰੇਟ ਦੇ ਹਵਾਲੇ ਕਰਨ ਵਾਲੇ ਪਾਸੇ ਤੁਰ ਪਈ ਤੇ ਕਿਸਾਨਾਂ ਤੇ ਲਗਾਤਾਰ ਜਬਰ ਢਾਹਿਆ ਉਹਨਾਂ ਕਿਹਾ ਕੇ 9 ਅਗਸਤ ਨੂੰ ਭਾਰਤ ਛੱਡੋ ਅੰਦੋਲਨ ਦੀ ਵਰੇਗੰਢ ਤੇ ਕਾਰਪੋਰੇਟ ਖੇਤੀ ਚੋ ਬਾਹਰ ਕੱਢੋ ਦੇ ਨਾਹਰੇ ਤਹਿਤ ਮੁਲਕ ਭਰ ਚ ਲਾਮਬੰਦੀ ਕੀਤੀ ਜਾਵੇਗੀ ਤੇ 26 ਨਵੰਬਰ ਤੋ 28 ਨਵੰਬਰ ਤੱਕ ਸੂਬਿਆਂ ਦੀਆਂ ਰਾਜਧਾਨੀਆਂ ਚ ਵਿਸ਼ਾਲ ਇੱਕਠ ਕੀਤੇ ਜਾਣਗੇ।


'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com


# ਪੰਜਾਬ ਸਰਕਾਰ ਦੇ ਮੁਲਾਜ਼ਮ ਵਿਰੋਧੀ ਫੈਸਲਿਆਂ ਦਾ ਐਸਸੀ/ਬੀਸੀ ਇੰਪਲਾਈਜ਼ ਵੈੱਲਫ਼ੇਅਰ ਫ਼ੈਡਰੇਸ਼ਨ ਡਟ ਕੇ ਵਿਰੋਧ ਕਰੇਗੀ – ਟੂਰਾ

**ਫਗਵਾੜਾ (ਬੀਕੇ ਰੱਤੂ)–** ਐਸ।ਸੀ/ਬੀ।ਸੀ ਮੁਲਾਜ਼ਮ ਵਰਗ ਦੀ ਆਵਾਜ਼ ਬੁਲੰਦ ਕਰਨ ਵਾਲੀ ਜੱਥੇਬੰਦੀ ਗਜ਼ਟਿਡ ਅਤੇ ਨਾਨ ਗਜ਼ਟਿਡ ਐਸਸੀ/ਬੀਸੀ ਇੰਪਲਾਈਜ਼ ਵੈੱਲਫ਼ੇਅਰ ਫ਼ੈਡਰੇਸ਼ਨ ਇਕਾਈ ਕਪੂਰਥਲਾ ਦੇ ਜ਼ਿਲ੍ਹਾ ਪ੍ਰਧਾਨ ਅਤੇ ਐਡੀਸ਼ਨਲ ਸਟੇਟ ਪ੍ਰਧਾਨ ਸ੍ਰੀ ਸਤਵੰਤ ਸਿੰਘ ਟੂਰਾ, ਮਨਜੀਤ ਗਾਟ , ਲਖਵੀਰ ਚੰਦ, ਗਿਆਨ ਚੰਦ ਵਾਹਦ, ਬਲਵਿੰਦਰ ਨਿਧੜਕ,ਸਤਨਾਮ ਸਿੰਘ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੀਆਂ ਪੰਜਾਬ ਸਰਕਾਰ ਦੀ ਅਲੋਚਨਾ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦੇ ਲਗਾਤਾਰ ਮੁਲਾਜ਼ਮ ਵਿਰੋਧੀ ਫੈਸਲਿਆਂ ਨਾਲ ਮੁਲਾਜ਼ਮਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਅਤੇ ਪੰਜਾਬ ਸਰਕਾਰ ਮੁਲਾਜ਼ਮ ਵਰਗ ਦੇ ਮਸਲਿਆਂ ਨੂੰ ਹੱਲ ਕਰਨ ਪ੍ਰਤੀ ਗੰਭੀਰ ਨਹੀਂ ਦਿੱਖ ਰਹੀ। ਸ਼੍ਰੀ ਟੂਰਾ ਤੇ ਗਾਟ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਪਹਿਲਾਂ ਪੰਜਾਬ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਬਹਾਲ ਕਰਨ ਸਬੰਧੀ ਅਧੂਰਾ ਜਿਹਾ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ, ਇਥੇ ਇਹ ਸਮਝ ਨਹੀਂ ਲੱਗ ਰਹੀ ਕਿ ਅਗਰ ਪੈਨਸ਼ਨ 01-01-2004 ਤੋਂ ਪਹਿਲਾਂ ਵਾਲੀ ਲਾਗੂ ਕਰਨੀ ਹੈ ਤਾਂ ਟੀਮਾਂ ਨੂੰ ਦੂਸਰੇ ਸੂਬਿਆਂ ਵਿੱਚ ਕਿਉਂ ਭੇਜਣਾ ਹੈ, ਕਿਉਂਕਿ ਪੁਰਾਣੀ ਪੈਨਸ਼ਨ ਸੰਬੰਧੀ ਸਾਰੇ ਨਿਯਮ ਪਹਿਲਾਂ ਹੀ ਪੰਜਾਬ ਸਰਕਾਰ ਦੇ ਵਿੱਤ ਵਿਭਾਗ ਕੋਲ ਪਏ ਹਨ।



ਇਹ ਸਟੇਟ ਦੇ ਨਿਯਮ ਹਨ ਉਹੀ ਨਿਯਮ ਲਾਗੂ ਕਰਨੇ ਬਣਦੇ ਹਨ । ਇਸੇ ਤਰ੍ਹਾਂ ਕੱਚੇ ਅਧਿਆਪਕਾਂ ਨੂੰ ਪੱਕੇ ਕਰਨ ਦੇ ਫਲੈਕਸ ਬੋਰਡ ਪਤਾ ਨਹੀਂ ਕਿੰਨੀ ਵਾਰ ਲਗਾ ਦਿੱਤੇ ਪਰ ਬਿਨਾਂ ਨਿਯਮਾਂ, ਬਿਨਾ ਰੈਗੂਲਰ ਨਿਯੁਕਤੀ ਪੱਤਰਾਂ, ਬਿਨਾਂ ਕਿਸੇ ਤਰ੍ਹਾਂ ਦੀ ਫੰਡ ਕਟੌਤੀ, ਬਿਨਾਂ ਤਨਖਾਹ ਸਕੇਲਾਂ ਸਿਰਫ ਤਨਖਾਹ ਵਿੱਚ ਵਾਧਾ ਕੀਤਾ ਗਿਆ ਕੀਤਾ ਗਿਆ ਹੈ। ਉਹਨਾਂ ਅੱਗੇ ਕਿਹਾ ਕਿ ਦੂਸਰੇ ਵਰਗਾਂ ਵੱਲੋਂ ਐਸ ਸੀ/ ਬੀ ਸੀ ਦੇ ਜਾਅਲੀ ਜਾਤੀ ਸਰਟੀਫਿਕੇਟ ਬਣਾ ਕੇ ਹਜ਼ਾਰਾਂ ਲੋਕ ਸਰਕਾਰੀ ਨੌਕਰੀਆਂ ਕਰ ਰਹੇ ਹਨ, ਕੁਝ ਸੇਵਾ ਮੁਕਤ ਵੀ ਹੋ ਗਏ, ਭਲਾਈ ਵਿਭਾਗ ਨੇ ਇਸ ਸਬੰਧੀ ਕਲੀਅਰ ਵੀ ਕਰ ਲਿਆ ਹੈ ਪਰ ਪੰਜਾਬ ਸਰਕਾਰ ਨੇ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ। ਸਤਨਾਮ ਗਿੱਲ ਅਤੇ ਬਲਵਿੰਦਰ ਨਿਧੜਕ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹਾਲ ਹੀ ਵਿੱਚ ਖ਼ਜ਼ਾਨਾ ਭਰਨ ਲਈ ਪੰਜਾਬ ਦੇ ਪੈਨਸ਼ਨਰਾਂ ਉਪਰ ਵੀ ਹਰ ਮਹੀਨੇ ਵਿਕਾਸ ਟੈਕਸ ਦੇ ਨਾਮ ਉਪਰ 200 ਰੁਪਏ ਕਟੌਤੀ ਦੀ ਸ਼ੁਰੂਆਤ ਕਰ ਦਿੱਤੀ ਹੈ ਜੋ ਕਿ ਅਤਿ ਨਿੰਦਣ ਯੋਗ ਹੈ। ਲਖਵੀਰ ਚੰਦ ਅਤੇ ਗਿਆਨ ਚੰਦ ਵਾਹਦ ਨੇ ਕਿਹਾ ਕਿ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਤਨਖਾਹ ਕਮਿਸ਼ਨ ਦੇ ਲੱਖਾਂ ਰੁਪਏ ਪੰਜਾਬ ਸਰਕਾਰ ਵੱਲ ਬਕਾਇਆ ਪਏ ਹਨ ਪਰ ਪੰਜਾਬ ਸਰਕਾਰ ਨੇ ਉਸ ਬਾਰੇ ਚੁੱਪੀ ਧਾਰੀ ਹੋਈ ਹੈ। ਉਹਨਾਂ ਨੇ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਅਤੇ ਖਜ਼ਾਨਾ ਮੰਤਰੀ ਨੂੰ ਬੇਨਤੀ ਕਰਦਿਆਂ ਕਿਹਾ ਕਿ ਵਿਕਾਸ ਟੈਕਸ ਵਾਲਾ ਤੁਗਲਕੀ ਫ਼ਰਮਾਨ ਵਾਪਸ ਲਿਆ ਜਾਵੇ ਅਤੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਕੋਲੋਂ ਲਿਆ ਜਾਂਦਾ ਵਿਕਾਸ ਟੈਕਸ ਬੰਦ ਕਰਕੇ ਮੁਲਾਜ਼ਮਾਂ ਵਿਚ ਪਾਇਆ ਜਾਂਦਾ ਰੋਸ ਸ਼ਾਂਤ ਕੀਤਾ ਜਾਵੇ। ਜਾਣਕਾਰੀ ਦੇਣ ਸਮੇਂ ਵਿਨੋਦ ਕੁਮਾਰ ਰਾਮਪਾਲ, ਵਿਜੇ ਕੁਮਾਰ, ਅਸ਼ੋਕ ਕੁਮਾਰ, ਗੁਰਸੇਵਕ ਸਿੰਘ, ਗੁਰਦਿਆਲ ਸਿੰਘ, ਅਮਰਿੰਦਰ ਸਿੰਘ ਦੀਸ਼ ਕੁਮਾਰ, ਜਸਵੀਰ ਖਲਵਾੜਾ, ਵਿਜੇ ਨੰਗਲ ਮੱਝਾ, ਜੋਗਿੰਦਰਪਾਲ, ਕੁਲਵਿੰਦਰ ਕੌਰ, ਸੁਖਦੇਵ ਸਿੰਘ, ਕਮਲੇਸ਼ ਕੌਰ ਅਤੇ ਹੋਰ ਬਹੁਤ ਸਾਰੇ ਮੈਂਬਰ ਸ਼ਾਮਲ।

# ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਰਿਹਾਇਸ਼ ਅੱਗੇ ਵਿਕਾਸ ਟੈਕਸ ਦੇ ਪੱਤਰ ਦੀਆਂ ਕਾਪੀਆਂ ਸਾੜੀਆਂ

**ਅੰਮ੍ਰਿਤਸਰ–** ਪੰਜਾਬ-ਯੂਟੀ ਮੁਲਾਜ਼ਮ ਪੈਨਸ਼ਨਰਜ਼ ਸਾਂਝੇ ਫਰੰਟ ਦੇ ਸੱਦੇ 'ਤੇ ਜ਼ਿਲ੍ਹਾ ਅੰਮ੍ਰਿਤਸਰ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵੱਲੋਂ ਅੱਜ ਵੱਡੀ ਗਿਣਤੀ 'ਚ ਕਸਟਮ ਚੌਂਕ ਨੇੜੇ ਇਕੱਠੇ ਹੋ ਕੇ ਕੁੰਵਰ ਵਿਜੇ ਪ੍ਰਤਾਪ ਸਿੰਘ ਵਿਧਾਇਕ ਅੰਮ੍ਰਿਤਸਰ ਉੱਤਰੀ ਦੀ ਰਿਹਾਇਸ਼ ਵੱਲ ਰੋਸ ਮਾਰਚ ਕੀਤਾ ਗਿਆ ਅਤੇ ਪੰਜਾਬ ਸਰਕਾਰ ਵੱਲੋਂ ਪੈਨਸ਼ਨਰਾਂ 'ਤੇ ਥੋਪੇ ਗਏ 200 ਰੁਪਏ ਪ੍ਰਤੀ ਮਹੀਨਾ ਵਿਕਾਸ ਬਨਾਮ ਜਜੀਆ ਟੈਕਸ ਦੇ ਪੱਤਰ ਦੀਆਂ ਕਾਪੀਆਂ ਸਾੜੀਆਂ ਗਈਆਂ।



ਇਸ ਮੌਕੇ ਇਕੱਠੇ ਹੋਏ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਸੰਬੋਧਨ ਕਰਦਿਆਂ ਜਰਮਨਜੀਤ ਸਿੰਘ, ਮਦਨ ਗੋਪਾਲ, ਮੰਗਲ ਸਿੰਘ ਟਾਂਡਾ, ਸੁਖਦੇਵ ਸਿੰਘ ਪੰਨੂ, ਬੋਬਿੰਦਰ ਸਿੰਘ, ਜੋਗਿੰਦਰ ਸਿੰਘ, ਸੁਖਰਾਜ ਸਿੰਘ ਸਰਕਾਰੀਆ ਅਤੇ ਅਜੈ ਸਨੋਤਰਾ ਨੇ ਪੰਜਾਬ ਸਰਕਾਰ ਵੱਲੋਂ ਪੈਨਸ਼ਨਰਾਂ 'ਤੇ 200 ਰੁਪਏ ਪ੍ਰਤੀ ਮਹੀਨਾ ਵਿਕਾਸ ਟੈਕਸ ਲਾਉਣ ਦੀ ਕਰੜੇ ਸ਼ਬਦਾਂ ਵਿੱਚ ਨਿਖੇਧੀ ਕੀਤੀ ਅਤੇ ਮੰਗ ਕੀਤੀ ਕਿ ਇਹ ਜਜੀਆ ਟੈਕਸ ਵਾਪਸ ਲਿਆ ਜਾਵੇ, ਛੇਵੇਂ ਪੇ ਕਮਿਸ਼ਨ ਮੁਤਾਬਕ ਪੈਨਸ਼ਨਰਾਂ 'ਤੇ 2159 ਦਾ ਗੁਣਾਂਕ ਅਤੇ ਨੋਸ਼ਨਲ ਪੈਨਸ਼ਨ ਸੋਧ ਵਿਧੀ ਲਾਗੂ ਕੀਤੀ ਜਾਵੇ ਅਤੇ ਪੈਨਸ਼ਨਰਾਂ ਨੂੰ ਸਾਢੇ ਪੰਜ ਸਾਲ ਦਾ ਬਕਾਇਆ ਯੱਕਮੁਸ਼ਤ ਦਿੱਤਾ ਜਾਵੇ, ਕੱਚੇ ਮੁਲਾਜ਼ਮਾਂ 'ਤੇ ਛੇਵੇਂ ਤਨਖਾਹ ਕਮਿਸ਼ਨ ਦੇ ਸਕੇਲ ਲਾਗੂ ਕਰਦਿਆਂ ਪੱਕਾ ਕੀਤਾ ਜਾਵੇ, ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ, ਮਾਣ ਭੱਤਾ ਵਰਕਰਾਂ ਨੂੰ ਘੱਟੋ ਘੱਟ ਉਜ਼ਰਤਾਂ ਦੇ ਘੇਰੇ ਵਿੱਚ ਲਿਆਂਦਾ ਜਾਵੇ ਅਤੇ ਕੱਟੇ ਗਏ ਪੇਂਡੂ ਭੱਤੇ ਸਮੇਤ 37 ਤਰ੍ਹਾਂ ਦੇ ਵੱਖ ਵੱਖ ਭੱਤੇ ਬਹਾਲ ਕੀਤੇ ਜਾਣ।

ਅੱਜ ਦੇ ਪ੍ਰਦਰਸ਼ਨ ਵਿੱਚ ਚਰਨ ਸਿੰਘ ਸੰਧੂ, ਪ੍ਰਿੰਸੀਪਲ ਬਲਦੇਵ ਸਿੰਘ ਸੰਧੂ, ਪਰਮਜੀਤ ਕੌਰ ਮਾਨ, ਮਮਤਾ ਸ਼ਰਮਾਂ, ਨਰਿੰਦਰ ਸਿੰਘ, ਪ੍ਰੇਮ ਚੰਦ, ਸੁਖਦੇਵ ਰਾਜ ਕਾਲੀਆ, ਹਰਮੋਹਿੰਦਰ ਸਿੰਘ, ਡਾ। ਗੁਰਦਿਆਲ ਸਿੰਘ, ਕਰਮਜੀਤ ਸਿੰਘ ਕੇਪੀ, ਰਣਵੀਰ ਸਿੰਘ ਉੱਪਲ, ਨਰਿੰਦਰ ਸ਼ਰਮਾ, ਰਾਜੇਸ਼ ਪ੍ਰਾਸ਼ਰ, ਸੁੱਚਾ ਸਿੰਘ ਟਰਪੱਈ, ਮਦਨ ਲਾਲ ਮੰਨਣ, ਲਖਵਿੰਦਰ ਸਿੰਘ ਗਿੱਲ, ਅਵਤਾਰਜੀਤ ਸਿੰਘ, ਜੋਰਾਵਰ ਸਿੰਘ ਜਲਾਲ, ਅਵਤਾਰਜੀਤ ਸਿੰਘ, ਸੋਮਰਾਜ, ਬਗੀਚਾ ਸਿੰਘ, ਨਾਨਕ ਚੰਦ, ਯਸ਼ਪਾਲ, ਰਾਜ ਮਸੀਹ ਭੋਏਵਾਲ, ਮਨਜੀਤ ਸਿੰਘ ਸ਼ਾਹ ਅਤੇ ਕੁਲਦੀਪ ਸਿੰਘ ਆਦਿ ਸ਼ਾਮਲ ਹੋਏ।

# ਪਿੰਡ ਪਦਰਾਣਾ ਮਿਲਕ ਪਲਾਂਟ ਨਜ਼ਦੀਕ ਬਣੀ "ਵੇਰਕਾ" ਦੁਕਾਨ ਤੇ ਰਾਹਗੀਰ ਵਲੋਂ ਖੱਟੀ ਤੇ ਬਦਬੂਦਾਰ ਖੀਰ ਮਿਲਣ ਦਾ ਦੋਸ਼ ਲਗਾਏ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਗੜ੍ਹਸ਼ੰਕਰ ਤੋਂ ਹੁਸ਼ਿਆਰਪੁਰ ਰੋਡ ਤੇ ਪਿੰਡ ਪਦਰਾਣਾ ਵਿਖੇ ਵੇਰਕਾ ਮਿਲਕ ਪਲਾਂਟ ਨਜ਼ਦੀਕ ਬਣੀ ਵੇਰਕਾ ਦੇ ਵੱਖ ਵੱਖ ਤਰ੍ਹਾਂ ਦੇ ਵੇਰਕਾ ਕੰਪਨੀ ਦੇ ਖਾਣ ਪੀਣ ਦੇ ਪਦਾਰਥਾਂ ਨੂੰ ਵੇਚਣ ਵਾਲੀ ਦੁਕਾਨ (ਸ਼ਾਪ) ਤੇ ਕੁਝ ਪਦਾਰਥਾਂ ਦਾ ਸਵਾਦ ਦਾ ਸਮਾ ਮਿਆਦ ਰਹਿੰਦੇ ਹੀ ਖਰਾਬ ਮਿਲਣ ਦਾ ਮਾਮਲਾ ਸਾਹਮਣੇ ਆਇਆ ਹੈ ਜਾਣਕਾਰੀ ਮੁਤਾਬਕ ਰਾਹਗੀਰ ਵਲੋਂ ਆਪਣੇ ਨਾਮ ਗੁਪਤ ਰੱਖਣ ਦੀ ਸ਼ਰਤ ਤੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿੰਡ ਪਦਰਾਣਾ ਵਿਖੇ ਵੇਰਕਾ ਮਿਲਕ ਪਲਾਂਟ ਨਜ਼ਦੀਕ ਬਣੀ ਵੇਰਕਾ ਦੇ ਵੱਖ ਵੱਖ ਤਰ੍ਹਾਂ ਦੇ ਵੇਰਕਾ ਕੰਪਨੀ ਦੇ ਖਾਣ ਪੀਣ ਦੇ ਪਦਾਰਥਾਂ ਨੂੰ ਵੇਚਣ ਵਾਲੀ ਦੁਕਾਨ (ਸ਼ਾਪ) ਤੇ ਕੁਝ ਪਦਾਰਥਾਂ ਦਾ ਸਵਾਦ ਦਾ ਸਮਾ ਮਿਆਦ ਰਹਿੰਦੇ ਹੀ ਖਰਾਬ ਮਿਲਿਆ ਸਰਾਬ ਸੁਆਦ ਲੋਕਾਂ ਦੀ ਸਿਹਤ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ ਉਨਾਂ ਦੱਸਿਆ ਕਿ 25 ਜੂਨ ਐਤਵਾਰ ਦੁਪਹਿਰ 3 ਵਜੇ ਦੇ ਕਰੀਬ ਮੈ ਖੀਰ ਦੀਆਂ 5 ਕੌਲੀਆਂ ਜਿਸ ਦਾ ਰੇਟ ਹਰ ਇੱਕ ਕੋਲੀ ਤੇ 20 ਰੁਪਏ ਸੀ ਜਿਸ ਦੀ ਕੀਮਤ 100 ਰੁਪਏ ਬਣੀ ਜੋ ਮੈ ਦੁਕਾਨਦਾਰ ਨੂੰ ਦਿੱਤੀ ਤੇ 5 ਕੋਲੀਆ ਖੀਰ ਦੁਕਾਨਦਾਰ ਵਲੋਂ ਲਿਫਾਫੇ ਚ ਪਾ ਕੇ ਦਿੱਤੀਆਂ ਤੇ ਘਰ ਚਲਾ ਗਿਆ ਜਦੋਂ ਉਸ ਨੇ ਆਪਣੇ ਘਰ ਜਾ ਕੇ ਉਹਨਾਂ




ਵਿਚੋਂ 3 ਕੌਲੀਆਂ ਖੋਲੀਆਂ ਤਾਂ ਉਹ ਖੀਰ ਦੀਆ ਖੱਟੀਆਂ ਤੇ ਸਮੈੱਲ ਮਾਰ ਰਹੀਆਂ ਸਨ ਜੋ ਕਿ ਖਾਣਾ ਦੇ ਲਾਇਕ ਨਹੀਂ ਸੀ ਤੇ ਦੋ ਕੋਲੀਆ ਬਿਨਾਂ ਖੋਲੇ ਦੁਬਾਰਾ ਦੁਕਾਨ ਤੇ ਲੈ ਕੇ ਚੱਲ ਪਿਆ ਜਦੋਂ ਉਹ ਉੱਥੇ ਦੁਬਾਰਾ ਵਾਪਸ ਕਰਨ ਲਈ ਗਿਆ ਤਾਂ ਉੱਥੇ ਵੇਰਕਾ ਦੁਕਾਨ ਦੇ ਕਰਿੰਦੇ ਜਸਪ੍ਰੀਤ ਸਿੰਘ ਸੈਲਾ ਖੁਰਦ ਨੇ ਵਾਪਸ ਕਰਨ ਤੋਂ ਮਨ੍ਹਾ ਕਰ ਦਿੱਤਾ ਲ ਇੱਥੋਂ ਸਿੱਧਾ ਹੀ ਅੰਦਾਜਾ ਲਗਾਇਆ ਜਾ ਸਕਦਾ ਹੈ ਕਿ ਵੇਰਕਾ ਕੰਪਨੀ ਲੋਕਾਂ ਦੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਲੋਕਾਂ ਨੂੰ ਧੱਕੇ ਨਾਲ ਆਪਣਾ ਸਮਾਨ ਵੇਚ ਰਹੀ ਹੈ ਲ ਉਸ ਨੇ ਕਿਹਾ ਸਾਡੀ ਕੰਪਨੀ ਸਮਾਨ ਵਾਪਸੀ ਨਹੀਂ ਕਰਦੀ ਲ ਰਾਹਗੀਰ ਨੇ ਜਦੋਂ ਇਹ ਮਾਮਲਾ ਪੱਤਰਕਾਰ ਦੇ ਧਿਆਨ ਵਿੱਚ ਲਿਆਂਦਾ ਤਾਂ ਜਸਪ੍ਰੀਤ ਸਿੰਘ ਨੇ ਵਾਪਸ ਕਰਨ ਤੋਂ ਮਨ੍ਹਾ ਕਰ ਦਿੱਤਾ ਲ ਉਨ੍ਹਾਂ ਦੱਸਿਆ ਕਿ ਮੇਰੇ ਵਲੋਂ ਇਹ ਮਾਮਲਾ ਡੀ।ਐਚ।ਓ ਜ਼ਿਲ੍ਹਾ ਹੈਲਥ ਅਫ਼ਸਰ ਡਾਂ ਲਖਵੀਰ ਸਿੰਘ ਦੇ ਧਿਆਨ ਵਿੱਚ ਫੋਨ ਕਰ ਲਿਆ ਦਿਤਾ ਹੈ ਜਿਨ੍ਹਾਂ ਵਲੋਂ ਪੜਤਾਲ ਕਰਕੇ ਜੋਗ ਕਰਵਾਈ ਦਾ ਭਰੋਸਾ ਦਿੱਤਾ ਤੇ ਉਨ੍ਹਾਂ ਦੱਸਿਆ ਕਿ ਇਸ ਦੀ ਕੰਪਲੇਟ ਸਿਹਤ ਮੰਤਰੀ ਪੰਜਾਬ ਤੇ ਮੁੱਖ ਮੰਤਰੀ ਪੰਜਾਬ ਨੂੰ ਸਵੇਰੇ ਡਾਕ ਰਾਹੀਂ ਜਾ ਮੇਲ ਦੁਆਰਾ ਭੇਜੇ ਕੇ ਵੇਰਕਾ ਦੇ ਦੁਕਾਨ ਤੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਨ ਵਾਲੇ ਲੋਕਾਂ ਤੇ ਅਧਿਕਾਰੀਆਂ ਤੇ ਕਾਰਵਾਈ ਕਰਨ ਲਈ ਲਿਖਿਆ ਜਾਵਾਂਗੇ। ਵਿਆਕਤੀ ਵਲੋਂ ਸਥਾਨਕ ਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਖਰਾਬ ਸਮਾਨ ਵੇਚਣ ਵਾਲੀ ਵੇਰਕਾ ਕੰਪਨੀ ਤੇ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ।

# ਸੈਂਟ੍ਰਲ ਕੈਲੀਫੋਰਨੀਆ ਇਲਾਕਾ ਫਰਿਜ਼ਨੋ ਦੇ 14 ਗੁਰੂ ਘਰਾਂ ਵੱਲੋਂ ਸਿੱਖ ਏਕਤਾ ਲਈ ਇਤਿਹਾਸਿਕ ਪਹਿਲ












ਸੈਂਟ੍ਰਲ ਕੈਲੀਫੋਰਨੀਆ ਇਲਾਕਾ ਫਰਿਜ਼ਨੋ ਦੀਆਂ ਸਾਧਾਰਨ ਸੰਗਤਾਂ ਵਲੋਂ ਸਮੁੱਚੇ ਸਿਖਾਂ ਦੀ ਏਕਤਾ ਦੇ ਮਿਸ਼ਨ ਇਕ ਪੰਥ ਇਕ ਸੋਚ ਲਈ ਪਿਛਲੇ 8 ਵਰੇ ਤੋਂ ਕੀਤੇ ਜਾ ਰਹੇ ਯਤਨਾਂ ਨੂੰ ਉਸ ਵੇਲੇ ਵੱਡਾ ਹੁੰਗਾਰਾ ਮਿਲਿਆ ਜਦੋਂ ਏਕੇ ਨੂੰ ਸਮਰਪਿਤ ਪ੍ਰੋਗ੍ਰਾਮ ਆਤਮਰਸ ਕੀਰਤਨ ਦਰਬਾਰ ਵਿੱਚ ਵੱਖ ਵੱਖ ਵਿਚਾਰਧਾਰਾ ਜਾਂ ਮਰਿਯਾਦਾ ਵਿੱਚ ਵੰਡੇ ਕਹੇ ਜਾਣ ਵਾਲੇ ਗੁਰੂ ਘਰਾਂ ਦੇ ਰਾਗੀ ਢਾਡੀ ਵੀਰਾਂ ਨੇ ਇਕ ਥਾਂ ਇਕੱਤਰ ਹੋ ਕੇ ਆਪ ਸਿੱਖ ਏਕਤਾ ਤੇ ਪਹਿਰਾ ਦੇਂਦੇ ਹੋਏ ਸੰਸਾਰ ਭਰ ਦੇ ਸਿਖਾਂ ਨੂੰ ਵੀ ਏਕਤਾ ਦੀ ਅਪੀਲ ਕੀਤੀ।

ਸਾਧਾਰਨ ਸੰਗਤਾਂ ਵਲੋਂ ਚੁੱਕੇ ਇਸ ਬੀੜੇ ਦਾ ਜਿੱਥੇ ਇਲਾਕੇ ਦੇ ਸਾਰੇ ਹੀ 14 ਗੁਰੂ ਘਰਾਂ ਜਿਸ ਵਿਚ FRESNO CLOVIS ਦੇ ਸਾਰੇ ਗੁਰੂ ਘਰ ਜਿਸ ਵਿੱਚ ਗੁਰਦਵਾਰਾ ਸਾਹਿਬ SINGH SABHA,GURU NANAK PARKASH, ਨਾਨਕਸਰ,ਦਰਬਾਰ ਸ਼੍ਰੀ ਗੁਰੂ ਗਰੰਥ ਸਾਹਿਬ, ਗੁਰੂ ਰਵਿਦਾਸ ਸਭਾ, ਗੁ ਕਲੋਵਿਸ, ਸੈਲਮਾ ਕਲਗੀਧਰ, ਸੈਲਮਾ 2211S ਹਾਈਲੈਂਡ, ਸੈਲਮਾ ਗੁਰੂ ਰਵਿਦਾਸ, ਤੋਂ ਇਲਾਵਾ ਗੁ ਸਾਹਿਬ ਕਰਦਰਜ, ਮੰਡੇਰਾ, ਕਰਮਨ, ਸਨਵਾਕੀਨ, ਪੋਰਟਰਵਿਲੈ ਨੇ ਜੱਥੇ ਭੇਜ ਕੇ ਜਿੱਥੇ ਆਪ ਏਕੇ ਦਾ ਸਬੂਤ ਦਿੱਤਾ। ਉੱਥੇ ਇਲਾਕੇ ਦੇ ਪੰਜਾਬੀ ਮੀਡਿਆ ਅਤੇ NGO's ਜਿਸ ਵਿਚ ਸਿੱਖ ਕੌਂਸਲ, ਸਿੱਖ ਵੂਮੈਨ ਆਰਗੇਨਾਈਜੇਸ਼ਨ ਆਫ ਸੈਂਟਰਲ ਕੈਲੀਫੋਰਨੀਆ, ਜਕਾਰਾ ਮੂਵਮੈਂਟ, ਇੰਡੋ ਅਮੇਰੀਕਨ ਹੈਰੀਟੇਜ ਫੌਰਮ, ਜੀ ਐਚ ਜੀ ਅਕੈਡਮੀ, ਪੀ ਏ ਜੀ ਜੀ, ਮੀਰੀ ਪੀਰੀ ਸੇਵਾ ਸੁਸਾਇਟੀ, ਪੰਜਾਬੀ ਰੇਡੀਓ Team KBIF 900 AM, ਇਲਾਕੇ ਦੇ ਮੀਡੀਆ ਪਰਸਨਜ਼, ਪੰਜਾਬੀ ਰਾਇਡਰਜ਼, ਮਾਤਾ ਗੁਜਰੀ ਅਤੇ ਸੁਖਮਨੀ ਸਾਹਿਬ ਗਰੁੱਪ ਵਲੋ ਇਸ ਦੀ ਸ਼ਲਾਘਾ ਕਰਦੇ ਹੋਏ ਭਰਵਾਂ ਹੁੰਗਾਰਾ ਮਿਲਿਆ ਅਤੇ ਕਿਹਾ ਕਿ ਅਜ ਪੂਰੇ ਸੰਸਾਰ ਦੇ ਸਿੱਖਾਂ ਨੂੰ ਸਰਬੱਤ ਦੇ ਭਲੇ ਲਈ ਇਕ ਹੋਣ ਦੀ ਸਖਤ ਲੋੜ ਹੈ।

ਸਿੱਖ ਏਕੇ ਦੇ ਮਾਮਲੇ ਚ ਆਮ ਸੰਗਤਾਂ ਦਾ ਇਹ ਕਹਿਣਾ ਹੈ ਕਿ ਇਲਾਕੇ ਚ ਪਹਿਲੀ ਵਾਰ ਸਭ ਵੱਖ ਵੱਖ ਵਿਚਾਰਧਾਰਾ ਨਾਲ ਸਬੰਧਿਤ ਗੁਰੂ ਘਰਾਂ ਦੇ ਜਥਿਆਂ,ਪ੍ਰਬੰਧਕਾਂ, ਪਤਵੰਤੇ ਸੱਜਣਾਂ, ਮੀਡੀਆ ਵਲੋਂ ਇਕੋ ਜਗਾ ਬੈਠ ਕੇ ਪੂਰੇ ਸਿੱਖਾਂ ਦੇ ਏਕੇ ਲਈ ਅਰਦਾਸ ਬੇਨਤੀ ਕਰਨੀ ਆਪਣੇ ਆਪ ਚ ਇੱਕ ਇਤਿਹਾਸਿਕ ਘਟਨਾ ਹੈ।

ਜੇ ਸਾਡੇ ਆਗੂ ਵੀ ਇਸ ਪਾਸੇ ਧਿਆਨ ਦੇਣ ਤਾਂ ਆਣ ਵਾਲੇ ਸਮੇਂ ਚ ਇੱਕ ਨਵਾਂ ਇਤਿਹਾਸ ਰਚਿਆ ਜਾ ਸਕਦਾ ਹੈ। ਇਲਾਕੇ ਦੀਆਂ ਸੰਗਤਾਂ ਦੀ ਬੇਨਤੀ ਮਨਜੂਰ ਕਰਦੇ ਹੋਏ ਹੁਣ ਸਿੱਖ ਏਕਤਾ ਦੀ ਇਹ ਜ਼ਿੰਮੇਵਾਰੀ ਪੰਥ ਦੇ ਵੱਡੇ ਪਰਚਾਰਕਾਂ,ਆਗੂਆਂ ਅਤੇ ਵਿਸ਼ੇਸ ਕਰਕੇ ਪੰਥ ਦੇ ਜਥੇਦਾਰਾਂ ਨੂੰ ਬਿਨਾਂ ਦੇਰ ਲਗਾਏ ਚੁੱਕਣੀ ਚਾਹੀਦੀ ਹੈ।






# ਪੀਐੱਸਯੂ (ਸ਼ਹੀਦ ਰੰਧਾਵਾ) ਵੱਲੋਂ ਦਲਿਤ ਵਿਦਿਆਰਥੀਆਂ ਤੋਂ ਪੀਟੀਏ ਫੰਡ ਵਸੂਲਣ ਖ਼ਿਲਾਫ਼ ਵਿਰੋਧ ਪ੍ਰਦਰਸ਼ਨ

**ਸੰਗਰੂਰ, (ਦਲਜੀਤ ਕੌਰ)-** ਸਥਾਨਕ ਸਰਕਾਰੀ ਰਣਬੀਰ ਕਾਲਜ ਵਿਖੇ ਪੰਜਾਬ ਸਟੂਡੈਂਟਸ ਯੂਨੀਅਨ (ਸ਼ਹੀਦ ਰੰਧਾਵਾ) ਦੀ ਅਗਵਾਈ ਹੇਠ ਵਿਦਿਆਰਥੀਆਂ ਵੱਲੋਂ ਰੈਲੀ ਕਰਕੇ ਕਾਲਜ਼ ਪ੍ਰਿੰਸੀਪਲ ਪ੍ਰੋ ਸੁਖਬੀਰ ਸਿੰਘ ਨੂੰ ਐਸ ਸੀ ਵਿਦਿਆਰਥੀਆਂ ਤੋਂ ਪੀਟੀਏ ਫੰਡ ਨਾ ਵਸੂਲਣ ਸੰਬੰਧੀ ਮੰਗ ਪੱਤਰ ਦਿੱਤਾ।







ਮੰਗ ਪੱਤਰ ਦੇਣ ਤੋਂ ਪਹਿਲਾਂ ਕੀਤੀ ਰੈਲੀ ਦੌਰਾਨ ਹਾਜ਼ਰ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਰਮਨ ਸਿੰਘ ਕਾਲਾਝਾੜ ਅਤੇ ਕਾਲਜ ਕਮੇਟੀ ਪ੍ਰਧਾਨ ਲਵਪ੍ਰੀਤ ਸਿੰਘ ਮਹਿਲਾ ਨੇ ਕਿਹਾ ਕਿ ਨਵੀਂ ਸਰਕਾਰ ਬਣਨ ਤੋਂ ਬਾਅਦ ਵੀ ਕੋਈ ਬਦਲਾਅ ਨਹੀਂ ਆਇਆ ਹੈ।

ਸਰਕਾਰਾਂ ਕਾਲਜਾਂ ਵਿੱਚ ਪਹਿਲਾਂ ਦੀ ਤਰ੍ਹਾਂ ਹੀ ਭਾਰੀ ਫੀਸਾਂ ਬਟੋਰੀਆਂ ਜਾ ਰਹੀਆਂ ਹਨ। ਆਗੂ ਨੇ ਕਿਹਾ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਕਿਸੇ ਤਰ੍ਹਾਂ ਦੀ ਨਾਨ-ਰਿਫੰਡਏਬਲ ਫੀਸ ਐਸ ।ਸੀ ਵਿਦਿਆਰਥੀਆਂ ਤੋਂ ਨਹੀਂ ਭਰਾਈ ਜਾ ਸਕਦੀ। ਬਹੁਤ ਸਾਰੇ ਕਾਲਜਾਂ ਦੇ ਵਿਦਿਆਰਥੀਆਂ ਦੇ ਸੰਘਰਸ਼ ਦੇ ਸਦਕਾ ਐਸ। ਸੀ। ਵਿਦਿਆਰਥੀਆਂ ਦੇ ਦਾਖਲੇ ਬਿਨਾਂ ਪੀਟੀਏ ਫੰਡ ਭਰਵਾਏ ਦਾਖਲੇ ਹੋਏ ਹਨ, ਕਈ ਜ਼ਿਲ੍ਹਾ ਭਲਾਈ ਅਫ਼ਸਰਾਂ ਨੇ ਕਾਲਜਾਂ ਨੂੰ ਨੋਟਿਸ ਜਾਰੀ ਕਰਕੇ ਹੁਕਮ ਦੇਣੇ ਪਏ ਹਨ ਕਿ ਪੀਟੀਏ ਫੰਡ ਨਾ ਵਸੂਲਿਆ ਜਾਵੇ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਵੀ ਆਪਣੇ ਬਾਹਰਲੇ ਕੇਂਦਰਾਂ ਨੂੰ ਹਦਾਇਤਾਂ ਦਿੱਤੀਆਂ ਹਨ ਕਿ ਐਸ। ਸੀ ਵਿਦਿਆਰਥੀਆਂ ਤੋਂ ਪੀਟੀਏ ਫੰਡ ਨਾ ਵਸੂਲਿਆ ਜਾਵੇ, ਪਰ ਬਹੁਤ ਸਾਰੇ ਕਾਲਜਾਂ ਵਿੱਚ ਇਸ ਫੰਡਾਂ ਦੇ ਨਾਮ 'ਤੇ ਕਰੋੜਾਂ ਰੁਪਏ ਵਿਦਿਆਰਥੀਆਂ ਤੋਂ ਇੱਕਤਰ ਕਰ ਲਏ ਜਾਂਦੇ ਹਨ। ਵਿਦਿਆਰਥੀ ਆਗੂ ਸੁਖਚੈਨ ਸਿੰਘ ਪੁੰਨਾਵਾਲ ਨੇ ਕਿਹਾ ਕਿ ਵੱਖ ਵੱਖ ਸਰਕਾਰਾਂ ਵੱਲੋਂ ਐਸ ਸੀ ਵਿਦਿਆਰਥੀਆਂ ਤੋਂ ਸਿੱਖਿਆ ਖੋਹਣ ਦੀਆਂ ਵਿਉਂਤਾਂ ਬਣਾਈਆਂ ਜਾ ਰਹੀਆਂ ਹਨ। ਉਹਨਾਂ ਦੀਆਂ ਡਿਗਰੀਆਂ/ਨਤੀਜੇ ਰੋਕੇ ਜਾ ਰਹੇ ਹਨ। ਵਿਦਿਆਰਥੀਆਂ ਤੇ ਫੀਸਾਂ ਫੰਡਾਂ ਦਾ ਬੋਝ ਵਧਾਇਆ ਜਾ ਰਿਹਾ ਹੈ।

ਵਿਦਿਆਰਥੀਆਂ ਨੇ ਐਲਾਨ ਕੀਤਾ ਕਿ ਜੇਕਰ ਪੀਟੀਏ ਫੰਡ ਵਸੂਲਣਾ ਬੰਦ ਨਾ ਕੀਤਾ ਗਿਆ ਤਾਂ ਅਗਲਾ ਸੰਘਰਸ਼ ਵਿਉਂਤਿਆ ਜਾਵੇਗਾ। ਇਸ ਮੌਕੇ ਕਾਲਜ਼ ਕਮੇਟੀ ਮੈਂਬਰ ਹਰਪ੍ਰੀਤ ਸਿੰਘ ਕਨੋਈ, ਮਨਪ੍ਰੀਤ ਕੌਰ, ਦਿਲਪ੍ਰੀਤ ਕੌਰ, ਨਵਜੋਤ ਕੌਰ, ਮਨਪ੍ਰੀਤ ਸਿੰਘ, ਸ਼ੈਟੀ ਕਾਲਬੰਜਾਰਾ ਆਦਿ ਵਿਦਿਆਰਥੀ ਹਾਜ਼ਰ ਸਨ।

*****

# ਨਸ਼ਾ ਇਕ ਮਾਨਸਿਕ ਰੋਗ: ਡਿਪਟੀ ਮੈਡੀਕਲ ਕਮਿਸ਼ਨਰ ਡਾ. ਵਿਕਾਸ ਧੀਰ

## ਅੰਤਰਰਾਸ਼ਟਰੀ ਨਸ਼ਾ-ਖੋਰੀ ਅਤੇ ਗੈਰ ਕਨੂੰਨੀ ਤਸ਼ਕਰੀ ਵਿਰੋਧੀ ਦਿਵਸ ਮੌਕੇ ਜਾਗਰੂਕਤਾ ਕੈਂਪ ਦਾ ਆਯੋਜਨ

**ਸੰਗਰੂਰ, (ਦਲਜੀਤ ਕੌਰ)-** ਸਿਵਲ ਸਰਜਨ ਡਾ ਪਰਮਿੰਦਰ ਕੌਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਨਸ਼ਾ ਛੁਡਾਊ ਕੇਂਦਰ ਸੰਗਰੂਰ, ਵਿਖੇ ਡਿਪਟੀ ਮੈਡੀਕਲ ਕਮਿਸ਼ਨਰ, ਡਾ ਵਿਕਾਸ ਧੀਰ ਦੀ ਅਗਵਾਈ ਹੇਠ "ਨਸ਼ਾ-ਮੁਕਤ ਭਾਰਤ" ਮੁਹਿੰਮ ਦੇ ਤਹਿਤ "ਅੰਤਰ-ਰਾਸ਼ਟਰੀ ਨਸ਼ਾ ਖੋਰੀ ਅਤੇ ਗੈਰ-ਕਾਨੂੰਨੀ ਤਸ਼ਕਰੀ ਵਿਰੋਧੀ ਦਿਵਸ" ਮੌਕੇ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਜਾਗਰੂਕਤਾ ਕੈਂਪ ਨੂੰ ਸੰਬੋਧਨ ਕਰਦਿਆਂ ਡਿਪਟੀ ਮੈਡੀਕਲ ਕਮਿਸ਼ਨਰ ਡਾ ਵਿਕਾਸ ਧੀਰ ਨੇ ਕਿਹਾ ਕਿ ਨਸ਼ਾ ਇਕ ਮਾਨਸਿਕ ਰੋਗ ਹੈ ਜੋ ਇਨਸਾਨ ਨੂੰ ਸਰੀਰਕ, ਮਾਨਸਿਕ ਤੇ ਆਰਥਿਕ ਤੌਰ ਤੇ ਕਮਜ਼ੋਰ ਕਰ ਦਿੰਦਾ ਹੈ, ਇਸ ਲਈ ਸਾਨੂੰ ਕਿਸੇ ਵੀ ਕਿਸਮ ਦਾ ਨਸ਼ਾ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਵਿਆਪਕ ਵਰਤੋਂ ਸਮਾਜ ਲਈ ਇਕ ਚਿੰਤਾ ਦਾ ਵਿਸ਼ਾ ਹੈ ਕਿਉਕਿ ਕਿਸੇ ਵੀ ਦੇਸ਼ ਦੇ ਚੰਗੇ ਭਵਿੱਖ ਲਈ ਉਸ ਦੀ ਤਰੱਕੀ ਦੇ ਰਾਹ ਵਿਚ ਨਸ਼ਾ ਇਕ ਵੱਡੀ ਰੁਕਾਵਟ ਬਣਦਾ ਹੈ। ਉਹਨਾਂ ਇਹ ਵੀ ਕਿਹਾ ਕਿ ਫਿਰ ਵੀ ਜੇਕਰ ਕੋਈ ਵਿਅਕਤੀ ਨਸ਼ਿਆਂ ਦੀ ਦਲਦਲ ਵਿੱਚ ਫਸਦਾ ਹੈ ਤਾਂ ਇਸਦਾ ਇਲਾਜ ਵੀ ਸੰਭਵ ਹੈ ਤੇ ਉਸਦਾ ਇਹ ਇਲਾਜ ਸਰਕਾਰ ਵੱਲੋਂ ਨਸ਼ਾ ਛੁਡਾਊ ਕੇਂਦਰਾਂ, ਓਟ ਕਲੀਨਿਕਾਂ ਅਤੇ ਮੁੜ ਵਸੇਬਾ ਕੇਂਦਰਾਂ ਵਿੱਚ ਬਿਲਕੁਲ ਮੁਫਤ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਇਹਨਾਂ ਸਰਕਾਰੀ ਕੇਂਦਰਾਂ ਵਿੱਚ ਇਲਾਜ ਕਰਵਾਉਣ ਵਾਲੇ ਵਿਅਕਤੀ ਦੀ ਪਹਿਚਾਣ ਤੇ ਰਿਕਾਰਡ ਗੁਪਤ ਰੱਖਿਆ ਜਾਂਦਾ ਹੈ।



ਇਸ ਮੌਕੇ ਮਾਨਸਿਕ ਰੋਗਾਂ ਦੇ ਮਾਹਿਰ ਡਾ ਦੀਪਕ ਕਾਂਸਲ ਨੇ ਕੈਂਪ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦੇ ਸਮੇਂ ਵਿਚ ਜ਼ਿਆਦਾਤਰ ਨੌਜਵਾਨ ਵਰਗ ਨਸ਼ਾ ਕਰਨ ਵੱਲ ਝੁਕ ਰਿਹਾ ਹੈ। ਉਨ੍ਹਾਂ ਕਿਹਾ ਕਿ ਨਸ਼ਾ ਇਕ ਨਾ-ਮੁਰਾਦ ਬਿਮਾਰੀ ਹੈ, ਨਸ਼ਿਆਂ ਦੀਆਂ ਆਦਤਾਂ ਵਿੱਚ ਫਸ ਕੇ ਨੌਜਵਾਨ ਆਪਣਾ ਅਤੇ ਆਪਣੇ ਦੇਸ਼ ਦਾ ਭਵਿੱਖ ਖਰਾਬ ਕਰਦੇ ਹਨ ਕਿਉਂਕਿ ਉਹ ਗਲਤ ਅਤੇ ਠੀਕ ਵਿੱਚ ਫਰਕ ਨਹੀਂ ਕਰ ਸਕਦੇ। ਉਨ੍ਹਾਂ ਨਸ਼ਿਆਂ ਦੇ ਕਾਰਨ, ਨਸ਼ਾ ਕਰਨ ਵਾਲੇ ਵਿਅਕਤੀ ਦੇ ਲੱਛਣ, ਨਸ਼ਾ ਕਰਨ ਨਾਲ ਸਰੀਰ ਨੂੰ ਲੱਗਣ ਵਾਲੇ ਹੋਰ ਰੋਗਾਂ ਅਤੇ ਇਹਨਾਂ ਦੇ ਇਲਾਜ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ।

ਇਸ ਮੌਕੇ ਤੇ ਜਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫ਼ਸਰ ਬਲਜਿੰਦਰ ਸਿੰਘ, ਸਟਾਫ਼ ਨਰਸ ਕਿਰਨਜੀਤ ਕੌਰ,ਗੁਰਪ੍ਰੀਤ ਸਿੰਘ, ਜਸਕਰਨਜੀਤ ਸਿੰਘ, ਅਮਨਪ੍ਰੀਤ ਸਿੰਘ, ਮੁਹੰਮਦ ਖਾਲਿਦ, ਰਜਿੰਦਰ ਸਿੰਘ ਆਦਿ ਹਾਜ਼ਰ ਸਨ।

# ਪਠਾਨਕੋਟ ਪੁਲਿਸ ਨੇ ਨਸ਼ਿਆਂ ਦੀ ਦੁਰਵਰਤੋਂ ਅਤੇ ਮਨੁੱਖੀ ਤਸਕਰੀ ਵਿਰੁੱਧ

## ਅੰਤਰਰਾਸ਼ਟਰੀ ਦਿਵਸ ਮਨਾਇਆ, ਨਸ਼ਿਆਂ ਦੇ ਕਾਰੋਬਾਰ ਤੇ ਹਮਲਾਵਰ ਕਾਰਵਾਈ ਸ਼ੁਰੂ ਕੀਤੀ

**ਪਠਾਨਕੋਟ, 26 ਜੂਨ ( ਰਾਜਿੰਦਰ ਸਿੰਘ ਰਾਜਨ)** ਪਠਾਨਕੋਟ ਪੁਲਿਸ ਨੇ ਨਸ਼ਿਆਂ ਦੀ ਦੁਰਵਰਤੋਂ ਅਤੇ ਮਨੁੱਖੀ ਤਸਕਰੀ ਵਿਰੁੱਧ ਅੰਤਰਰਾਸ਼ਟਰੀ ਦਿਵਸ ਮਨਾਇਆ ਗਿਆ ਜਿਸ ਵਿੱਚ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਦੇ ਵਿਰੁੱਧ ਕਾਰਵਾਈ ਕਰਨ ਲਈ ਜ਼ੋਰਦਾਰ ਸੱਦਾ ਦਿੱਤਾ ਗਿਆ। ਜ਼ਿਲ੍ਹੇ ਵਿੱਚ ਕਾਨੂੰਨ ਲਾਗੂ ਕਰਨ ਨਸ਼ਿਆਂ ਦੇ ਵਪਾਰ ਦੀ ਸਖ਼ਤ ਨਿਖੇਧੀ ਕਰਦਿਆਂ ਇਸ ਵਧ ਰਹੇ ਖਤਰੇ ਦਾ ਮੁਕਾਬਲਾ ਕਰਨ ਲਈ ਇਕਜੁੱਟ ਮੋਰਚੇ ਦੀ ਲੋੜ ਤੇ ਜ਼ੋਰ ਦਿੱਤਾ ਹੈ।

ਇਸ ਮੌਕੇ ਬੋਲਦਿਆਂ ਸੀਨੀਅਰ ਪੁਲਿਸ ਕਪਤਾਨ ਹਰਕਮਲ ਪ੍ਰੀਤ ਸਿੰਘ ਖੱਖ ਨੇ ਪਠਾਨਕੋਟ ਨੂੰ ਪਾਕਿਸਤਾਨ, ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਨਾਲ ਲੱਗਦੇ ਸਰਹੱਦੀ ਜ਼ਿਲ੍ਹੇ ਵਜੋਂ ਦਰਪੇਸ਼ ਵਿਲੱਖਣ ਚੁਣੌਤੀਆਂ ਬਾਰੇ ਚਾਨਣਾ ਪਾਇਆ। ਇਸ ਭੂਗੋਲਿਕ ਸਥਿਤੀ ਨੇ ਪਠਾਨਕੋਟ ਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੀਆਂ ਗਤੀਵਿਧੀਆਂ ਲਈ ਇੱਕ ਮਹੱਤਵਪੂਰਨ ਆਵਾਜਾਈ ਬਿੰਦੂ ਹੈ।



ਪਿਛਲੇ ਸਾਲ ਵਿੱਚ, ਪਠਾਨਕੋਟ ਪੁਲਿਸ ਨੇ ਨਸ਼ਿਆਂ ਵਿਰੁੱਧ ਆਪਣੀ ਲੜਾਈ ਵਿੱਚ ਮਹੱਤਵਪੂਰਨ ਤਰੱਕੀ ਕੀਤੀ ਹੈ, ਜਿਸ ਦੇ ਨਤੀਜੇ ਵਜੋਂ ਵੱਡੀਆਂ ਬਰਾਮਦਗੀਆਂ ਹੋਈਆਂ ਹਨ ਅਤੇ ਖੇਤਰ ਵਿੱਚ ਚੱਲ ਰਹੀਆਂ ਡਰੱਗ ਸਪਲਾਈ ਚੇਨਾਂ ਨੂੰ ਵਿਗਾੜਿਆ ਗਿਆ ਹੈ। ਹਿਮਾਚਲ ਪ੍ਰਦੇਸ਼ ਤੋਂ ਪੰਜਾਬ ਨੂੰ ਚਰਸ ਦੀ ਤਸਕਰੀ ਸਬੰਧੀ ਸ਼ਿਕਾਇਤਾਂ ਦਾ ਤੁਰੰਤ ਹੱਲ ਕਰਦਿਆਂ, ਪਠਾਨਕੋਟ ਪੁਲਿਸ ਨੇ ਨਿਰਣਾਇਕ ਕਾਰਵਾਈ ਕਰਦੇ ਹੋਏ, ਸਪਲਾਈ ਚੇਨ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਘਟਾ ਦਿੱਤਾ ਅਤੇ ਇਸ ਰਸਤੇ ਤੋਂ ਤਸਕਰੀ ਨੂੰ ਖਤਮ ਕੀਤਾ। ਜ਼ਿਕਰਯੋਗ ਹੈ ਕਿ ਪਿਛਲੇ ਦੋ ਮਹੀਨਿਆਂ ਤੋਂ ਇਸ ਰਸਤੇ ਤੋਂ ਤਸਕਰੀ ਦੀ ਕੋਈ ਰਿਪੋਰਟ ਨਹੀਂ ਹੈ।

ਇਸ ਤੋਂ ਇਲਾਵਾ, ਪਠਾਨਕੋਟ ਪੁਲਿਸ ਨੇ ਹੈਰੋਇਨ, ਅਫੀਮ ਅਤੇ ਭੁੱਕੀ ਵਰਗੇ ਉੱਚ-ਤੀਬਰ ਪਦਾਰਥਾਂ ਦੀ ਤਸਕਰੀ ਵਿੱਚ ਸ਼ਾਮਲ ਨਸ਼ੀਲੇ ਪਦਾਰਥਾਂ ਦੀ ਸਪਲਾਈ ਨੈਟਵਰਕ ਨੂੰ ਸਫਲਤਾਪੂਰਵਕ ਖਤਮ ਕਰ ਦਿੱਤਾ ਹੈ। ਅਤਿ-ਆਧੁਨਿਕ ਨਾਕਾ ਮਾਧੋਪੁਰ ਚੌਕੀ ਤੇ ਨਸ਼ੀਲੇ ਪਦਾਰਥਾਂ ਅਤੇ ਗੈਰ-ਕਾਨੂੰਨੀ ਪਦਾਰਥ ਲੈ ਕੇ ਜਾਣ ਵਾਲੇ ਟਰੱਕਾਂ ਨੂੰ ਰੋਕਣ ਸਮੇਤ ਬਾਰੀਕੀ ਨਾਲ ਅਪਰੇਸ਼ਨਾਂ ਰਾਹੀਂ, ਪੁਲਿਸ ਨੇ ਵੱਖ-ਵੱਖ ਰਾਜਾਂ ਵਿੱਚ ਨਸ਼ੀਲੇ ਪਦਾਰਥਾਂ ਨਾਲ ਜੁੜੇ ਪ੍ਰਮੁੱਖ ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਪਠਾਨਕੋਟ ਪੁਲਿਸ ਦੀ ਨਸ਼ਿਆਂ ਵਿਰੁੱਧ ਲੜਾਈ ਦਾ ਇੱਕ ਮਹੱਤਵਪੂਰਨ ਪਹਿਲੂ ਜਵਾਬਦੇਹੀ ਯਕੀਨੀ ਬਣਾਉਣ ਅਤੇ ਦੋਸ਼ਾਂ ਨੂੰ ਰੋਕਣ ਲਈ ਜ਼ਬਤ ਕੀਤੇ ਗਏ ਨਸ਼ੀਲੇ ਪਦਾਰਥਾਂ ਦਾ ਸਹੀ ਨਿਪਟਾਰਾ ਕਰਨਾ ਹੈ। ਨਸ਼ਾ ਨਿਪਟਾਰਾ ਕਮੇਟੀ ਦੀ ਨਿਗਰਾਨੀ ਹੇਠ 40,000 ਕਿਲੋ ਭੁੱਕੀ, 14 ਕਿਲੋ ਹੈਰੋਇਨ, 11 ਕਿਲੋ ਚਰਸ, ਅਫੀਮ, ਨਸ਼ੀਲਾ ਪਾਊਡਰ, ਗਾਂਜਾ ਅਤੇ ਹੋਰ ਵੱਖ-ਵੱਖ ਨਸ਼ੀਲੇ ਪਦਾਰਥਾਂ ਨੂੰ ਨਸ਼ਟ ਕੀਤਾ ਗਿਆ ਹੈ, ਜਿਸ ਨਾਲ ਇਨ੍ਹਾਂ ਦੇ ਮੁੜ ਦਾਖਲੇ ਲਈ ਕੋਈ ਥਾਂ ਨਹੀਂ ਬਚੀ ਹੈ। ਪਠਾਨਕੋਟ ਪੁਲਿਸ ਦੀ ਨਸ਼ਾਖੋਰੀ ਨੂੰ ਰੋਕਣ ਲਈ ਵਚਨਬੱਧਤਾ ਅੰਕੜਿਆਂ ਤੋਂ ਸਪੱਸ਼ਟ ਹੈ, ਜਿਸ ਵਿੱਚ ਵੱਖ-ਵੱਖ ਨਸ਼ਿਆਂ ਨਾਲ ਸਬੰਧਤ ਅਪਰਾਧਾਂ ਦੇ ਸਬੰਧ ਵਿੱਚ ਕੁੱਲ 179 ਕੇਸ ਦਰਜ ਕੀਤੇ ਗਏ ਹਨ ਅਤੇ 269 ਗ੍ਰਿਫਤਾਰੀਆਂ ਕੀਤੀਆਂ ਗਈਆਂ ਹਨ। ਕਈ ਸਾਲਾਂ ਤੋਂ ਫੜੇ ਜਾਣ ਤੋਂ ਬਚੇ ਬਦਨਾਮ ਡਰੱਗ ਕਿੰਗਪਿਨ ਦੀਆਂ ਗ੍ਰਿਫਤਾਰੀਆਂ ਨੇ ਉਨ੍ਹਾਂ ਦੀ ਸਪਲਾਈ ਚੇਨ ਨੂੰ ਮਹੱਤਵਪੂਰਨ ਤੌਰ ਤੇ ਵਿਗਾੜ ਦਿੱਤਾ ਹੈ, ਜਿਸ ਨਾਲ ਇਹ ਸਪੱਸ਼ਟ ਸੰਦੇਸ਼ ਜਾਂਦਾ ਹੈ ਕਿ ਪਠਾਨਕੋਟ ਪੁਲਿਸ ਨਿਆਂ ਦੀ ਭਾਲ ਵਿਚ ਪਿੱਛੇ ਨਹੀਂ ਹਟੇਗੀ।ਇਸ ਤੋਂ ਇਲਾਵਾ, ਐਨ ਡੀ ਪੀ ਐਸ ਐਕਟ ਦੀਆਂ ਧਾਰਾਵਾਂ ਦੀ ਵਰਤੋਂ ਕਰਦੇ ਹੋਏ, ਪਠਾਨਕੋਟ ਪੁਲਿਸ ਨੇ ਵੱਡੇ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਨੂੰ ਜ਼ਬਤ ਕਰਨ ਲਈ ਫੈਸਲਾਕੁੰਨ ਕਾਰਵਾਈ ਕੀਤੀ ਹੈ।

# ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦਾ ਵਫ਼ਦ ਐੱਸਐੱਸਪੀ ਸੰਗਰੂਰ ਨੂੰ ਮਿਲਿਆ

**ਸੰਗਰੂਰ, (ਦਲਜੀਤ ਕੌਰ)-** ਪਿੰਡ ਬਿਗੜਵਾਲ ਵਿਖੇ ਤੀਜੇ ਹਿੱਸੇ ਦੀ ਪੰਚਾਇਤੀ ਜ਼ਮੀਨ ਸਾਂਝੇ ਤੌਰ ਤੇ ਲੈਣ ਲਈ ਚੱਲ ਰਹੇ ਸੰਘਰਸ਼ ਸਬੰਧੀ ਦੋਵੇਂ ਧਿਰਾਂ ਦਰਮਿਆਨ ਹੋਈ ਲੜਾਈ ਵਿੱਚ ਐਸ.ਐਚ.ਓ ਸੁਨਾਮ ਦੇ ਪੱਖਪਾਤੀ ਰਵੀਈਏ ਖਿਲਾਫ਼ ਅਤੇ ਦੂਜੀ ਧਿਰ (ਸਾਂਝੀ ਜ਼ਮੀਨ ਲੈਣ ਲਈ ਸੰਘਰਸ਼ ਕਰ ਰਹੀ) ਦੇ ਬਿਆਨ ਦਰਜ ਹੋਣ ਦੇ ਬਾਵਜੂਦ ਅਜੇ ਤੱਕ ਕੋਈ ਕਾਰਵਾਈ ਨਾ ਕਰਨ ਖਿਲਾਫ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ (ਪੰਜਾਬ) ਵੱਲੋਂ ਐੱਸ.ਐੱਸ.ਪੀ. ਸੰਗਰੂਰ ਨੂੰ ਬਤੌਰ ਡੈਪੂਟੇਸ਼ਨ ਮਿਲਿਆ ਗਿਆ। ਡੈਪੂਟੇਸ਼ਨ ਨੇ ਐੱਸ.ਐੱਚ.ਓ. ਦੇ ਨਾਲ-ਨਾਲ ਡੀਐੱਸਪੀ ਸੁਨਾਮ ਦੇ ਰੋਲ ਤੇ ਵੀ ਗੈਰ-ਤਸੱਲੀ ਪ੍ਰਗਟਾਈ। ਡੈਪੂਟੇਸ਼ਨ ਮਿਲਣ ਗਏ ਆਗੂਆਂ ਨੂੰ ਐਸ.ਐਸ.ਪੀ ਨੇ ਭਰੋਸਾ ਦੁਆਇਆ ਕਿ ਕਿਸੇ ਵੀ ਕੀਮਤ ਤੇ ਪੱਖਪਾਤੀ ਰਵੀਈਆ ਨਹੀਂ ਅਪਣਾਇਆ ਜਾਵੇਗਾ ਅਤੇ ਇਸ ਮਾਮਲੇ ਨੂੰ ਦੇਖਣ ਦੀ ਜ਼ਿੰਮੇਵਾਰੀ ਐਸ.ਪੀ.(ਡੀ) ਸੰਗਰੂਰ ਪਲਵਿੰਦਰ ਸਿੰਘ ਚੀਮਾ ਨੂੰ ਸੌਂਪ ਦਿੱਤੀ ਗਈ ਹੈ।

ਅੱਜ ਮਿਲੇ ਡੈਪੂਟੇਸ਼ਨ ਦੀ ਜਾਣਕਾਰੀ ਪ੍ਰੈੱਸ ਨਾਲ ਸਾਂਝੀ ਕਰਦਿਆਂ ਯੂਨੀਅਨ ਦੇ ਸੂਬਾ ਸਕੱਤਰ ਧਰਮਪਾਲ ਸਿੰਘ ਅਤੇ ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਨੇ ਦੱਸਿਆ ਕਿ ਪਿੰਡ ਬਿਗੜਵਾਲ ਵਿਖੇ ਤੀਜੇ ਹਿੱਸੇ ਦੀ ਪੰਚਾਇਤੀ ਜ਼ਮੀਨ ਸਾਂਝੇ ਤੌਰ ਤੇ ਲੈਣ ਲਈ ਚੱਲ ਰਹੇ ਸੰਘਰਸ਼ ਤਹਿਤ ਪਿਛਲੇ ਦਿਨਾਂ ਵਿੱਚ ਤਹਿਸੀਲਦਾਰ ਸੁਨਾਮ ਨੇ ਦੋਹਾਂ ਧਿਰਾਂ ਨੂੰ ਦੋ ਦਿਨ ਦਾ ਸਮਾਂ ਦਿੱਤਾ ਸੀ ਅਤੇ ਸਖਤੀ ਨਾਲ ਕਿਹਾ ਸੀ ਕਿ ਕੋਈ ਵੀ ਧਿਰ ਇਸ ਦੀ ਉਲੰਘਣਾ ਨਾ ਕਰੇ, ਪਰ ਇਕ ਧਿਰ ਨੇ ਦੋ ਦਿਨਾਂ ਦੀ ਉਡੀਕ ਕਰਨ ਦੀ ਬਜਾਏ ਜ਼ਮੀਨ ਵਿੱਚ ਹੋਰਨਾਂ ਨੂੰ ਨਾਲ ਲੈਕੇ ਵਾਹੀ ਕਰਨੀ ਸ਼ੁਰੂ ਕਰ ਦਿੱਤੀ। ਦੂਜੀ ਧਿਰ (ਸਾਂਝੀ ਜ਼ਮੀਨ ਲਈ ਸੰਘਰਸ਼ ਕਰਨ ਵਾਲੀ) ਦੀ ਔਰਤਾਂ ਵੱਲੋਂ ਤਹਿਸੀਲਦਾਰ ਸੁਨਾਮ ਵੱਲੋਂ ਦਿੱਤੇ ਦੋ ਦਿਨ ਦੇ ਸਮੇਂ ਦਾ ਹਵਾਲਾ ਦਿੰਦੀਆਂ ਕਿਹਾ ਕਿ ਸਾਨੂੰ ਦੋ ਦਿਨ ਦਾ ਇੰਤਜ਼ਾਰ ਕਰਨਾ ਚਾਹੀਦਾ ਹੈ, ਉਸਨੇ ਗੱਲ ਸੁਣਨ ਦੀ ਬਜਾਏ ਔਰਤਾਂ ਨਾਲ ਝਗੜਨਾ ਸ਼ੁਰੂ ਕਰ ਦਿੱਤਾ, ਔਰਤਾਂ ਦੀ ਕੁੱਟਮਾਰ ਕੀਤੀ, ਕਪੜੇ ਤੱਕ ਪਾੜੇ, ਪਰ ਸਿਤਮਜ਼ਰੀਫੀ ਦੀ ਹੱਦ ਦੇਖੋ ਕਿ ਜੋ ਵਿਅਕਤੀ ਤਹਿਸੀਲਦਾਰ ਦੇ ਦਿੱਤੇ ਸਮੇਂ ਨੂੰ ਟਿੱਚ ਜਾਣਦਾ ਹੈ, ਲੜਾਈ ਲਈ ਆਧਾਰ ਤਿਆਰ ਕਰਦਾ ਹੈ, ਪਿੰਡ ਦਾ ਮਹੌਲ ਖਰਾਬ ਕਰਦਾ ਹੈ, ਐੱਸ.ਐੱਚ.ਓ. ਉਲੰਘਣਾ ਕਰਨ ਵਾਲੇ ਦੇ ਬਿਆਨਾਂ ਦੇ ਆਧਾਰ 'ਤੇ ਸਾਂਝੀ ਜ਼ਮੀਨ ਦੀ ਮੰਗ ਕਰਨ ਵਾਲਿਆਂ 22 ਵਿਅਕਤੀਆਂ 'ਤੇ ਪਰਚਾ ਦਰਜ ਕਰ ਦਿੰਦਾ ਹੈ। ਜ਼ਿਕਰਯੋਗ ਹੈ ਕਿ ਦੂਜੀ ਧਿਰ ਦੇ ਬਿਆਨਾਂ ਦੇ ਆਧਾਰ ਤੇ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ ਹੈ, ਜਦਕਿ ਪੀੜਤ ਔਰਤਾਂ ਅਜੇ ਵੀ ਜਖਮੀ ਹਾਲਤ ਵਿੱਚ ਸਰਕਾਰੀ ਹਸਪਤਾਲ ਸੁਨਾਮ ਵਿਖੇ ਦਾਖਲ ਹਨ। ਆਗੂਆਂ ਨੇ ਆਖਿਆ ਕਿ ਜੋ ਪਿੰਡ ਬਿਗੜਵਾਲ ਵਿਖੇ ਮਾਮਲਾ ਵਾਪਰਿਆ ਹੈ, ਉਸ ਬਾਰੇ ਐੱਸ.ਐੱਚ.ਓ. ਨੇ ਪੱਖਪਾਤੀ ਰਵੀਈਆ ਅਖਤਿਆਰ ਕੀਤਾ ਹੀ ਹੈ ਪਰ ਨਾਲ ਦੀ ਨਾਲ ਡੀਐੱਸਪੀ ਸੁਨਾਮ ਦੀ ਵੀ ਇਸ ਮਾਮਲੇ ਨੂੰ ਹੱਲ ਕਰਨ ਸਬੰਧੀ ਕਾਰਵਾਈ ਤਸੱਲੀਬਖ਼ਸ਼ ਨਹੀਂ ਰਹੀ।




ਆਗੂਆਂ ਨੇ ਅਖੀਰ ਤੇ ਦੱਸਿਆ ਕਿ ਇਸ ਮਾਮਲੇ ਨੂੰ ਦੇਖਣ ਦੀ ਜ਼ਿੰਮੇਵਾਰੀ ਐਸ.ਪੀ.(ਡੀ) ਦੀ ਲੱਗ ਗਈ ਹੈ। ਇਸ ਲਈ 27 ਜੂਨ ਨੂੰ ਉਨ੍ਹਾਂ ਨੂੰ ਡੈਪੂਟੇਸ਼ਨ ਮਿਲ ਕੇ ਇਹ ਮੰਗ ਕੀਤੀ ਜਾਵੇਗੀ ਕਿ ਝੂਠਾ ਪਰਚਾ ਰੱਦ ਕੀਤਾ ਜਾਵੇ, ਦੂਜੀ ਧਿਰ ਵੱਲੋਂ ਦਾਖਲ ਔਰਤਾਂ ਦੇ ਹੋ ਚੁੱਕੇ ਬਿਆਨਾਂ ਦੇ ਆਧਾਰ ਤੇ ਬਣਦੀ ਕਾਰਵਾਈ ਕੀਤੀ ਜਾਵੇ। ਇਸ ਮੌਕੇ ਜਥੇਬੰਦੀ ਦੀ ਜਿਲ੍ਹਾ ਆਗੂ ਕਰਮਜੀਤ ਕੌਰ, ਡੀ ਟੀ ਐੱਫ ਦੇ ਆਗੂ ਬਲਵੀਰ ਚੰਦ ਲੌਂਗੋਵਾਲ, ਜਸਵੀਰ ਸਿੰਘ ਨਮੋਲ, ਜਗਸੀਰ ਸਿੰਘ ਬਿਗੜਵਾਲ, ਗੁਰਮੀਤ ਸਿੰਘ, ਬਲਵੀਰ ਸਿੰਘ ਅਤੇ ਜਰਨੈਲ ਸਿੰਘ ਸਾਮਿਲ ਸਨ।

# ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਗੁਰਦੁਆਰਾ ਜਨਮ ਅਸਥਾਨ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ





**ਨਨਕਾਣਾ ਸਾਹਿਬ–** ਮਹਾਰਾਜਾ ਰਣਜੀਤ ਸਿੰਘ ਦੀ ੧੮੪ ਵੀਂ ਬਰਸੀ ਮੌਕੇ ਭਾਰਤ ਅਤੇ ਪਾਕਿਸਤਾਨ ਦੇ ਸੈਂਕੜੇ ਸਿੱਖ ਸ਼ਰਧਾਲੂ ਸ਼ਨੀਵਾਰ ਨੂੰ ਗੁਰਦੁਆਰਾ ਜਨਮ ਅਸਥਾਨ ਵਿਖੇ ਇਕੱਠੇ ਹੋਏ। ਅੱਜ ਦੇ ਮੁੱਖ ਸਮਾਗਮ ਵਿੱਚ ਸ੍ਰੀ ਅਖੰਡ ਪਾਠ ਜੀ ਦੇ ਭੋਗ ਪਾਏ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਰੱਬੀ ਬਾਣੀ ਦਾ ਕੀਰਤਨ ਹੋਇਆ ਅਤੇ ਅਲੱਗ-ਅਲੱਗ ਬੁਲਾਰਿਆਂ ਨੇ ਆਪਣੇ ਵੀਚਾਰ ਰੱਖੇ। ਸਮਾਗਮ ਵਿੱਚ ਪਾਕਿਸਤਾਨੀ ਸਿੱਖ ਆਗੂ ਸਰਦਾਰ ਅਮੀਰ ਸਿੰਘ ਪ੍ਰਧਾਨ (ਪੀ।ਐਸ।ਜੀ।ਪੀ।ਸੀ।), ਪਾਰਟੀ ਆਗੂ ਭੁਪਿੰਦਰ ਸਿੰਘ ਪਹਿਲਵਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ), ਡਿਪਟੀ ਪਾਰਟੀ ਆਗੂ ਰਵਿੰਦਰ ਸਿੰਘ ਖਾਲਸਾ, ਪਾਰਟੀ ਆਗੂ ਗੁਰਜਿੰਦਰ ਸਿੰਘ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਅਤੇ ਇੰਟਰਨੈਸ਼ਨਲ ਭਾਈ ਮਰਦਾਨਾ ਯਾਦਗਰੀ ਕੀਰਤਨ ਦਰਬਾਰ ਸੁਸਾਇਟੀ ਫਿਰੋਜ਼ਪੁਰ ਦੇ ਆਗੂ ਗੁਰਦੇਵ ਸਿੰਘ ਆਦਿ ਸ਼ਾਮਲ ਸਨ।

ਵਧੀਕ ਸਕੱਤਰ ਸ਼ਰਨਾਰਥੀ ਰਾਣਾ ਸ਼ਾਹਿਦ ਸਲੀਮ, ਉਪ ਸਕੱਤਰ ਸੈਫ ਉੱਲਾ, ਕੇਅਰ ਟੇਕਰ ਮੁਹੰਮਦ ਇਮਰਾਨ ਨਬੀ ਸਮੇਤ ਔਕਾਫ਼ ਬੋਰਡ ਦੇ ਕਈ ਅਧਿਕਾਰੀ ਵੀ ਮੌਜੂਦ ਸਨ। ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਵਿਖੇ ਪਾਠ ਦੇ ਭੋਗ ਉਪਰੰਤ ਕੀਰਤਨ ਕੀਤਾ ਗਿਆ। ਖਾਲਸਾ ਰਾਜ ਦੀ ਪ੍ਰਾਪਤੀ ਅਤੇ ਖਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਗਈ।





ਆਪਣੇ ਭਾਸ਼ਣਾਂ ਵਿੱਚ, ਸਿੱਖ ਆਗੂਆਂ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਸ਼ਰਧਾਂਜਲੀ ਭੇਂਟ ਕੀਤੀ, ਜਿਸਨੂੰ ਉਹਨਾਂ ਨੇ ਇੱਕ ਮਹਾਨ ਯੋਧਾ, ਰਾਜਨੇਤਾ ਅਤੇ ਸਿੱਖ ਧਰਮ ਦਾ ਸਰਪ੍ਰਸਤ ਦੱਸਿਆ। ਉਨ੍ਹਾਂ ਨੇ ਤੀਰਥ ਯਾਤਰਾ ਦੀ ਸਹੂਲਤ ਲਈ ਪਾਕਿਸਤਾਨ ਸਰਕਾਰ ਦੇ ਸਹਿਯੋਗ ਲਈ ਵੀ ਧੰਨਵਾਦ ਕੀਤਾ। ਐਸਜੀਪੀਸੀ ਪਾਰਟੀ ਦੇ ਆਗੂ ਭੁਪਿੰਦਰ ਸਿੰਘ ਪਹਿਲਵਾਨ ਨੇ ਕਿਹਾ, "ਅਸੀਂ ਮਹਾਰਾਜਾ ਰਣਜੀਤ ਸਿੰਘ ਨੂੰ ਸ਼ਰਧਾਂਜਲੀ ਦੇਣ ਦਾ ਮੌਕਾ ਪ੍ਰਦਾਨ ਕਰਨ ਲਈ ਪਾਕਿਸਤਾਨ ਸਰਕਾਰ ਦੇ ਧੰਨਵਾਦੀ ਹਾਂ। "ਇਹ ਸਿੱਖ ਭਾਈਚਾਰੇ ਲਈ ਇੱਕ ਇਤਿਹਾਸਕ ਦਿਨ ਹੈ, ਅਤੇ ਸਾਨੂੰ ਇੱਥੇ ਆ ਕੇ ਮਾਣ ਹੈ।"

ਵਧੀਕ ਸਕੱਤਰ ਸ਼੍ਰਾਈਨਸ ਰਾਣਾ ਸ਼ਾਹਿਦ ਸਲੀਮ ਨੇ ਸ਼ਾਂਤੀ ਅਤੇ ਸਦਭਾਵਨਾ ਲਈ ਸਿੱਖ ਭਾਈਚਾਰੇ ਦੀ ਵਚਨਬੱਧਤਾ ਦੀ ਸ਼ਲਾਘਾ ਕੀਤੀ। ਉਨ੍ਹਾਂ ਇਹ ਵੀ ਕਿਹਾ ਕਿ ਪਾਕਿਸਤਾਨ ਸਰਕਾਰ ਸਿੱਖਾਂ ਸਮੇਤ ਸਾਰੀਆਂ ਘੱਟ ਗਿਣਤੀਆਂ ਦੇ ਅਧਿਕਾਰਾਂ ਦੀ ਰਾਖੀ ਲਈ ਵਚਨਬੱਧ ਹੈ। ਉਨ੍ਹਾਂ ਕਿਹਾ, "ਸਾਨੂੰ ਪਾਕਿਸਤਾਨ 'ਚ ਸਿੱਖ ਭਾਈਚਾਰੇ ਦੀ ਮੇਜ਼ਬਾਨੀ ਕਰਨ 'ਤੇ ਮਾਣ ਹੈ। "ਅਸੀਂ ਪਾਕਿਸਤਾਨ ਵਿੱਚ ਸਿੱਖਾਂ ਦੇ ਪਵਿੱਤਰ ਸਥਾਨਾਂ ਦੀ ਯਾਤਰਾ ਦੀ ਸਹੂਲਤ ਜਾਰੀ ਰੱਖਾਂਗੇ, ਅਤੇ ਅਸੀਂ ਅੰਤਰ-ਧਰਮ ਸਦਭਾਵਨਾ ਨੂੰ ਉਤਸ਼ਾਹਿਤ ਕਰਨ ਲਈ ਕੰਮ ਕਰਾਂਗੇ।" ਪ੍ਰਧਾਨ ਅਮੀਰ ਸਿੰਘ ਨੇ ਕਿਹਾ, "ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਸਿੱਖ ਭਾਈਚਾਰੇ ਲਈ ਇੱਕ ਮਹੱਤਵਪੂਰਨ ਘਟਨਾ ਹੈ, ਅਤੇ ਇਹ ਸਮਾਂ ਹੈ ਕਿ ਸਿੱਖ ਆਪਣੇ ਮਹਾਨ ਆਗੂ ਨੂੰ ਯਾਦ ਕਰਨ ਲਈ ਇਕੱਠੇ ਹੋਣ।" ਖਾਲਸਾ ਰਾਜ ਮਹਾਰਾਜਾ ਰਣਜੀਤ ਸਿੰਘ ਨੇ ਕਿਵੇਂ ਹਾਸਲ ਕੀਤਾ ਸੀ ਤੇ ਫੇਰ ਸਾਡੇ ਹੱਥੋਂ ਕਿਵੇਂ ਚਲਾ ਗਿਆ। ਅੱਜ ਦਾ ਦਿਨ ਸਾਨੂੰ ਸਿਰ ਜੋੜ ਕੇ ਬੈਠਣ ਦਾ ਦਿਨ ਹੈ। ਪਾਕਿਸਤਾਨ ਸਰਕਾਰ ਨੇ ਇਸ ਸਮਾਗਮ ਲਈ ਫੂਲਪਰੂਫ ਸੁਰੱਖਿਆ ਮੁਹੱਈਆ ਕਰਵਾਈ ਸੀ।

**– ਬਾਬਰ ਜਲੰਧਰੀ**

# ਸੀਪੀਆਈ (ਐਮ ਐਲ) ਵਲੋਂ ਮੋਦੀ ਸਰਕਾਰ ਦੀ ਅਣ-ਐਲਾਨੀ ਐਂਮਰਜੈਂਸੀ ਵਿਰੁੱਧ ਕਨਵੈਂਨਸ਼ਨ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊ ਡੈਮੋਕਰੇਸੀ ਵਲੋਂ ਅੱਜ ਸ਼ਹੀਦ ਮਲਕੀਤ ਚੰਦ ਮੇਹਲੀ ਭਵਨ ,ਬੰਗਾ ਰੋਡ ਨਵਾਂਸ਼ਹਿਰ ਵਿਖੇ ਦੇਸ਼ ਵਿਚ ਐਂਮਰਜੈਂਸੀ ਲਾਉਣ ਦੇ 47 ਵਰ੍ਹੇ ਪੂਰੇ ਹੋਣ ਉੱਤੇ ਮੋਦੀ ਸਰਕਾਰ ਦੀ ਅਣਐਲਾਨੀ ਐਂਮਰਜੈਂਸੀ ਦੇ ਵਿਰੋਧ ਵਿਚ ਕਨਵੈਂਨਸ਼ਨ ਕੀਤੀ ਗਈ। ਕਨਵੈਂਨਸ਼ਨ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਜਿਲਾ ਆਗੂ ਕੁਲਵਿੰਦਰ ਸਿੰਘ ਵੜੈਚ,ਗੁਰਬਖਸ਼ ਕੌਰ ਸੰਘਾ, ਅਵਤਾਰ ਸਿੰਘ ਤਾਰੀ ਅਤੇ ਹਰੀ ਰਾਮ ਰਸੂਲਪੁਰੀ ਨੇ ਕਿਹਾ ਕਿ ਐਂਮਰਜੈਂਸੀ ਦਾ 19 ਮਹੀਨੇ ਦਾ ਸਮਾਂ ਕਾਲੇ ਦੌਰ ਵਜੋਂ ਯਾਦ ਕੀਤਾ ਜਾਂਦਾ ਹੈ ਜਿਸਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਜਦੋਂ ਕਾਂਗਰਸ ਪਾਰਟੀ ਦੀ ਇੰਦਰਾ ਗਾਂਧੀ ਸਰਕਾਰ ਨੇ ਮਨੁੱਖੀ ਅਧਿਕਾਰਾਂ ਦਾ ਘਾਣ ਕਰਦਿਆਂ ਰਾਜਸੀ ਆਗੂਆਂ, ਮਜਦੂਰ ਅਤੇ ਵਿਦਿਆਰਥੀ ਆਗੂਆਂ ਨੂੰ ਬਿਨਾਂ ਮੁਕੱਦਮਾ ਚਲਾਏ ਜੇਲ੍ਹਾਂ ਬੰਦ ਰੱਖਿਆ। ਸਰਕਾਰ ਦੀ ਅਲੋਚਨਾ ਕਰਨ ਵਾਲੀ ਹਰ ਜੁਬਾਨ ਨੂੰ ਬੰਦ ਕਰਨ ਦੀ ਕੋਸ਼ਿਸ਼ ਕੀਤੀ ਗਈ। 83 ਲੱਖ ਵਿਅਕਤੀਆਂ ਦੀ ਜਬਰੀ





ਨਸਬੰਦੀ ਕਰ ਦਿੱਤੀ ਗਈ। ਐਂਮਰਜੈਂਸੀ ਲਾਉਣ ਦਾ ਮੁੱਖ ਕਾਰਨ ਆਰਥਿਕ ਸੰਕਟ ਸੀ। ਫੌਰੀ ਕਾਰਨ ਇਲਾਹਾਬਾਦ ਹਾਈਕੋਰਟ ਵਲੋਂ ਇੰਦਰਾ ਗਾਂਧੀ ਦੀ ਸੰਸਦ ਮੈਂਬਰ ਵਜੋਂ ਹੋਈ ਚੋਣ ਨੂੰ ਰੱਦ ਕਰਨਾ ਬਣਿਆ। ਉਹਨਾਂ ਕਿਹਾ ਕਿ ਅੱਜ ਮੋਦੀ ਸਰਕਾਰ ਨੇ ਆਪਣੇ ਫਾਸ਼ੀਵਾਦੀ ਅਜੰਡੇ ਨੂੰ ਅੱਗੇ ਤੋਰਨ ਲਈ ਅਣ ਐਲਾਨੀ ਐਂਮਰਜੈਂਸੀ ਲਾਈ ਹੋਈ ਹੈ। ਯੂਏਪੀਏ ਅਤੇ ਹੋਰ ਕਾਲੇ ਕਾਨੂੰਨਾਂ ਦੀ ਖੁੱਲ੍ਹ ਕੇ ਦੁਰਵਰਤੋਂ ਕੀਤੀ ਜਾ ਰਹੀ ਹੈ। ਦੇਸ਼ ਦੇ ਨਾਮਵਰ ਬੁੱਧੀਜੀਵੀ, ਲੇਖਕ, ਕਵੀ, ਵਕੀਲ, ਮਨੁੱਖੀ ਅਧਿਕਾਰਾਂ ਦੇ ਅਲੰਬਰਦਾਰ, ਆਗੂ ਮਨਘੜ੍ਹਤ ਕੇਸ ਬਣਾਕੇ ਜੇਲ੍ਹਾਂ ਵਿਚ ਸੁੱਟੇ ਹੋਏ ਹਨ। ਫਾਸ਼ੀਵਾਦ ਲਾਗੂ ਕਰਨ ਲਈ ਹਿੰਦੂਤਵੀ ਬੁਨਿਆਦਵਾਦੀ ਤਾਕਤਾਂ ਸਰਕਾਰ ਦਾ ਖੁੱਲ੍ਹ ਕੇ ਸਮਰਥਨ ਕਰ ਰਹੀਆਂ ਹਨ। ਮੋਦੀ ਸਰਕਾਰ ਦੇ ਰਾਜ ਵਿਚ ਸੰਵਿਧਾਨ ਅਤੇ ਜਮਹੂਰੀਅਤ ਖਤਰੇ ਵਿਚ ਹਨ ਅਤੇ ਮੋਦੀ ਸਰਕਾਰ ਆਪਣਾ ਹਿੰਦੂਤਵੀ ਅਜੰਡਾ ਬੜੀ ਤੇਜ਼ੀ ਨਾਲ ਲਾਗੂ ਕਰ ਰਹੀ ਹੈ। ਉਹਨਾਂ ਕਿਹਾ ਕਿ ਮੋਦੀ ਸਰਕਾਰ ਨੇ ਸੰਸਦ ਦੀ ਨਵੀਂ ਇਮਾਰਤ ਦੇ ਉਦਘਾਟਨ ਵੇਲੇ ਜਿਸ ਤਰ੍ਹਾਂ ਧਰਮਨਿਰਪੱਖਤਾ ਨੂੰ ਛਿੱਕੇ ਟੰਗਿਆ, ਸੰਵਿਧਾਨਕ ਕਦਰਾਂ ਕੀਮਤਾਂ ਨੂੰ ਰੋਲਿਆ ਉਸਤੋਂ ਉਸਦੇ ਮਣਸ਼ੇ ਸਾਫ ਹੋ ਜਾਂਦੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਸਦੀ ਸਰਕਾਰ ਦੇ ਮੰਤਰੀ ਕਾਂਗਰਸ ਪਾਰਟੀ ਵੱਲੋਂ 1975 ਵਿੱਚ ਲਾਈ ਗਈ ਐਂਮਰਜੈਂਸੀ ਨੂੰ ਦੇਸ਼ ਦਾ ਸੱਭ ਤੋਂ ਕਾਲਾ ਦੌਰ ਆਖਕੇ ਜਮਹੂਰੀਅਤ ਦੀ ਰਾਖੀ ਕਰਨ ਦੇ ਜਮਗਜੇ ਮਾਰ ਰਹੇ ਹਨ। ਪਰ ਅਮਲ ਵਿੱਚ ਜਮਹੂਰੀਅਤ ਨੂੰ ਖੁਦ ਕੁਚਲਣ ਦੇ ਰਾਹ ਪਏ ਹੋਏ ਹਨ। ਭਾਰਤ ਦਾ ਉੱਤਰ-ਪੂਰਵੀ ਸੂਬਾ ਮਨੀ ਪੁਰ ਅੱਗ ਵਿੱਚ ਸੜ ਰਿਹਾ ਹੈ, ਪਰ ਪ੍ਰਧਾਨ ਮੰਤਰੀ ਵਿਦੇਸ਼ੀ ਦੌਰੇ ਕਰ ਰਹੇ ਹਨ। ਮੋਦੀ ਸਰਕਾਰ ਕਾਲੇ ਕਾਨੂੰਨਾਂ ਦਾ ਸਹਾਰਾ ਲੈਕੇ ਨਿੱਜੀਕਰਨ, ਉਦਾਰੀਕਰਨ ਦੀਆਂ ਨੀਤੀਆਂ ਲਾਗੂ ਕਰਕੇ ਸਾਮਰਾਜਵਾਦੀ ਨੀਤੀਆਂ ਨੂੰ ਤੇਜੀ ਨਾਲ ਲਾਗੂ ਕਰ ਰਹੀ ਹੈ। ਸਾਨੂੰ ਮੋਦੀ ਸਰਕਾਰ ਦੇ ਫਾਸ਼ੀਵਾਦੀ ਕਦਮਾਂ ਦਾ ਸਖਤ ਵਿਰੋਧ ਕਰਨਾ ਚਾਹੀਦਾ ਹੈ।

# ਕੇਂਦਰੀ ਰਾਜ ਮੰਤਰੀ ਨੇ 'ਦਿਸ਼ਾ' ਦੀ ਮੀਟਿੰਗ ਦੌਰਾਨ ਕੇਂਦਰੀ ਯੋਜਨਾਵਾਂ ਦੀ ਕੀਤੀ ਸਮੀਖਿਆ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਕੇਂਦਰੀ ਉਦਯੋਗ ਤੇ ਵਣਜ ਰਾਜ ਮੰਤਰੀ ਸੋਮ ਪ੍ਰਕਾਸ਼ ਨੇ ਕਿਹਾ ਕਿ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ ਵਿਕਾਸ ਕਾਰਜਾਂ ਨੂੰ ਤੈਅ ਸਮੇਂ ਵਿਚ ਮੁਕੰਮਲ ਕਰਵਾਉਣਾ ਯਕੀਨੀ ਬਣਾਇਆ ਜਾਵੇ ਤਾਂ ਕਿ ਲੋਕਾਂ ਨੂੰ ਇਸ ਦਾ ਸਮੇਂ ਸਿਰ ਲਾਭ ਪ੍ਰਾਪਤ ਹੋ ਸਕੇ। ਉਹ ਅੱਜ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਵਿਖੇ ਜ਼ਿਲ੍ਹਾ ਵਿਕਾਸ ਕੋਆਰਡੀਨੇਸ਼ਨ ਤੇ ਮੋਨੀਟਰਿੰਗ ਕਮੇਟੀ (ਦਿਸ਼ਾ) ਤਹਿਤ ਮੀਟਿੰਗ ਦੌਰਾਨ ਜ਼ਿਲ੍ਹੇ ਵਿਚ ਚੱਲ ਰਹੀਆਂ ਕੇਂਦਰੀ ਯੋਜਨਾਵਾਂ ਦੀ ਸਮੀਖਿਆ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨਾਲ ਲੋਕ ਸਭਾ ਹਲਕਾ ਅਨੰਦਪੁਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਮਨੀਸ਼ ਤਿਵਾੜੀ, ਵਿਧਾਇਕ ਜੰਗੀ ਲਾਲ ਮਹਾਜਨ, ਡਿਪਟੀ ਕਮਿਸ਼ਨਰ ਕੋਮਲ ਮਿੱਤਲ, ਕਮੇਟੀ ਮੈਂਬਰ ਤੇ ਸਾਬਕਾ ਕੈਬਨਿਟ ਮੰਤਰੀ ਤੀਕਸ਼ਣ ਸੂਦ, ਡਾ. ਦਿਲਬਾਗ ਰਾਏ, ਮਹਿੰਦਰ ਕੌਰ ਜੋਸ਼, ਵਧੀਕ ਡਿਪਟੀ ਕਮਿਸ਼ਨਰ (ਜ) ਰਾਹੁਲ ਚਾਬਾ, ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਬਲਰਾਜ ਸਿੰਘ, ਐਸ. ਪੀ ਮਨਜੀਤ ਕੌਰ, ਐਸ. ਡੀ. ਐਮ ਦਸੂਹਾ ਓਜਸਵੀ ਅਲੰਕਾਰ, ਐਸ. ਡੀ. ਐਮ ਹੁਸ਼ਿਆਰਪੁਰ ਪ੍ਰੀਤ ਇੰਦਰ ਸਿੰਘ ਬੈਂਸ, ਐਸ. ਡੀ. ਐਮ ਮੁਕੇਰੀਆਂ ਕੰਨੂ ਥਿੰਦ, ਐਸ. ਡੀ. ਐਮ ਗੜ੍ਹਸ਼ੰਕਰ ਜਸ਼ਨਪ੍ਰੀਤ ਕੌਰ ਗਿੱਲ ਵੀ ਮੌਜੂਦ ਸਨ।

ਕੇਂਦਰੀ ਰਾਜ ਮੰਤਰੀ ਨੇ ਕਿਹਾ ਕਿ ਸਰਕਾਰ ਦੀਆਂ ਵੱਖ-ਵੱਖ ਯੋਜਨਾਵਾਂ ਨੂੰ ਸੁਚਾਰੂ ਅਤੇ ਪਾਰਦਰਸ਼ੀ ਢੰਗ ਨਾਲ ਲਾਗੂ ਕੀਤਾ ਜਾਵੇ, ਤਾਂ ਜੋ ਇਨ੍ਹਾਂ ਯੋਜਨਾਵਾਂ ਨਾਲ ਸਬੰਧਤ ਲਾਭਪਾਤਰੀਆਂ ਨੂੰ ਫਾਇਦਾ ਪਹੁੰਚਾਇਆ ਜਾ ਸਕੇ। ਇਸ ਦੌਰਾਨ ਉਨ੍ਹਾਂ ਪ੍ਰਧਾਨ ਮੰਤਰੀ ਸਵੈਨਿਧੀ ਯੋਜਨਾ, ਸਮੱਗਰ ਸਿੱਖਿਆ ਅਭਿਆਨ, ਮੈਡੀਕਲ ਕਾਲਜ ਦੇ ਨਿਰਮਾਣ, ਜਨਨੀ ਸੁਰੱਖਿਆ ਯੋਜਨਾ, ਜਲ ਜੀਵਨ ਮਿਸ਼ਨ, ਸਵੱਛ ਭਾਰਤ ਮਿਸ਼ਨ, ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ, ਸਮਾਜਿਕ ਸੁਰੱਖਿਆ ਯੋਜਨਾਵਾਂ, ਮਗਨਰੇਗਾ, ਪੀ. ਐਮ. ਕੇ. ਵੀ. ਵਾਈ, ਬੀ. ਐਸ. ਐਨ. ਐਲ ਅਤੇ ਨੈਸ਼ਨਲ ਹਾਈਵੇਜ਼ ਅਥਾਰਟੀ ਵੱਲੋਂ ਕੀਤੇ ਜਾ ਰਹੇ ਕੰਮਾਂ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਖੁਸ਼ੀ ਪ੍ਰਗਟ ਕਰਦਿਆਂ ਦੱਸਿਆ ਕਿ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਤਹਿਤ ਜ਼ਿਲ੍ਹੇ ਵਿਚ 2 ਅਰਬ 54 ਕਰੋੜ 86 ਲੱਖ 58 ਹਜ਼ਾਰ ਰੁਪਏ ਦੀ ਰਾਸ਼ੀ (2,54,86,58,000) ਲਾਭਪਾਤਰੀਆਂ ਦੇ ਖਾਤਿਆਂ ਵਿਚ ਟ੍ਰਾਂਸਫਰ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਲਾਭਪਾਤਰੀਆਂ ਵੱਲੋਂ ਆਪਣਾ ਈ-ਕੇ.ਵਾਈ.ਸੀ ਕਰਵਾਉਣਾ ਜ਼ਰੂਰੀ ਹੈ, ਜੋ ਕਿ ਆਪਣੇ ਨਜ਼ਦੀਕੀ ਸੇਵਾ ਕੇਂਦਰ ਤੋਂ ਕਰਵਾਇਆ ਜਾ ਸਕਦਾ ਹੈ। ਉਨ੍ਹਾਂ ਇਸ ਦੌਰਾਨ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੂੰ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਨਿਰਮਾਣ ਕਾਰਜ ਵਿਚ ਹੋਰ ਜ਼ਿਆਦਾ ਗੰਭੀਰਤਾ ਨਾਲ ਕੰਮ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਵਿਕਾਸ ਕਾਰਜਾਂ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਸ਼ੁਰੂ ਕੀਤੇ ਗਏ ਕਾਰਜ ਜਲਦ ਮੁਕੰਮਲ ਕਰਕੇ ਉਨ੍ਹਾਂ ਦੇ ਵਰਤੋਂ ਸਰਟੀਫਿਕੇਟ ਭੇਜੇ ਜਾਣ।



ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਅਤੇ ਮੈਂਬਰ ਪਾਰਲੀਮੈਂਟ ਮਨੀਸ਼ ਤਿਵਾੜੀ ਨੂੰ ਵਿਸ਼ਵਾਸ ਦਿਵਾਇਆ ਕਿ ਜ਼ਿਲ੍ਹੇ ਵਿਚ ਐਮ. ਪੀ ਲੈਡ ਫੰਡ ਤੋਂ ਇਲਾਵਾ ਹੋਰਨਾਂ ਕੇਂਦਰੀ ਯੋਜਨਾਵਾਂ ਤਹਿਤ ਸ਼ੁਰੂ ਕੀਤੇ ਗਏ ਵਿਕਾਸ ਕਾਰਜ ਜਲਦ ਮੁਕੰਮਲ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਕੇਂਦਰੀ ਯੋਜਨਾਵਾਂ ਨੂੰ ਜ਼ਿਲ੍ਹੇ ਵਿਚ ਸੁਚਾਰੂ ਅਤੇ ਪਾਰਦਰਸ਼ੀ ਢੰਗ ਨਾਲ ਲਾਗੂ ਕਰਨ ਲਈ ਪੂਰੀ ਗੰਭੀਰਤਾ ਦਿਖਾਈ ਜਾ ਰਹੀ ਹੈ ਅਤੇ ਇਨ੍ਹਾਂ ਯੋਜਨਾਵਾਂ ਨਾਲ ਸਬੰਧਤ ਵਿਭਾਗਾਂ ਨਾਲ ਲਗਾਤਾਰ ਰਿਵੀਊ ਵੀ ਕੀਤਾ ਜਾ ਰਿਹਾ ਹੈ। ਉਨ੍ਹਾਂ ਵਿਭਾਗਾਂ ਨੂੰ ਸ਼ੁਰੂ ਕੀਤੇ ਗਏ ਵਿਕਾਸ ਕਾਰਜ ਨਿਰਧਾਰਤ ਸਮੇਂ ਵਿਚ ਮੁਕੰਮਲ ਕਰਨ ਦੇ ਨਿਰਦੇਸ਼ ਵੀ ਦਿੱਤੇ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

# ਸਿੱਖਿਆ ਪ੍ਰੋਵਾਇਡਰਾਂ, ਵਲੰਟੀਅਰ ਅਧਿਆਪਕਾਂ ਅਤੇ ਨਾਨ ਟੀਚਿੰਗ ਨੂੰ ਸਾਰੇ ਲਾਭਾ ਸਮੇਤ ਤੁਰੰਤ ਰੈਗੂਲਰ ਕੀਤਾ ਜਾਵੇ - ਡੀ ਟੀ ਐਫ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵੱਲੋਂ ਬੀਤੇ ਵਰ੍ਹੇ ਅਧਿਆਪਕ ਦਿਵਸ ਮੌਕੇ ਵਿਸ਼ੇਸ ਸਮਾਗਮ ਕਰਕੇ ਸਿੱਖਿਆ ਵਿਭਾਗ ਦੇ 8736 ਕੱਚੇ ਅਧਿਆਪਕਾਂ ਤੇ ਹੋਰ ਕਰਮਚਾਰੀਆਂ ਨੂੰ ਪੱਕਾ ਕਰਨ ਦਾ ਐਲਾਨ ਕੇਵਲ ਕਾਗਜ਼ਾਂ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹੈ, ਕਿਉਂਕਿ ਨੌਂ ਮਹੀਨੇ ਤੋਂ ਵੱਧ ਸਮਾਂ ਬੀਤਣ ਦੇ ਬਾਵਜੂਦ ਇੱਕ ਵੀ ਅਧਿਆਪਕ ਨੂੰ ਰੈਗੂਲਰ ਕਰਨ ਦੇ ਆਰਡਰ ਨਹੀਂ ਪ੍ਰਾਪਤ ਹੋਏ ਹਨ। ਜਿਸ ਕਾਰਨ ਨਿਗੂਣੀਆਂ ਤਨਖਾਹਾਂ ਲੈਣ ਵਾਲੇ ਇਹ ਕੱਚੇ ਅਧਿਆਪਕ ਹਾਲੇ ਵੀ ਕੱਚੇ ਰੁਜ਼ਗਾਰ ਦਾ ਸੰਤਾਪ ਭੁਗਤ ਰਹੇ ਹਨ ਅਤੇ ਕਈ ਅਧਿਆਪਕ ਕੱਚੇ ਹੀ ਸੇਵਾ ਮੁਕਤ ਹੋ ਕੇ ਖਾਲੀ ਹੱਥ ਘਰਾਂ ਨੂੰ ਜਾ ਰਹੇ ਹਨ।

ਇਸ ਸੰਤਾਪ ਤੋਂ ਛੁਟਕਾਰੇ ਦੀ ਆਸ ਵਿੱਚ ਸੰਘਰਸ਼ ਦੇ ਰਾਹ ਪੈਂਦਿਆਂ ਉਨ੍ਹਾਂ ਵੱਲੋਂ ਪਿਛਲੇ ਕਈ ਦਿਨਾਂ ਤੋਂ ਸੰਗਰੂਰ ਵਿਖੇ ਪੱਕੇ ਧਰਨਾ ਲਗਾਇਆ ਹੋਇਆ ਹੈ। ਇੰਨ੍ਹਾਂ ਅਧਿਆਪਕਾਂ ਦੀ ਹਮਾਇਤ ਕਰਦਿਆਂ ਡੀ।ਟੀ।ਐਫ।ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਜਨਰਲ ਸਕੱਤਰ ਮੁਕੇਸ਼ ਕੁਮਾਰ, ਵਿੱਤ ਸਕੱਤਰ ਅਸ਼ਵਨੀ ਅਵਸਥੀ ਅਤੇ ਸੂਬਾ ਪ੍ਰਚਾਰ ਸਕੱਤਰ ਸੁਖਦੇਵ ਡਾਨਸੀਵਾਲ ਨੇ ਮੰਗ ਕੀਤੀ ਕਿ ਸਿੱਖਿਆ ਵਿਭਾਗ ਅਧੀਨ ਕੰਮ ਕਰਦੇ ਸਾਰੇ ਦੇ ਸਾਰੇ ਕੱਚੇ ਅਧਿਆਪਕਾਂ ਤੇ ਨਾਨ ਟੀਚਿੰਗ ਕਰਮਚਾਰੀਆਂ ਜਿੰਨ੍ਹਾਂ ਦੀ ਗਿਣਤੀ 14000 ਦੇ ਕਰੀਬ ਹੈ, ਨੂੰ ਸਰਕਾਰੀ ਨੌਕਰੀ ਦੇ ਸਾਰੇ ਲਾਭਾਂ ਸਮੇਤ ਫੌਰੀ ਰੈਗੂਲਰ ਕੀਤਾ ਜਾਵੇ।



ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ (ਡੀ ਟੀ ਐੱਫ) ਦੇ ਆਗੂਆਂ ਜਗਪਾਲ ਬੰਗੀ, ਬੇਅੰਤ ਫੂਲੇਵਾਲਾ, ਰਾਜੀਵ ਬਰਨਾਲਾ, ਗੁਰਪਿਆਰ ਕੋਟਲੀ, ਜਸਵਿੰਦਰ ਔਜਲਾ, ਰਘਵੀਰ ਭਵਾਨੀਗੜ੍ਹ, ਹਰਜਿੰਦਰ ਸਿੰਘ ਵਡਾਲਾ ਬਾਂਗਰ, ਦਲਜੀਤ ਸਫੀਪੁਰ, ਕੁਲਵਿੰਦਰ ਜੋਸ਼ਨ, ਪਵਨ ਕੁਮਾਰ ਮੁਕਤਸਰ, ਮਹਿੰਦਰ ਕੌੜਿਆਂਵਾਲੀ, ਤੇਜਿੰਦਰ ਸਿੰਘ, ਰੁਪਿੰਦਰ ਗਿੱਲ ਅਤੇ ਹੁਸ਼ਿਆਰਪੁਰ ਦੇ ਆਗੂਆਂ ਇੰਦਰਸੁਖਦੀਪ ਸਿੰਘ ਓਡਰਾ, ਮਨਜੀਤ ਸਿੰਘ ਦਸੂਹਾ,ਹੰਸ ਰਾਜ, ਜਰਨੈਲ ਸਿੰਘ,ਸੱਤਪਾਲ ਕਲੇਰ ਗੁਰਮੇਲ ਸਿੰਘ ਨੇ ਕਿਹਾ ਕਿ ਪੰਜ ਤੋਂ ਦਸ ਹਾਜ਼ਰ ਪ੍ਰਤੀ ਮਹੀਨਾ ਤਨਖਾਹ 'ਤੇ ਗੁਜ਼ਾਰਾ ਕਰਨ ਵਾਲੇ ਅਤੇ ਪੰਜਾਬ ਦੇ ਪ੍ਰਾਇਮਰੀ ਸਕੂਲਾਂ ਵਿੱਚ ਕਈ-ਕਈ ਸਾਲਾਂ ਤੋਂ ਪੂਰੇ ਸਿਰੜ ਨਾਲ਼ ਪੜ੍ਹਾਉਣ ਦੇ ਕਾਰਜ ਵਿੱਚ ਲੱਗੇ ਕੱਚੇ ਅਧਿਆਪਕਾਂ ਨੂੰ ਪੱਕਾ ਕਰਨ ਦੀ ਚੋਣਾਵੀ ਗਰੰਟੀ ਨੂੰ ਹਾਲੇ ਤੱਕ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਵਿੱਚ 'ਆਪ' ਸਰਕਾਰ ਨਾ-ਕਾਮਯਾਬ ਰਹੀ ਹੈ।

ਆਗੂਆਂ ਨੇ ਦੱਸਿਆ ਕਿ 8736 ਤੋਂ ਇਲਾਵਾ ਬਾਕੀ ਰਹਿੰਦੇ ਈ ਜੀ ਐੱਸ, ਐੱਸ ਟੀ ਆਰ, ਏ ਆਈ ਈ ਵਲੰਟੀਅਰ ਅਧਿਆਪਕ ਅਤੇ ਹੋਰ ਨਾਨ ਟੀਚਿੰਗ ਸਟਾਫ ਵੀ ਨਾਂ ਮਾਤਰ ਤਨਖਾਹਾਂ ਤੇ ਕੰਮ ਕਰ ਰਿਹਾ ਹੈ ਜਿਸ ਨਾਲ ਘਰ ਦਾ ਗੁਜ਼ਾਰਾ ਕਰਨਾ ਬਹੁਤ ਮੁਸ਼ਕਲ ਹੈ।

ਉਨ੍ਹਾਂ ਮੰਗ ਕੀਤੀ ਕਿ ਪੰਜਾਬ ਸਰਕਾਰ ਆਪਣੇ ਐਲਾਨ ਮੁਤਾਬਕ ਇਹਨਾਂ 14000 ਦੇ ਕਰੀਬ ਕਰਮਚਾਰੀਆਂ ਨੂੰ ਰੈਗੂਲਰ ਕਰਦਿਆਂ ਪਰਖ ਸਮੇਂ ਦੌਰਾਨ ਪੰਜਾਬ ਤਨਖਾਹ ਸਕੇਲ ਅਨੁਸਾਰ ਪੂਰੀਆਂ ਤਨਖਾਹਾਂ ਮਿਲਣੀਆਂ ਯਕੀਨੀ ਬਣਾਵੇ ਤਾਂ ਜੋ ਇਹ ਸੁਰੱਖਿਅਤ ਮਹਿਸੂਸ ਕਰਦੇ ਹੋਏ ਸੇਵਾ ਨਿਭਾ ਸਕਣ।

# ਗਰਮੀ ਦੀਆਂ ਛੁੱਟੀਆਂ ਵਿੱਚ ਵਿੱਦਿਆਰਥੀਆਂ ਨੂੰ ਪੜ੍ਹਾਈ ਨਾਲ ਜੋੜੀ ਰੱਖਣ ਲਈ ਸਫਲ ਉਪਰਾਲਾ









**ਜਲੰਧਰ (ਜੱਸੀ)**-ਸ੍ਰੀ ਇਲਮ ਚੰਦ ਸਰਵਹਿੱਤਕਾਰੀ ਵਿੱਦਿਆ ਮੰਦਿਰ ਹਾਈ ਸਕੂਲ ਛੋਕਰਾਂ ਵਲੋ ਗਰਮੀ ਦੀਆਂ ਛੁੱਟੀਆਂ ਵਿੱਚ ਵਿੱਦਿਆਰਥੀਆਂ ਦਾ ਧਿਆਨ ਪੜਾਈ ਵੱਲ ਬਣਾਈ ਰੱਖਣ ਲਈ ਇਕ ਆਨਲਾਈਨ ਟੈਸਟ ਲਿਆ ਗਿਆ ।

ਸਕੂਲ ਮੁਖੀ ਗੁਰਜੀਤ ਸਿੰਘ ਵਲੋ ਜਾਣਕ-ਾਰੀ ਦਿੰਦੇ ਹੋਏ ਦਸਿਆ ਗਿਆ ਕਿ ਗਰਮੀ ਦੀਆਂ ਛੁੱ-ਟੀਆਂ ਵਿੱਚ ਵਿੱਦਿਆਰਥੀਆਂ ਨੂੰ ਪੜਾਈ ਨਾਲ ਜੋੜੀ ਰੱਖਣ ਲਈ ਵਿਸ਼ੇਸ਼ ਯਤਨ ਕੀਤਾ ਗਿਆ । ਵਿਦਿਅਰ-ਥੀਆਂ ਦੀਆਂ ਸਕੂਲ ਦੇ ਯੂਟਿਊਬ ਚੈਨਲ ਉੱਪਰ ਹਰ ਰੋਜ ਸਮਾਜਿਕ ਸਿੱਖਿਆ ਅਤੇ ਪੰਜਾਬੀ ਦੀਆਂ ਆਨਲਾਈਨ ਕਲਾਸਾਂ ਲਗਾਈਆਂ ਗਈਆਂ । ਮਿਤੀ 21/06/2023 ਨੂੰ ਛੇਵੀਂ ਸ਼੍ਰੇਣੀ ਤੋ ਦਸਵੀਂ ਸ਼੍ਰੇਣੀ ਤੱਕ ਆਨਲਾਈਨ ਟੈਸਟ ਲਿਆ ਗਿਆ। ਇਸ ਟੈਸਟ ਵਿੱਚ ਲਗਭਗ 120/- ਵਿਦਿਅਰਥੀਆਂ ਨੇ ਭਾਗ ਲਿਆ। ਇਸ ਟੈਸਟ ਵਿੱਚ ਜਾਨਵੀਂ ਮੇਂਗੜਾ ਨੌਵੀਂ ਸ਼੍ਰੇਣੀ ਨੇ ਪਹਿਲਾ, ਕੋਮਲਪ੍ਰੀਤ, ਇਸ਼ਿਕਾ ਅੱਠਵੀਂ ਸ਼੍ਰੇਣੀ ਦੂਜਾ ਅਤੇ ਨਿਹਾਰਿਕਾ ਸ਼੍ਰੇਣੀ ਦਸਵੀਂ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਸਾਰੇ ਹੀ ਵਿਦਿਅਰਥੀਆਂ ਦੇ 100/100 ਅੰਕ ਰਹੇ। ਸਕੂਲ ਮੁਖੀ ਨੇ ਦੱਸਿਆ ਕਿ ਸਾਰੇ ਜੇਤੂ ਵਿਦਿਆਰਥੀਆਂ ਨੂੰ 500/- ਨਕਦ ਰਾਸ਼ੀ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਜਾਵੇਗਾ।

ਅੰਤ ਵਿੱਚ ਉਹਨਾਂ ਸਾਰੇ ਵਿਦਿਆਰਥੀਆਂ, ਮਾਂਪਿਆ ਅਤੇ ਅਧਿਆਪਕ ਸਾਹਿਬਾਨ ਨੂੰ ਇਸ ਟੈਸਟ ਦੀ ਸਫਲਤਾ ਦੀਆਂ ਵਧਾਈਆਂ ਦਿੰਦੇ ਹੋਏ ਅੱਗੇ ਤੋ ਵੀ ਇਸ ਤਰ੍ਹਾਂ ਦੇ ਸ਼ਲਾਘਾਯੋਗ ਕੰਮ ਕਰਨ ਲਈ ਪ੍ਰੇਰਿਤ ਕੀਤਾ।

# ਕੱਚੇ ਅਧਿਆਪਕਾਂ ਤੇ ਨਾਨ ਟੀਚਿੰਗ ਨੂੰ ਰੈਗੂਲਰ ਨੌਕਰੀ ਦੇ ਸਾਰੇ ਲਾਭਾਂ ਸਹਿਤ ਪੱਕੇ ਕਰਨ ਦੀ ਮੰਗ

**ਚੰਡੀਗੜ੍ਹ, (ਦਲਜੀਤ ਕੌਰ)–** ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵੱਲੋਂ ਬੀਤੇ ਵਰ੍ਹੇ ਅਧਿਆਪਕ ਦਿਵਸ ਮੌਕੇ ਵਿਸ਼ੇਸ ਸਮਾਗਮ ਕਰਕੇ ਸਿੱਖਿਆ ਵਿਭਾਗ ਦੇ 8736 ਕੱਚੇ ਅਧਿਆਪਕਾਂ ਤੇ ਹੋਰ ਕਰਮਚਾਰੀਆਂ ਨੂੰ ਪੱਕਾ ਕਰਨ ਦਾ ਐਲਾਨ ਕੇਵਲ ਕਾਗਜ਼ਾਂ ਤੱਕ ਹੀ ਸੀਮਤ ਦੇਵ ਸਿੰਘ, ਜਨਰਲ ਸਕੱਤਰ ਮੁਕੇਸ਼ ਕੁਮਾਰ, ਵਿੱਤ ਸਕੱਤਰ ਅਸ਼ਵਨੀ ਅਵਸਥੀ ਅਤੇ ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ੍ਹ ਨੇ ਮੰਗ ਕੀਤੀ ਕਿ ਸਿੱਖਿਆ ਵਿਭਾਗ ਅਧੀਨ ਕੰਮ ਕਰਦੇ ਸਾਰੇ ਦੇ ਸਾਰੇ ਕੱਚੇ ਅਧਿਆਪਕਾਂ ਤੇ ਨਾਨ ਟੀਚਿੰਗ ਕਰਮਚਾਰੀਆਂ ਜਿੰਨ੍ਹਾਂ ਹਾਜ਼ਰ ਪ੍ਰਤੀ ਮਹੀਨਾ ਤਨਖਾਹ 'ਤੇ ਗੁਜ਼ਾਰਾ ਕਰਨ ਵਾਲੇ ਅਤੇ ਪੰਜਾਬ ਦੇ ਪ੍ਰਾਇਮਰੀ ਸਕੂਲਾਂ ਵਿੱਚ ਕਈ-ਕਈ ਸਾਲਾਂ ਤੋਂ ਪੂਰੇ ਸਿਰੜ ਨਾਲ਼ ਪੜ੍ਹਾਉਣ ਦੇ ਕਾਰਜ ਵਿੱਚ ਲੱਗੇ ਕੱਚੇ ਅਧਿਆਪਕਾਂ ਨੂੰ ਪੱਕਾ ਕਰਨ ਦੀ ਚੋਣਾਵੀ ਗਰੰਟੀ ਨੂੰ ਹਾਲੇ ਤੱਕ ਜ਼ਮੀਨੀ ਪੱਧਰ 'ਤੇ



ਹੋ ਕੇ ਰਹਿ ਗਿਆ ਹੈ, ਕਿਉਂਕਿ ਨੌਂ ਮਹੀਨੇ ਤੋਂ ਵੱਧ ਸਮਾਂ ਬੀਤਣ ਦੇ ਬਾਵਜੂਦ ਇੱਕ ਵੀ ਅਧਿਆਪਕ ਨੂੰ ਰੈਗੂਲਰ ਕਰਨ ਦੇ ਆਰਡਰ ਨਹੀਂ ਪ੍ਰਾਪਤ ਹੋਏ ਹਨ। ਜਿਸ ਕਾਰਨ ਨਿਗੂਣੀਆਂ ਤਨਖਾਹਾਂ ਲੈਣ ਵਾਲੇ ਇਹ ਕੱਚੇ ਅਧਿਆਪਕ ਹਾਲੇ ਵੀ ਕੱਚੇ ਰੁਜ਼ਗਾਰ ਦਾ ਸੰਤਾਪ ਭੁਗਤ ਰਹੇ ਹਨ ਅਤੇ ਕਈ ਅਧਿਆਪਕ ਕੱਚੇ ਹੀ ਸੇਵਾ ਮੁਕਤ ਹੋ ਕੇ ਖਾਲੀ ਹੱਥ ਘਰਾਂ ਨੂੰ ਜਾ ਰਹੇ ਹਨ। ਇਸ ਸੰਤਾਪ ਤੋਂ ਛੁਟਕਾਰੇ ਦੀ ਆਸ ਵਿੱਚ ਸੰਘਰਸ਼ ਦੇ ਰਾਹ ਪੈਂਦਿਆਂ ਉਨ੍ਹਾਂ ਵੱਲੋਂ ਪਿਛਲੇ ਕਈ ਦਿਨਾਂ ਤੋਂ ਸੰਗਰੂਰ ਵਿਖੇ ਪੱਕੇ ਧਰਨਾ ਲਗਾਇਆ ਹੋਇਆ ਹੈ।

ਇੰਨ੍ਹਾਂ ਅਧਿਆਪਕਾਂ ਦੀ ਹਮਾਇਤ ਕਰਦਿਆਂ ਡੀਟੀਐੱਫ ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮ ਦੀ ਗਿਣਤੀ 14000 ਦੇ ਕਰੀਬ ਹੈ, ਨੂੰ ਸਰਕਾਰੀ ਨੌਕਰੀ ਦੇ ਸਾਰੇ ਲਾਭਾਂ ਸਮੇਤ ਫੌਰੀ ਰੈਗੂਲਰ ਕੀਤਾ ਜਾਵੇ। ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ (ਡੀਟੀਐੱਫ) ਦੇ ਆਗੂਆਂ ਜਗਪਾਲ ਬੰਗੀ, ਬੇਅੰਤ ਫੂਲੇਵਾਲਾ, ਰਾਜੀਵ ਬਰਨਾਲਾ, ਗੁਰਪਿਆਰ ਕੋਟਲੀ, ਜਸਵਿੰਦਰ ਔਜਲਾ, ਰਘਵੀਰ ਸਿੰਘ ਭਵਾਨੀਗੜ੍ਹ, ਜਰਮਨਜੀਤ ਸਿੰਘ, ਹਰਜਿੰਦਰ ਸਿੰਘ ਵਡਾਲਾ ਬਾਂਗਰ, ਦਲਜੀਤ ਸਫੀਪੁਰ, ਕੁਲਵਿੰਦਰ ਜੋਸ਼ਨ, ਪਵਨ ਕੁਮਾਰ ਮੁਕਤਸਰ, ਮਹਿੰਦਰ ਕੌੜਿਆਂਵਾਲੀ, ਤੇਜਿੰਦਰ ਸਿੰਘ, ਰੁਪਿੰਦਰ ਗਿੱਲ, ਗੁਰਬਿੰਦਰ ਸਿੰਘ ਖਹਿਰਾ ਗੁਰਦੇਵ ਸਿੰਘ, ਹਾਰਜਾਪ ਸਿੰਘ ਬੱਲ, ਰਾਜੇਸ਼ ਕੁਮਾਰ ਪਰਾਸ਼ਰ, ਨਿਰਮਲ ਸਿੰਘ ਅਤੇ ਸੁਖਦੇਵ ਡਾਨਸੀਵਾਲ ਨੇ ਕਿਹਾ ਕਿ ਪੰਜ ਤੋਂ ਦਸ ਲਾਗੂ ਕਰਨ ਵਿੱਚ 'ਆਪ' ਸਰਕਾਰ ਨਾ-ਕਾਮਯਾਬ ਰਹੀ ਹੈ। ਆਗੂਆਂ ਨੇ ਦੱਸਿਆ ਕਿ 8736 ਤੋਂ ਇਲਾਵਾ ਬਾਕੀ ਰਹਿੰਦੇ ਈ ਜੀ ਐੱਸ, ਐੱਸ ਟੀ ਆਰ, ਏ ਆਈ ਈ ਵਲੰਟੀਅਰ ਅਧਿਆਪਕ ਅਤੇ ਹੋਰ ਨਾਨ ਟੀਚਿੰਗ ਸਟਾਫ ਵੀ ਨਾਂ ਮਾਤਰ ਤਨਖਾਹਾਂ ਤੇ ਕੰਮ ਕਰ ਰਿਹਾ ਹੈ ਜਿਸ ਨਾਲ ਘਰ ਦਾ ਗੁਜ਼ਾਰਾ ਕਰਨਾ ਬਹੁਤ ਮੁਸ਼ਕਲ ਹੈ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਸਰਕਾਰ ਆਪਣੇ ਐਲਾਨ ਮੁਤਾਬਕ ਇਹਨਾਂ 14000 ਦੇ ਕਰੀਬ ਕਰਮਚਾਰੀਆਂ ਨੂੰ ਰੈਗੂਲਰ ਕਰਦਿਆਂ ਪਰਖ ਸਮੇਂ ਦੌਰਾਨ ਪੰਜਾਬ ਤਨਖਾਹ ਸਕੇਲ ਅਨੁਸਾਰ ਪੂਰੀਆਂ ਤਨਖਾਹਾਂ ਮਿਲਣੀਆਂ ਯਕੀਨੀ ਬਣਾਵੇ ਤਾਂ ਜੋ ਇਹ ਸੁਰੱਖਿਅਤ ਮਹਿਸੂਸ ਕਰਦੇ ਹੋਏ ਸੇਵਾ ਨਿਭਾ ਸਕਣ।

# 'ਮੇਰਾ ਸ਼ਹਿਰ ਮੇਰਾ ਮਾਣ' ਮੁਹਿੰਮ ਤਹਿਤ ਪਲਾਸਟਿਕ ਦੇ ਲਿਫ਼ਾਫ਼ਿਆਂ ਦੀ ਥਾਂ ਜੂਟ ਦੇ ਬੈਗ ਵਰਤਣ ਲਈ ਪ੍ਰੇਰਿਆ

**ਸੰਗਰੂਰ, (ਦਲਜੀਤ ਕੌਰ )–** ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਨਗਰ ਕੌਂਸਲ ਸੰਗਰੂਰ ਦੀ ਟੀਮ ਵੱਲੋਂ "ਮੇਰਾ ਸ਼ਹਿਰ ਮੇਰਾ ਮਾਣ" ਮੁਹਿੰਮ ਤਹਿਤ ਸ਼ਹਿਰ ਨੂੰ ਕਲੀਨ ਗ੍ਰੀਨ ਪ੍ਰਦੂਸ਼ਣ ਫ੍ਰੀ ਬਣਾਉਣ ਲਈ ਸਵੱਛਤਾ ਸਬੰਧੀ



ਜਾਗਰੂਕਤਾ ਮੁਹਿੰਮ ਚਲਾਈ ਗਈ। ਇਸ ਮੁਹਿੰਮ ਵਿੱਚ ਸਰਕਾਰੀ ਰਣਬੀਰ ਕਾਲਜ ਸੰਗਰੂਰ ਦੇ ਐਨ।ਸੀ।ਸੀ ਵਲੰਟੀਅਰਾਂ ਨੇ ਵੀ ਸਹਿਯੋਗ ਦਿੰਦਿਆਂ ਸਬਜ਼ੀ ਮੰਡੀ, ਫ਼ਲ ਮੰਡੀ ਮੰਡੀ ਅਤੇ ਸੁਨਾਮੀ ਗੇਟ ਸਥਿਤ ਰੇਹੜ੍ਹੀ -ਫੜੀ ਵਾਲਿਆਂ ਨੂੰ ਪਲਾਸਟਿਕ ਦੇ ਲਿਫ਼ਾਫਿਆਂ ਦੀ ਵਰਤੋਂ ਨਾ ਕਰਨ ਅਤੇ ਕੂੜਾ ਬਾਹਰ ਸੁੱਟ ਕੇ ਉਸਨੂੰ ਅੱਗ ਨਾ ਲਗਾਉਣ ਸਬੰਧੀ ਜਾਗਰੂਕ ਕਰਨ ਦੇ ਨਾਲ ਨਾਲ ਜੂਟ ਦੇ ਬੈਗ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ ਗਿਆ।

ਇਸ ਦੌਰਾਨ ਟੀਮ ਨੇ ਵਲੰਟੀਅਰਾਂ ਨਾਲ ਮਿਲ ਕੇ ਮੈਗਜ਼ੀਨ ਮੁਹੱਲਾ ਪਾਰਕ ਵਿੱਚ ਫ਼ਲਾਂ ਦੇ ਅਤੇ ਛਾਂਦਾਰ ਬੂਟੇ ਲਗਾਏ ਗਏ ਜਿੰਨਾਂ ਨੂੰ ਪੰਜਾਬ ਪਲਾਂਟੇਸ਼ਨ ਐਪ ਉੱਤੇ ਲਿੰਕ ਕੀਤਾ ਗਿਆ। ਇਸ ਦੌਰਾਨ ਸਵੱਛਤਾ ਸਬੰਧੀ ਸਹੁੰ ਚੁਕਾਈ ਗਈ ਅਤੇ ਨਗਰ ਕੌਂਸਲ ਵੱਲੋਂ ਵਲੰਟੀਅਰਾਂ ਨੂੰ ਯਾਦਗਾਰ ਵਜੋਂ ਜੂਟ ਦੇ ਥੈਲੇ ਵੰਡੇ ਗਏ। ਇਸ ਮੁਹਿੰਮ ਵਿੱਚ ਕਾਰਜ ਸਾਧਕ ਅਫ਼ਸਰ ਬਾਲਕ੍ਰਿਸ਼ਨ, ਸੈਨੀਟੇਸ਼ਨ ਸੁਪਰਡੈਂਟ ਜਸਵੀਰ ਸਿੰਘ, ਸੈਨੇਟਰੀ ਇੰਸਪੈਕਟਰ ਜੀਤਾ ਰਾਮ, ਸੀ।ਐੱਫ। ਗੁਰਿੰਦਰ ਕੁਮਾਰ ਨੇ ਵੀ ਸਹਿਯੋਗ ਦਿੱਤਾ।

# ਕੋਲੋਰਾਡੋ ਦੀ ਇਕ ਨਾਈਟ ਕਲੱਬ ਵਿਚ 5 ਹੱਤਿਆਵਾਂ ਕਰਨ ਦੇ ਮਾਮਲੇ ਵਿਚ ਦੋਸ਼ੀ ਨੂੰ 2000 ਸਾਲ ਤੋਂ ਵਧ ਕੈਦ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਇਕ ਅਦਾਲਤ ਵੱਲੋਂ ਪਿਛਲੇ ਸਾਲ ਕੋਲੋਰਾਡੋ ਦੇ ਇਕ ਐਲ ਜੀ ਬੀ ਟੀ ਕਿਊ ਨਾਈਟ ਕਲੱਬ ਵਿਚ ਏ ਆਰ ਸਟਾਈਲ ਰਾਈਫਲ ਨਾਲ ਅੰਧਾਧੁੰਦ ਗੋਲੀਬਾਰੀ ਕਰਕੇ 5 ਹੱਤਿਆਵਾਂ



ਕਰਨ ਤੇ 19 ਹੋਰ ਲੋਕਾਂ ਨੂੰ ਜ਼ਖਮੀ ਕਰਨ ਦੇ ਮਾਮਲੇ ਵਿਚ ਸ਼ੱਕੀ ਦੋਸ਼ੀ 23 ਸਾਲਾ ਐਂਡਰਸਨ ਲੀ ਐਲਡਰਿਚ ਨੂੰ 2000 ਸਾਲ ਤੋਂ ਵਧ ਸਜ਼ਾ ਸੁਣਾਏ ਜਾਣ ਦੀ ਖਬਰ ਹੈ। ਜੱਜ ਮਾਈਕਲ ਹੈਨਰੀ ਨੇ ਐਲਡਰਿਚ ਨੂੰ ਕਲੱਬ ਕਿਊ ਵਿਚ ਗੋਲੀਬਾਰੀ ਕਰਕੇ 5 ਪਹਿਲਾ ਦਰਜਾ ਹੱਤਿਆਵਾਂ ਕਰਨ ਦੇ ਦੋਸ਼ਾਂ ਤਹਿਤ 5 ਵਾਰ ਉਮਰ ਭਰ ਲਈ ਜੇਲ ਦੀ ਸਜ਼ਾ ਸੁਣਾਉਣ ਤੋਂ ਇਲਾਵਾ ਹੱਤਿਆਵਾਂ ਦੀ ਕੋਸ਼ਿਸ਼ ਦੇ ਦੋਸ਼ਾਂ ਤਹਿਤ 2208 ਸਾਲ ਕੈਦ ਦੀ ਸਜ਼ਾ ਸੁਣਾਈ। ਸਜ਼ਾ ਕਟਣ ਦੌਰਾਨ ਉਸ ਦੀ ਪੈਰੋਲ ਦੀ ਕੋਈ ਸੰਭਾਵਨਾ ਨਹੀਂ ਹੈ। ਇਸਤਗਾਸਾ ਪੱਖ ਨੇ ਐਲਡਰਿਚ ਨੂੰ ਮੌਤ ਦੀ ਸਜ਼ਾ ਦੇਣ ਦੀ ਮੰਗ ਨਹੀਂ ਕੀਤੀ ਕਿਉਂਕਿ ਕੋਲੋਰਾਡੋ ਨੇ 2020 ਵਿਚ ਮੌਤ ਦੀ ਸਜ਼ਾ ਦੀ ਵਿਵਸਥਾ ਖਤਮ ਕਰ ਦਿੱਤੀ ਸੀ।

# ਕੈਨੇਡਾ 'ਚ ਦੇਸ਼ ਨਿਕਾਲੇ ਦਾ ਸਾਹਮਣਾ ਕਰ ਰਹੇ ਪੰਜਾਬੀ ਵਿਦਿਆਰਥੀਆਂ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੱਤਰ

**ਕੈਨੇਡਾ (ਦਲਜੀਤ ਕੌਰ)** ਕੈਨੇਡਾ ਵਿੱਚ ਦੇਸ਼ ਨਿਕਾਲੇ ਦਾ ਸਾਹਮਣਾ ਕਰ ਰਹੇ ਭਾਰਤੀ ਪੰਜਾਬ ਦੇ ਵਿਦਿਆਰਥੀਆਂ ਵੱਲੋਂ ਉਨ੍ਹਾਂ ਨੂੰ ਇਨਸਾਫ਼ ਦਿਵਾਉਣ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੱਤਰ ਲਿਖਿਆ ਗਿਆ ਹੈ। ਇਸ ਪੱਤਰ ਵਿੱਚ ਵਿਦਿਆਰਥੀਆਂ ਨੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਸਬੰਧਤ ਕੈਨੇਡੀਅਨ ਅਧਿਕਾਰੀਆਂ ਨਾਲ ਸੰਪਰਕ ਕਰਕੇ ਪ੍ਰਭਾਵਿਤ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਵਕਾਲਤ ਕਰਨ ਦੀ ਮੰਗ ਕਰਨ ਦੇ ਨਾਲ-ਨਾਲ ਉਨ੍ਹਾਂ ਧੋਖੇਬਾਜ਼ ਇਮੀਗ੍ਰੇਸ਼ਨ ਸਲਾਹਕਾਰਾਂ ਦੇ ਜਿਨ੍ਹਾਂ ਨੇ ਵਿਦਿਆਰਥੀਆਂ ਨੂੰ ਫਰਜ਼ੀ ਪੇਸ਼ਕਸ਼ ਪੱਤਰ ਜਾਰੀ ਕੀਤੇ ਸਨ, ਦੇ ਖਿਲਾਫ਼ ਕਾਰਵਾਈ ਦੀ ਮੰਗ ਕੀਤੀ ਗਈ ਹੈ। ਵਿਦਿਆਰਥੀਆਂ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਲਿਖੀ ਆਪਣੇ ਚਿੱਠੀ ਵਿੱਚ ਲਿਖਿਆ ਹੈ:-

ਪਿਆਰੇ ਮੁੱਖ ਮੰਤਰੀ ਭਗਵੰਤ ਮਾਨ ਜੀ!

ਅਸੀਂ ਤੁਹਾਡਾ ਧਿਆਨ ਇੱਕ ਗੰਭੀਰ ਮਾਮਲੇ ਵੱਲ ਖਿੱਚਣ ਲਈ ਲਿਖ ਰਹੇ ਹਾਂ ਜੋ ਕਿ ਪੰਜਾਬ ਤੋਂ ਆਉਣ ਵਾਲੇ ਬਹੁਤ ਸਾਰੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਪ੍ਰਭਾਵਤ ਕਰਦਾ ਹੈ ਜੋ ਵਰਤਮਾਨ ਵਿੱਚ ਕੈਨੇਡਾ ਤੋਂ ਦੇਸ਼ ਨਿਕਾਲੇ ਦਾ ਸਾਹਮਣਾ ਕਰ ਰਹੇ ਹਨ। ਇਸ ਮੰਦਭਾਗੀ ਸਥਿਤੀ ਦਾ ਕਾਰਨ ਕੁਝ ਇਮੀਗ੍ਰੇਸ਼ਨ ਸਲਾਹਕਾਰਾਂ ਦੇ ਧੋਖੇਬਾਜ਼ ਅਭਿਆਸਾਂ ਵਿੱਚ ਹੈ, ਜਿਨ੍ਹਾਂ ਨੇ ਇਨ੍ਹਾਂ ਵਿਦਿਆਰਥੀਆਂ ਨੂੰ ਫਰਜ਼ੀ ਪੇਸ਼ਕਸ਼ ਪੱਤਰ ਜਾਰੀ ਕੀਤੇ ਸਨ।

ਸਾਡੇ ਧਿਆਨ ਵਿੱਚ ਆਇਆ ਹੈ ਕਿ ਪੰਜਾਬ ਦੇ ਵੱਡੀ ਗਿਣਤੀ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਬੇਈਮਾਨ ਇਮੀਗ੍ਰੇਸ਼ਨ ਏਜੰਟਾਂ ਦੁਆਰਾ ਧੋਖਾ ਦਿੱਤਾ ਗਿਆ ਸੀ ਜਿਨ੍ਹਾਂ ਨੇ ਉਨ੍ਹਾਂ ਨੂੰ ਕੈਨੇਡਾ ਵਿੱਚ ਜਾਇਜ਼ ਵਿੱਦਿਅਕ ਮੌਕਿਆਂ ਦਾ ਵਾਅਦਾ ਕੀਤਾ ਸੀ। ਇਹਨਾਂ ਵਿਦਿਆਰਥੀਆਂ ਨੇ ਇਹਨਾਂ ਏਜੰਟਾਂ ਵਿੱਚ ਆਪਣਾ ਭਰੋਸਾ ਰੱਖਿਆ ਅਤੇ ਇੱਕ ਵਿਦੇਸ਼ੀ ਧਰਤੀ ਵਿੱਚ ਇੱਕ ਬਿਹਤਰ ਭਵਿੱਖ ਬਣਾਉਣ ਲਈ ਆਪਣਾ ਸਮਾਂ, ਪੈਸਾ ਅਤੇ ਇੱਛਾਵਾਂ ਦਾ ਨਿਵੇਸ਼ ਕੀਤਾ। ਹਾਲਾਂਕਿ, ਕੈਨੇਡਾ ਵਿੱਚ ਕਈ ਸਾਲਾਂ ਤੱਕ ਰਹਿਣ ਤੋਂ ਬਾਅਦ, ਇਹ ਪਤਾ ਲੱਗਾ ਕਿ ਉਹਨਾਂ ਨੂੰ ਪ੍ਰਦਾਨ ਕੀਤੇ ਗਏ ਪੇਸ਼ਕਸ਼ ਪੱਤਰ ਧੋਖਾਧੜੀ ਵਾਲੇ ਸਨ, ਜਿਸ ਨਾਲ ਉਹਨਾਂ ਦੀ ਮੌਜੂਦਾ ਸਥਿਤੀ ਪਰੇਸ਼ਾਨੀ ਅਤੇ ਕਮਜ਼ੋਰੀ ਹੈ।

ਇਹਨਾਂ ਵਿਦਿਆਰਥੀਆਂ ਦੀ ਦੁਰਦਸ਼ਾ ਬਹੁਤ ਦੁੱਖਦਾਈ ਹੈ, ਕਿਉਂਕਿ ਉਹਨਾਂ ਨੂੰ ਹੁਣ ਕੈਨੇਡਾ ਤੋਂ ਦੇਸ਼ ਨਿਕਾਲੇ ਦੇ ਖ਼ਤਰੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਦੇਸ਼ ਨੂੰ ਉਹ ਆਪਣਾ ਦੂਜਾ ਘਰ ਸਮਝਦੇ ਹਨ। ਇਹਨਾਂ ਵਿਅਕਤੀਆਂ ਨੇ ਅਣਥੱਕ ਮਿਹਨਤ ਕੀਤੀ ਹੈ, ਸਥਾਨਕ ਆਰਥਿਕਤਾ ਵਿੱਚ ਯੋਗਦਾਨ ਪਾਇਆ ਹੈ, ਅਤੇ ਕੈਨੇਡੀਅਨ ਸਮਾਜ ਵਿੱਚ ਏਕੀਕ੍ਰਿਤ ਕੀਤਾ ਹੈ। ਉਨ੍ਹਾਂ ਵਿੱਚੋਂ ਕਈਆਂ ਨੇ ਨੌਕਰੀਆਂ ਵੀ ਪੱਕੀਆਂ ਕਰ ਲਈਆਂ ਹਨ ਅਤੇ ਆਪਣੇ ਅਤੇ ਆਪਣੇ ਪਰਿਵਾਰਾਂ ਲਈ ਜੀਵਨ ਦਾ ਨਿਰਮਾਣ ਕੀਤਾ ਹੈ। ਸਿਰਫ਼ ਕੁਝ ਇਮੀਗ੍ਰੇਸ਼ਨ ਸਲਾਹਕਾਰਾਂ ਦੀਆਂ ਅਨੈਤਿਕ ਕਾਰਵਾਈਆਂ ਕਾਰਨ ਹੁਣ ਇਨ੍ਹਾਂ ਨੂੰ ਉਖਾੜ ਕੇ ਪੰਜਾਬ ਵਾਪਸ ਭੇਜਣਾ ਸਰਾਸਰ ਬੇਇਨਸਾਫ਼ੀ ਹੋਵੇਗੀ। ਕੈਨੇਡੀਅਨ ਸਰਕਾਰ ਨੇ ਇਹਨਾਂ ਵਿਦਿਆਰਥੀਆਂ ਦੇ ਦੇਸ਼ ਨਿਕਾਲੇ ਨੂੰ ਰੋਕ ਦਿੱਤਾ ਹੈ ਅਤੇ ਅਸੀਂ ਤੁਹਾਡੀ ਸਰਕਾਰ ਨੂੰ ਇਸ ਮੁੱਦੇ ਵਿੱਚ ਸਹਾਇਤਾ ਕਰਨ ਲਈ ਕਹਿੰਦੇ ਹਾਂ।

ਇਸ ਸਥਿਤੀ ਦੇ ਮੱਦੇਨਜ਼ਰ, ਅਸੀਂ ਪੰਜਾਬ ਦੇ ਮੁੱਖ ਮੰਤਰੀ ਹੋਣ ਦੇ ਨਾਤੇ ਤੁਹਾਨੂੰ ਇਨ੍ਹਾਂ ਦੁਖੀ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਤਰਫੋਂ ਤੁਰੰਤ ਕਾਰਵਾਈ ਕਰਨ ਅਤੇ ਦਖਲ ਦੇਣ ਲਈ ਬੇਨਤੀ ਕਰਦੇ ਹਾਂ। ਅਸੀਂ ਤੁਹਾਨੂੰ ਬੇਨਤੀ ਕਰਦੇ ਹਾਂ ਕਿ:

1 ਇਹਨਾਂ ਧੋਖਾਧੜੀ ਪ੍ਰਥਾਵਾਂ ਵਿੱਚ ਸ਼ਾਮਲ ਇਮੀ-ਗ੍ਰੇਸ਼ਨ ਸਲਾਹਕਾਰਾਂ ਦੀ ਜਾਂਚ ਕਰਨ ਲਈ ਇੱਕ ਟਾਸਕ ਫੋਰਸ ਜਾਂ ਇੱਕ ਸਮਰਪਿਤ ਟੀਮ ਦੀ ਸਥਾਪਨਾ ਕਰੋ। ਇਸ ਧੋਖੇ ਲਈ ਜ਼ਿੰਮੇਵਾਰ ਵਿਅਕਤੀਆਂ ਦੀ ਸ਼ਨਾਖਤ ਕਰਨਾ ਅਤੇ ਇਹ ਯਕੀਨੀ ਬਣਾਉਣਾ ਲਾਜ਼ਮੀ ਹੈ ਕਿ ਉਹ ਕਾਨੂੰਨ ਦੀ ਪੂਰੀ ਤਾਕਤ ਦਾ ਸਾਹਮਣਾ ਕਰਨ।

2 ਸਬੰਧਤ ਕੈਨੇਡੀਅਨ ਅਧਿਕਾਰੀਆਂ ਨਾਲ ਸੰਪਰਕ ਕਰੋ ਅਤੇ ਪ੍ਰਭਾਵਿਤ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਵਕਾਲਤ ਕਰੋ। ਉਹਨਾਂ ਦੀ ਦੁਰਦਸ਼ਾ ਦਾ ਉਚਿਤ ਹੱਲ ਲੱਭਣ ਲਈ ਕੂਟਨੀਤਕ ਯਤਨਾਂ ਵਿੱਚ ਸ਼ਾਮਲ ਹੋਣਾ ਉਹਨਾਂ ਨੂੰ ਸਹਾਇਤਾ ਪ੍ਰਦਾਨ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੋਵੇਗਾ ਜਿਸਦੀ ਉਹਨਾਂ ਨੂੰ ਸਖ਼ਤ ਲੋੜ ਹੈ। ਇਨ੍ਹਾਂ ਵਿਦਿਆਰਥੀਆਂ ਦੀ ਬੇਗੁਨਾਹੀ ਨੂੰ ਸਾਬਤ ਕਰਨ ਵਿੱਚ ਮਦਦ ਕਰਨ ਲਈ ਕੈਨੇਡੀਅਨ ਅਧਿਕਾਰੀਆਂ ਨੂੰ ਜਾਂਚ ਤੋਂ ਬਾਅਦ ਸੰਬੰਧਿਤ ਜਾਣਕਾਰੀ ਪ੍ਰਦਾਨ ਕਰੋ।

3 ਕੈਨੇਡਾ ਸਰਕਾਰ ਨਾਲ ਸਹਿਯੋਗ ਕਰੋ ਅਤੇ ਇੱਕ ਹਮਦਰਦੀ ਵਾਲੀ ਪਹੁੰਚ ਦੀ ਵਕਾਲਤ ਕਰੋ ਜੋ ਵਿਅਕਤੀ ਨੂੰ ਧਿਆਨ ਵਿੱਚ ਰੱਖਦੀ ਹੈ। ਹਰੇਕ ਪ੍ਰਭਾਵਿਤ ਵਿਦਿਆਰਥੀ ਦੇ ਹਾਲਾਤ। ਉਹਨਾਂ ਦੇ ਯੋਗਦਾਨ ਦਾ ਇੱਕ ਵਿਆਪਕ ਮੁਲਾਂਕਣ, ਕਾਨੂੰਨ ਦੀ ਪਾਲਣਾ, ਅਤੇ ਕੈਨੇਡੀਅਨ ਸਮਾਜ ਵਿੱਚ ਏਕੀਕਰਨ ਉਹਨਾਂ ਦੀ ਰਿਹਾਇਸ਼ੀ ਸਥਿਤੀ ਨਾਲ ਸਬੰਧਤ ਕਿਸੇ ਵੀ ਫੈਸਲਿਆਂ ਦਾ ਅਧਾਰ ਹੋਣਾ ਚਾਹੀਦਾ ਹੈ।

4 ਪਛਾਣੇ ਗਏ ਇਮੀਗ੍ਰੇਸ਼ਨ ਏਜੰਟਾਂ ਵਿਰੁੱਧ ਕਾਨੂੰਨ ਦੇ ਅਨੁਸਾਰ, ਹੇਠਾਂ ਦਿੱਤੇ ਅਨੁਸਾਰ ਤੁਰੰਤ ਕਾਰਵਾਈ ਕਰੋ। ਇਹ ਯਕੀਨੀ ਬਣਾਉਣ ਲਈ ਢੁਕਵੇਂ ਕਾਨੂੰਨੀ ਉਪਾਅ ਕੀਤੇ ਜਾਣੇ ਚਾਹੀਦੇ ਹਨ ਕਿ ਉਹਨਾਂ ਨੂੰ ਨਿਆਂ ਦੇ ਘੇਰੇ ਵਿੱਚ ਲਿਆਂਦਾ ਜਾਵੇ ਅਤੇ ਉਹਨਾਂ ਦੀਆਂ ਧੋਖਾਧੜੀ ਦੀਆਂ ਗਤੀਵਿਧੀਆਂ ਨੂੰ ਤੇਜ਼ੀ ਨਾਲ ਰੋਕਿਆ ਜਾਵੇ। ਪੀੜਤ ਨਿਆਂ ਅਤੇ ਸੁਰੱਖਿਆ ਦੇ ਹੱਕਦਾਰ ਹਨ ਅਤੇ ਇਹ ਜ਼ਰੂਰੀ ਹੈ ਕਿ ਉਹ ਆਪਣੀ ਮੌਜੂਦਾ ਦੁਰਦਸ਼ਾ ਲਈ ਜ਼ਿੰਮੇਵਾਰ ਵਿਅਕਤੀਆਂ ਵਿਰੁੱਧ ਤੁਰੰਤ ਕਾਰਵਾਈ ਕੀਤੇ ਜਾਣ।

5 ਧੋਖਾਧੜੀ ਦਾ ਸ਼ਿਕਾਰ ਹੋਏ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਪਰਿਵਾਰਾਂ ਦੀ ਸਹਾਇਤਾ ਲਈ ਪੰਜਾਬ ਦੇ ਅੰਦਰ ਇੱਕ ਸਹਾਇਤਾ ਪ੍ਰਣਾਲੀ ਸਥਾਪਤ ਕਰੋ। ਇਹਨਾਂ ਸੇਵਾਵਾਂ ਨੂੰ ਇਹਨਾਂ ਏਜੰਟਾਂ ਦੁਆਰਾ ਧੋਖਾਧੜੀ ਕੀਤੀ ਗਈ ਰਕਮ ਦੇ ਬਰਾਬਰ ਵਿੱਤੀ ਮੁਆਵਜ਼ਾ ਪ੍ਰਦਾਨ ਕਰਨਾ ਚਾਹੀਦਾ ਹੈ, ਜਿਸਦਾ ਉਦੇਸ਼ ਵਿੱਤੀ ਬੋਝ ਨੂੰ ਘਟਾਉਣਾ ਅਤੇ ਪ੍ਰਭਾਵਿਤ ਪਰਿਵਾਰਾਂ ਨੂੰ ਨਿਆਂ ਦੀ ਭਾਵਨਾ ਪ੍ਰਦਾਨ ਕਰਨਾ ਹੈ।

ਇਸ ਮੁੱਦੇ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਕਰਨ ਲਈ, ਇਹਨਾਂ ਧੋਖਾਧੜੀ ਵਾਲੀਆਂ ਗਤੀਵਿਧੀਆਂ ਵਿੱਚ ਸ਼ਾਮਲ ਇਮੀਗ੍ਰੇਸ਼ਨ ਏਜੰਟਾਂ ਅਤੇ ਏਜੰਸੀਆਂ ਦੀ ਪਛਾਣ ਕਰਨਾ ਮਹੱਤਵਪੂਰਨ ਹੈ।

ਮੁੱਖ ਮੰਤਰੀ ਭਗਵੰਤ ਮਾਨ ਜੀ, ਸਾਡਾ ਮੰਨਣਾ ਹੈ ਕਿ ਤੁਹਾਡੀ ਅਗਵਾਈ ਅਤੇ ਦ੍ਰਿੜਤਾ ਇਨ੍ਹਾਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਜੀਵਨ ਵਿੱਚ ਡੂੰਘਾ ਬਦਲਾਅ ਲਿਆ ਸਕਦੀ ਹੈ। ਨਿਆਂ, ਸਮਾਨਤਾ ਅਤੇ ਪੰਜਾਬ ਦੇ ਲੋਕਾਂ ਦੀ ਭਲਾਈ ਲਈ ਤੁਹਾਡੀ ਵਚਨਬੱਧਤਾ ਨੂੰ ਵਿਆਪਕ ਤੌਰ 'ਤੇ ਮਾਨਤਾ ਪ੍ਰਾਪਤ ਹੈ, ਅਤੇ ਸਾਨੂੰ ਭਰੋਸਾ ਹੈ ਕਿ ਤੁਸੀਂ ਇਨ੍ਹਾਂ ਕਮਜ਼ੋਰ ਵਿਅਕਤੀਆਂ ਲਈ ਵੀ ਇਹੀ ਸਮਰਪਣ ਕਰੋਗੇ।

ਅਸੀਂ ਤੁਹਾਨੂੰ ਇਸ ਮਾਮਲੇ ਨੂੰ ਤਰਜੀਹ ਦੇਣ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੁਆਰਾ ਦਰਪੇਸ਼ ਇਸ ਮੁਸ਼ਕਲ ਸਥਿਤੀ ਨੂੰ ਹੱਲ ਕਰਨ ਲਈ ਤੁਰੰਤ ਕਾਰਵਾਈ ਕਰਨ ਲਈ ਦਿਲੋਂ ਬੇਨਤੀ ਕਰਦੇ ਹਾਂ। ਤੁਹਾਡੀ ਦਖਲਅੰਦਾਜ਼ੀ ਉਹਨਾਂ ਨੂੰ ਉਮੀਦ ਦੀ ਪੇਸ਼ਕਸ਼ ਕਰਨ ਦੀ ਸ਼ਕਤੀ ਰੱਖਦੀ ਹੈ ਅਤੇ ਉਹਨਾਂ ਦੀ ਦੁਰਦਸ਼ਾ ਦੇ ਸਹੀ ਹੱਲ ਦੀ ਸੰਭਾਵਨਾ ਰੱਖਦਾ ਹੈ।

ਇਸ ਮਾਮਲੇ ਵਿੱਚ ਤੁਹਾਡੇ ਧਿਆਨ ਅਤੇ ਅਨੁਮਾਨਤ ਕਾਰਵਾਈ ਲਈ ਤੁਹਾਡਾ ਧੰਨਵਾਦ। ਜੇਕਰ ਤੁਹਾਡੇ ਕੋਈ ਸਵਾਲ ਜਾਂ ਚਿੰਤਾਵਾਂ ਹਨ, ਤਾਂ ਕਿਰਪਾ ਕਰਕੇ ਇਸ ਈਮੇਲ ਦਾ ਸਿੱਧਾ ਜਵਾਬ ਦੇਣ ਲਈ ਬੇਝਿਜਕ ਮਹਿਸੂਸ ਕਰੋ।

**ਗਰਮਜੋਸ਼ੀ ਨਾਲ,**

**ਸਟੈਂਡ ਫਾਰ ਸਟੂਡੈਂਟਸ ਮੋਰਚਾ**

# ਸਾਬੀ ਈਸਪੁਰੀ ''ਮੇਰਾ ਪੁੱਤ ਮੇਰੀ ਧੀ''ਗੀਤ ਨਾਲ ਚਰਚਾ 'ਚ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਲੇਖਕ ਤੇ ਗਾਇਕ ਸਾਬੀ ਈਸਪੁਰੀ ਆਪਣੇ ਸਿੰਗਲ ਟਰੈਕ ''ਮੇਰਾ ਪੁੱਤ ਮੇਰੀ ਧੀ'' ਪਰਿਵਾਰਿਕ ਗੀਤ ਨਾਲ ਚਰਚਾ ਵਿੱਚ ਹੈ। ਇਹ ਸਿੰਗਲ ਟਰੈਕ ਧਨਵੀਰ ਮਾਹੀ ਦੀ ਕੰਪਨੀ ਸਵੀਟਿਸ਼ ਰਿਕਾਰਡ ਵਲੋ ਰਿਲੀਜ਼ ਕੀਤਾ ਗਿਆ। ਜਿਸ ਨੂੰ ਸੰਗੀਤ ਦੀਆਂ ਧੁੰਨਾ ਨਾਲ ਕੁਲਵੰਤ ਰਾਏ ਵਲੋ ਸ਼ਿੰਗਾਰਿਆ ਗਿਆ ਹੈ ਤੇ ਟਰੈਕ ਦਾ ਵੀਡੀਓ ਵਿਪਨ ਸਹੋਤਾ ਵਲੋ ਤਿਆਰ ਕੀਤਾ ਗਿਆ। ਆਪਣੇ ਸਿੰਗਲ ਟਰੈਕ ਵਾਰੇ ਜਾਣਕਾਰੀ ਦਿੰਦੇ ਹੋਏ ਲੇਖਕ ਤੇ ਗਾਇਕ ਸਾਬੀ ਈਸਪੁਰੀ ਨੇ ਕਿਹਾ ਕਿ ਇਹ ਇੱਕ ਨਿਰੋਲ ਪਰਿਵਾਰਕ ਗੀਤ ਹੈ ਜਿਸ ਨੂੰ ਸਰੋਤਿਆਂ ਵਲੋ ਭਰਪੂਰ ਪਸੰਦ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ''ਮੇਰਾ ਪੁੱਤ ਮੇਰੀ ਧੀ'' ਗੀਤ ਰਾਹੀਂ ਇਹ ਕੋਸ਼ਿਸ਼ ਰਹੀ ਹੈ ਕਿ ਮਾਂ ਬਾਪ ਦੇ ਆਪਣੇ ਬੱਚਿਆਂ ਪ੍ਰਤੀ ਪਿਆਰ ਸਨੇਹ ਮੁਹੱਬਤਾਂ ਨੂੰ ਹੋਰ ਸਾਂਝਾ ਕਰ ਕੇ ਦਿਖਾਇਆ ਜਾ ਸਕੇ। ਤਾਂ ਕੇ ਇਹ ਸਾਂਝਾ ਹੋਰ ਗੂੜੀਆਂ ਹੋ ਸਕਣ। ਦੂਸਰੇ ਪਾਸੇ ਸਭ ਧਰਮਾਂ ਦੇ ਲੋਕਾਂ ਨੂੰ ਰਲ ਮਿਲ ਕੇ ਇੱਕ ਛਤ ਹੇਠ ਇਕੱਠੇ ਰਹਿਣ ਦੀ ਅਪੀਲ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਗੀਤ ਰਾਹੀਂ ਲੜਕੇ ਅਤੇ ਲੜਕੀਆਂ ਦੀ ਫਰਕ ਨੂੰ ਮਿਟਾਉਣ ਲਈ ਉਪਰਾਲਾ ਕਰਦੇ ਹੋਏ ਕਿਹਾ ਗਿਆ ਹੈ ਕਿ ਲੜਕੇ ਅਤੇ ਲੜਕੀਆਂ ਇੱਕ ਸਮਾਨ ਹਨ। ਅੰਤ ਵਿੱਚ ਸਾਬੀ ਈਸਪੁਰੀ ਨੇ ਤਨੀਸ਼ਾ ਗਿੱਲ, ਦਾਨਿਸ਼ ਗਿੱਲ, ਰਿੰਪੀ ਗਿੱਲ, ਸੁਦਾਗਰ ਸਿੰਘ ਥਿੰਦ, ਸਮੂਹ ਪ੍ਰਬੰਧਕਾਂ ਤੇ ਸਾਰੇ ਸਹਯੋਗੀ ਸੱਜਣਾ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦੇ ਹੋਏ ਕਿਹਾ ਕਿ ਉਨ੍ਹਾਂ ਵਲੋ ਇਸ ਤਰਾਂ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਰਹਿਣਗੀਆ।










# 26 ਅਗਸਤ ਨੂੰ ਵੇਖੋਗੇ ਭੰਗੜਾ, ਗਿੱਧਾ, ਮਲਵਈ ਗਿੱਧਾ, ਝੂਮਰ, ਲੁੱਡੀ, ਸੰਮੀ, ਕਿੱਕਲੀ ਅਤੇ ਹੋਰ ਨਾਚ




**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)**'ਰੂਹ ਪੰਜਾਬੀ ਦੀ' ਭੰਗੜਾ ਅਤੇ ਗਿੱਧਾ ਅਕੈਡਮੀ ਤੋਂ ਸ। ਗੁਰਿੰਦਰ ਸਿੰਘ ਸੰਧੂ ਹੋਰੀਂ ਆਪਣੇ ਸਾਥੀਆਂ, ਸਪਾਂਸਰਜ਼ ਅਤੇ 'ਐਨ। ਜ਼ੈਡ। ਸਪੋਰਟਸ ਐਂਡ ਡਿਵੈਲਪਮੈਂਟ ਟ੍ਰਸਟ' ਦੇ ਸਹਿਯੋਗ ਦੇ ਨਾਲ ਪੰਜਾਬੀ ਸਭਿਆਚਾਰ ਦੇ ਸਿਰਨਾਵੇਂ ਸਾਡੇ ਲੋਕ ਨਾਚ ਜਿਨ੍ਹਾਂ ਵਿਚ ਭੰਗੜਾ, ਗਿੱਧਾ, ਮਲਵਈ ਗਿੱਧਾ, ਝੂਮਰ, ਸੰਮੀ, ਜਿੰਦੂਆ, ਫੋਕ ਆਰਕੈਸਟਰਾ (ਪਹਿਲੀ ਵਾਰ ਹੋਵੇਗਾ ਨਿਊਜ਼ੀਲੈਂਡ ਵਿਚ), ਕਿੱਕਲੀ ਅਤੇ ਹੋਰ ਲੋਕ ਨਾਚ ਸ਼ਾਮਿਲ ਹੋਣਗੇ। ਲੋਕ ਸਾਜ਼ ਤੂੰਬੀ, ਬੁਗਚੂ, ਸਾਰੰਗੀ, ਅਲਗੋਜ਼ੈ, ਢੋਲ, ਗਾਗਰ, ਚਿਮਟੇ ਅਤੇ ਗੀਤਾਂ ਦੀ ਪੇਸ਼ਕਾਰੀ ਵੀ ਵਿਚ ਰਹੇਗੀ। ਨਿਊਜ਼ੀਲੈਂਡ ਵਸਦੇ ਭਾਰਤੀ ਖਾਸ ਕਰ ਪੰਜਾਬੀ ਦਰਸ਼ਕਾਂ ਦੇ ਸਾਹਮਣੇ ਪੇਸ਼ ਕਰਨਗੇ। 26 ਅਗਸਤ ਦਿਨ ਸ਼ਨੀਵਾਰ ਨੂੰ ਬੀ ਐਨ ਜ਼ੈਡ ਥੀਏਟਰ ਜੋ ਕਿ 'ਡੀਊ ਡ੍ਰਾਪ ਇਵੈਂਟ ਸੈਂਟਰ ਮੈਨੁਕਾਓ' ਦਾ ਹੀ ਇਕ ਹਿੱਸਾ ਵਿਖੇ ਸ਼ਾਮ 4 ਵਜੇ ਤੋਂ ਇਹ 'ਪੰਜਾਬੀ ਲੋਕ ਨਾਚ ਮੇਲਾ' ਸ਼ੁਰੂ ਹੋ ਜਾਵੇਗਾ। ਅਜ ਇਸ ਸਬੰਧੀ ਰੰਗਦਾਰ ਪੋਸਟਰ ਰੇਡੀਓ ਸਪਾਈਸ ਦੇ ਵਿਹੜੇ ਪਾਪਾਟੋਏਟੋਏ ਵਿਖੇ ਜਾਰੀ ਕੀਤਾ ਗਿਆ। ਇਸ ਮੌਕੇ ਇਸ ਲੋਕ ਨਾਚਾਂ ਦੇ ਮੇਲੇ ਬਾਰੇ ਜਾਣਕਾਰੀ ਦਿੰਦਿਆ ਸ। ਗੁਰਿੰਦਰ ਸਿੰਘ ਹੋਰਾਂ ਦੱਸਿਆ ਕਿ ਉਨ੍ਹਾਂ ਨੂੰ ਅਤੇ ਇਥੇ ਕਈ ਸਾਲ ਹੋ ਗਏ ਹਨ ਭੰਗੜਾ ਅਤੇ ਗਿੱਧੇ ਦੀ ਅਕੈਡਮੀ ਚਲਾਉਂਦਿਆਂ ਅਤੇ ਹੁਣ ਸਾਡੇ ਕੋਲ ਐਨੁ ਕੇ ਟ੍ਰੇਂਡ ਬੱਚੇ-ਬੱਚੀਆਂ ਹੋ ਗਏ ਹਨ ਕਿ ਅਸੀਂ ਲੋਕ ਨਾਚਾਂ ਦਾ ਬਿਹਤਰੀਨ ਪ੍ਰਦਰਸ਼ ਕਰਕੇ ਪੰਜਾਬੀ ਸਭਿਆਚਾਰ ਦੀ ਇਕ ਝਲਕ ਦਰਸ਼ਕਾਂ ਸਾਹਮਣੇ ਪੇਸ਼ ਕਰ ਸਕਦੇ ਹਾਂ। ਇਸ ਮੌਕੇ ਸਥਾਨਿਕ ਮੀਡੀਆ ਕਰਮੀਆਂ ਤੋਂ ਇਲਾਵਾ ਸ ਹਰਨੇਕ ਸਿੰਘ ਢੋਟ ਸਾਬਕਾ ਸਹਾਇਕ ਨਿਰਦੇਸ਼ਕ ਭਾਸ਼ਾ ਵਿਭਾਗ ਪੰਜਾਬ ਵੀ ਉਚੇਚੇ ਤੌਰ ਉਤੇ ਸ਼ਾਮਿਲ ਹੋਏ। ਸ ਪਰਮਿੰਦਰ ਸਿੰਘ ਪਾਪਾਟੋਏਟੋਏ ਹੋਰਾਂ ਰੇਡੀਓ ਸਪਾਈਸ ਦੇ ਵਿਹੜੇ ਆਏ ਸਾਰੇ ਪ੍ਰਬੰਧਕਾਂ, ਸਪਾਂਸਰਜ ਅਤੇ ਸਹਿਯੋਗੀਆਂ ਨੂੰ ਜੀ ਆਇਆਂ ਆਖਿਆ। ਹੋਸਟ ਸ ਸ਼ਰਨਦੀਪ ਸਿੰਘ ਸਿੰਘ ਨੇ ਲੋਕ ਨਾਚ ਮੇਲਿਆਂ ਬਾਰੇ ਦੋ ਸ਼ਬਦ ਬੋਲੇ। ਪ੍ਰਬੰਧਕ ਸ। ਗੁਰਿੰਦਰ ਸਿੰਘ ਸੰਧੂ ਹੋਰਾਂ ਇਸ ਲੋਕ ਨਾਚ ਮੇਲੇ ਬਾਰੇ ਦਸਦਿਆਂ ਕਿਹਾ ਕਿ ਆਪਣੇ ਵਤਨ ਤੋਂ ਦੂਰ ਬੈਠ ਆਪ ਅਤੇ ਨਵੀਂ ਪੀੜੀ ਨੂੰ ਅਸਲ ਨੋਕ ਨਾਚਾਂ ਦੇ ਨਾਲ ਜੋੜਨ ਦਾ ਇਹ ਉਪਰਾਲਾ ਕੀਤਾ ਗਿਆ ਹੈ। ਆਮ ਤੌਰ ਉਤੇ ਸਿਰਫ ਭੰਗੜਾ ਅਤੇ ਗਿੱਧਾ ਵੀ ਮੁੱਖ ਤੌਰ ਉਤੇ ਜਾਣਿਆ-ਪਹਿਚਾਣਿਆ ਜਾਂਦਾ ਹੈ, ਪਰ ਇਸ ਦੇ ਵਿਚ ਅੱਗੇ ਵੀ ਬਹੁਤ ਵੰਨਗੀਆਂ ਹਨ। ਅੰਤ ਦੇ ਵਿਚ ਸਾਰਿਆਂ ਨੇ ਰੂਹ ਪੰਜਾਬੀ ਦੀ ਟੀਮ ਨੂੰ ਆਉਣ ਵਾਲੇ ਪੰਜਾਬੀ ਲੋਕ ਨਾਚ ਮੇਲੇ ਵਾਸਤੇ ਸ਼ੁੱਭ ਕਾਮਨਾਵਾਂ ਦਿੱਤੀਆਂ।

# ਜਰਖੜ ਹਾਕੀ ਅਕੈਡਮੀ ਨੇ ਓਲੰਪਿਕ ਡੇਅ ਮਨਾਇਆ

**ਲੁਧਿਆਣਾ–** ਜਰਖੜ ਹਾਕੀ ਅਕੈਡਮੀ ਵੱਲੋਂ ਹਾਕੀ ਇੰਡੀਆ ਦੀਆਂ ਹਦਾਇਤਾਂ ਮੁਤਾਬਕ ਅੱਜ ਉਲੰਪਿਕ ਡੇਅ ਜਰਖੜ ਖੇਡ ਸਟੇਡੀਅਮ ਵਿਖੇ ਮਨਾਇਆ ਗਿਆ।




ਜਿਸ ਵਿੱਚ 100 ਤੋਂ ਵੱਧ ਬੱਚਿਆਂ ਨੇ ਹਿਸਾ ਲਿਆ। ਇਸ ਮੌਕੇ ਜਰਖੜ ਹਾਕੀ ਅਕੈਡਮੀ ਦੇ ਡਾਇਰੈਕਟਰ ਜਗਰੂਪ ਸਿੰਘ ਜਰਖੜ, ਆਮ ਆਦਮੀ ਪਾਰਟੀ ਦੇ ਆਗੂ ਮਨਦੀਪ ਸਿੰਘ ਰਵੀ ਝੱਮਟ, ਸੁਖਵਿੰਦਰ ਸਿੰਘ ਲਹਿਰਾ ਨੇ ਬੱਚਿਆਂ ਨੂੰ ਉਲੰਪਿਕ ਡੇ ਦੀ ਅਹਿਮੀਅਤ , ਓਲੰਪਿਕ ਖੇਡਾਂ ਬਾਰੇ ਜਾਣਕਾਰੀ, ਇੱਕ ਚੰਗੇ ਖਿਡਾਰੀ ਬਣਨ ਲਈ ਪ੍ਰੇਰਿਤ ਕੀਤਾ। ਬਚਿਆਂ ਨੇ ਵੀ ਚੰਗਾ ਖਿਡਾਰੀ ਬਣਨ ਦਾ ਪ੍ਰਣ ਕੀਤਾ। ਇਸ ਮੌਕੇ ਮਿਨਰਵਾ ਫੁੱਟਬਾਲ ਅਕੈਡਮੀ ਦੇ ਹੋਣਹਾਰ ਖਿਡਾਰੀ ਅਵਨਿੰਦਰ ਸਿੰਘ ਵਲੀਪੁਰ ਨੂੰ ਜਰਖੜ ਹਾਕੀ ਅਕੈਡਮੀ ਵੱਲੋਂ ਸਾਈਕਲ ਨਾਲ ਵਿਸੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹਲਕਾ ਗਿੱਲ ਦੇ ਵਿਧਾਇਕ ਜੀਵਨ ਸਿੰਘ ਸੰਗੋਵਾਲ ਦੇ ਬੇਟੇ ਜਤਿੰਦਰਪਾਲ ਸਿੰਘ ਸੰਗੋਵਾਲ, ਹੈਪੀ ਮਹਿਮੂਦਪੁਰਾ, ਸਤਿੰਦਰ ਸਿੰਘ ਸੰਧੂ, ਬਲਜੀਤ ਸਿੰਘ ਗਿੱਲ, ਗੁਰਸਤਿੰਦਰ ਸਿੰਘ ਪਰਗਟ, ਗੁਰਤੇਜ ਸਿੰਘ ਬੋਰਹਾਈ, ਸੰਦੀਪ ਸਿੰਘ ਪੰਧੇਰ, ਤੇਜਿੰਦਰ ਸਿੰਘ ਜਰਖੜ, ਪਰਮਜੀਤ ਸਿੰਘ ਗਰੇਵਾਲ, ਕੁਲਦੀਪ ਸਿੰਘ ਘਵੱਦੀ, ਪੱਤਰਕਾਰ ਹਰਵਿੰਦਰ ਸਿੰਘ ਹੰਬੜਾਂ, ਲਵਜੀਤ ਸਿੰਘ, ਪਵਨਪ੍ਰੀਤ ਸਿੰਘ, ਰਘਬੀਰ ਸਿੰਘ ਡਾਂਗੋਰਾ, ਆਦਿ ਹੋਰ ਪ੍ਰਬੰਧਕ ਹਾਜ਼ਰ ਸਨ। ਇਸ ਮੌਕੇ ਮਿੰਨੀ ਹਾਕੀ ਟੂਰਨਾਮੈਂਟ ਕਰਵਾਇਆ ਗਿਆ । ਜਿਸ ਵਿੱਚ 4 ਟੀਮਾਂ ਨੇ ਹਿੱਸਾ ਲਿਆ। ਜਿਸ ਵਿੱਚ ਸੁਰਜੀਤ ਇਲੈਵਨ ਅਤੇ ਪਿਰਥੀਪਾਲ ਇਲੈਵਨ ਜੇਤੂ ਰਹੀਆਂ।

# ਮੁੰਬਈ ਤੋਂ ਨਿਊਜ਼ੀਲੈਂਡ ਪਾਇਲਟ ਬਨਣ ਆਏ ਵਿਦਿਆਰਥੀ ਦੀ ਸੜਕ ਹਾਦਸੇ 'ਚ ਮੌਤ

**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਦੇ ਦੱਖਣੀ ਟਾਪੂ ਵਿਖੇ ਬੀਤੀ 20 ਜੂਨ ਨੂੰ 'ਮਾਊਂਟ ਕੁੱਕ' ਖੇਤਰ ਜਿਹੜਾ ਕਿ ਦੇਸ਼ ਦੀ ਸਭ ਤੋਂ ਉਚੀ ਚੋਟੀ ਕਰਕੇ ਜਾਣਿਆ ਜਾਂਦਾ ਹੈ ਵਿਖੇ ਇਕ ਸੜਕ ਹਾਦਸੇ ਵਿਚ ਮੁੰਬਈ ਤੋਂ ਇਥੇ ਪਾਇਲਟ ਬਨਣ ਦੀ ਪੜ੍ਹਾਈ ਕਰਨ ਆਏ ਇਕ ਵਿਦਿਆਰਥੀ ਸ੍ਰੀ ਦੇਵਾਂਸ਼ ਸ਼ਾਹ ਦੀ ਮੌਤ ਹੋ ਗਈ। ਇਸ ਹਾਦਸੇ ਵਿਚ ਇਕ ਹੀ ਵਾਹਨ ਸ਼ਾਮਿਲ ਸੀ। ਇਸਦੇ ਨਾਲ ਦੋ ਹੋਰ ਵਿਦਿਆਰਥੀ ਵੀ ਗੰਭੀਰ ਜ਼ਖਮੀ ਹੋ ਗਏ। ਮ੍ਰਿਤਕ ਨੌਜਵਾਨ ਨਿਊਜ਼ੀਲੈਂਡ ਏਅਰਲਾਈਨ ਅਕੈਡਮੀ ਓਮਾਰੂ ਦਾ ਵਿਦਿਆਰਥੀ ਸੀ ਅਤੇ ਤਿੰਨ ਮਹੀਨੇ ਪਹਿਲਾਂ ਹੀ ਇਥੇ ਪੜ੍ਹਾਈ ਕਰਨ ਆਇਆ ਸੀ। ਇਸ ਅਕੈਡਮੀ ਦੇ ਵਿਚ ਬਹੁਤ ਸਾਰੇ




ਭਾਰਤੀ ਪਾਇਲਟ ਦਾ ਕੋਰਸ ਕਰਨ ਆਉਂਦੇ ਹਨ। ਘਟਨਾ ਦੁਪਹਿਰ 12-05 ਕੁ ਵਜੇ ਦੀ ਹੈ ਜਦੋਂ ਪੁਲਿਸ ਨੂੰ ਸੂਚਿਤ ਕੀਤਾ ਗਿਆ।

ਇਹ ਦੁਰਘਟਨਾ ਸਟੇਟ ਹਾਈਵੇਅ-80 (ਮਾਊਂਟ ਕੁੱਕ ਰੋਡ) ਵਿਖੇ ਗਲਿਨਟੈਨਰ ਸਟੇਸ਼ਨ, ਜ਼ਿਲ੍ਹਾ ਮਕੈਂਨਜੀ ਵਿਖੇ ਹੋਈ। ਇਹ ਉਹ ਜਗ੍ਹਾ ਹੈ ਜਿੱਥੇ ਬਹੁਤ ਖੂਬਸੂਰਤ ਨਜ਼ਾਰਾ ਵੇਖਣ ਵਾਸਤੇ ਸੈਲਾਨੀ ਜਾਂਦੇ ਹਨ। ਜ਼ਖਮੀਆਂ ਵਿਚੋਂ ਇਕ ਬਹੁਤ ਜਿਆਦਾ ਗੰਭੀਰ ਹੈ ਜੋ ਕ੍ਰਾਈਸਟਚਰਚ ਹਸਪਤਾਲ ਵਿਖੇ ਦਾਖਲ ਹੈ, ਦੂਸਰਾ ਵੀ ਕਾਫੀ ਗੰਭੀਰ ਹੈ ਤੇ ਡੁਨੀਡਨ ਹਸਪਤਾਲ ਵਿਖੇ ਜ਼ੇਰੇ ਇਲਾਜ਼ ਹੈ। ਮ੍ਰਿਤਕ ਦਾ ਸਰੀਰ ਇਸ ਵੇਲੇ ਕ੍ਰਾਈਸਟਚਰਚ ਵਿਖੇ ਰੱਖਿਆ ਗਿਆ ਹੈ।

# ਸਾਥੀ ਸੁੱਚਾ ਸਿੰਘ ਨੂੰ ਦਿੱਤੀ ਸੇਜਲ ਅੱਖਾਂ ਨਾ.ਲ ਵਿਦਾਈ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਮੁਲਾਜ਼ਮ ਆਗੂ ਤੇ ਸਮਾਜ ਸੇਵੀ ਸਾਥੀ ਸੁੱਚਾ ਸਿੰਘ ਸਤਨੌਰ ਦਾ ਅੱਜ ਉਨਾਂ ਦੇ ਜੱਦੀ ਪਿੰਡ ਸਤਨੌਰ ਵਿਖੇ ਅੰਤਿਮ ਸੰਸਕਾਰ ਕਰ ਦਿੱਤਾ ਗਿਆ । ਸੰਸਕਾਰ ਸਮੇਂ ਵੱਡੀ ਗਿਣਤੀ ਵਿਚ ਮੁਲਾਜ਼ਮਾਂ, ਪੈਨਸ਼ਨਰਾਂ, ਰਾਜਨੀਤਿਕ ਆਗੂਆਂ, ਪਾਰਿਵਾਰਿਕ ਮੈਂਬਰਾਂ, ਰਿਸ਼ਤੇਦਾਰਾਂ ਅਤੇ ਨਗਰ ਨਿਵਾਸੀਆਂ ਨੇ ਸਾਥੀ ਸੁੱਚਾ ਸਿੰਘ ਨੂੰ ਸੇਜਲ ਅੱਖਾਂ ਨਾ.ਲ ਵਿਦਾਈ ਦਿੱਤੀ। ਸਾਥੀ ਸੁੱਚਾ ਸਿੰਘ ਬੀਤੀ ਰਾਤ ਪੀਜੀਆਈ ਵਿਖੇ ਸਦੀਵੀ ਵਿਛੋੜਾ ਦੇ ਗਏ ਸਨ। ਸੰਸਕਾਰ ਤੋਂ ਪਹਿਲਾਂ ਇਨਕਲਾਬੀ ਮਾਰਕਸਵਾਦੀ ਪਾਰਟੀ ਆਫ਼ ਇੰਡੀਆਂ ਵਲੋਂ ਸਾਥੀ ਪਿਆਰਾ ਸਿੰਘ, ਰਾਮ ਜੀ ਦਾਸ ਚੌਹਾਨ ਤੇ ਸਤਪਾਲ ਵਲੋਂ ਸਾਥੀ ਦੇ ਦੇਹ ਤੇ ਲਾਲ ਝੰਡਾ ਪਾਇਆ, ਪੀ ਡਬਲਯੂ ਡੀ ਵਰਕਰਜ਼ ਯੂਨੀਅਨ ਵਲੋਂ ਜਥੇਬੰਦੀ ਦੇ ਪ੍ਰਧਾਨ ਮੱਖਣ ਵਾਹਿਦਪੁਰੀ, ਸੁਖਦੇਵ ਜਾਜਾ, ਜਗਦੀਸ਼ ਲਾਲ ਵਲੋਂ ਜਥੇਬੰਦੀ ਦਾ ਝੰਡਾ ਪਾਇਆ ਗਿਆ। ਸਾਥੀ ਦੇ ਸੰਸਕਾਰ ਸਮੇਂ ਮੁਲਾਜ਼ਮ ਆਗੂ ਸ਼ਾਮ



ਸੁੰਦਰ, ਅਮਨਦੀਪ ਸ਼ਰਮਾ, ਜੀਤ ਬਗ਼ਵਾਈ, ਸੁਰਜੀਤ ਚੌਹਾਨ, ਗੋਪਾਲ ਦਾਸ, ਮੁਕੇਸ਼ ਕੁਮਾਰ, ਸੁਖਦੇਵ ਡਾਨਸੀਵਾਲ, ਜਸਵੀਰ ਮੋਰੋਂ, ਨਰੇਸ਼ ਧੀਮਾਨ, ਅਮਰਜੀਤ ਨੰਗਲ, ਮਨਜੀਤ ਸਿੰਘ, ਸੋਹਣ ਸਿੰਘ ਸੂੰਨੀ, ਸ਼ਰਮੀਲਾ ਰਾਣੀ, ਰਮਨ ਕੁਮਾਰ, ਜੋਗਿੰਦਰ ਢਾਹਾਂ, ਅਮਰੀਕ ਸਿੰਘ, ਕਿਸਾਨ ਆਗੂ ਦਰਸ਼ਨ ਮੱਟੂ, ਮਲਕੀਅਤ ਬਾਹੋਵਾਲ, ਮੱਖਣ ਲੰਗੇਰੀ, ਕੁਲਭੂਸ਼ਨ ਕੁਮਾਰ, ਦਵਿੰਦਰ ਰਾਣਾ, ਬਲਵੰਤ ਰਾਮ, ਗਿਆਨੀ ਅਵਤਾਰ ਸਿੰਘ, ਸ਼ਿੰਗਾਰਾ ਰਾਮ ਭੱਜਲ, ਤੇ ਬਸਪਾ ਆਗੂ ਗੁਰਲਾਲ ਸੈਲਾ ਹਾਜ਼ਰ ਸਨ। ਇਸ ਦੌਰਾਨ ਦੌਰਾਨ ਪੰਜਾਬ ਸਰਵਿਸਿਜ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ ਤੇ ਜਿਲਾ ਸਕੱਤਰ ਇੰਦਰਜੀਤ ਸਿੰਘ ਵਿਰਦੀ ਨੇ ਸਾਥੀ ਦੇ ਬੇਵਕਤ ਵਿਛੋੜੇ ਤੇ ਗਹਿਰਾ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਸਾਥੀ ਦੇ ਵਿਛੋੜੇ ਨਾਲ ਪਿਆ ਘਾਟਾ ਕਦੇ ਵੀ ਪੂਰਾ ਨਹੀਂ ਹੋ ਸਕਦਾ। ਸਾਥੀ ਦੀ ਯਾਦ ਵਿਚ ਸ਼ਰਧਾਂਜਲੀ ਸਮਾਗਮ ਦੋ ਜੁਲਾਈ ਨੂੰ ਪਿੰਡ ਸਤਨੌਰ ਵਿਖੇ ਹੋਵੇਗਾ।

# ਨਵ-ਨਿਯੁਕਤ ਲੈਕਚਰਾਰ ਅਤੇ ਮਾਸਟਰ ਕੇਡਰ ਅਧਿਆਪਕਾਂ ਵੱਲੋਂ ਬਦਲੀਆਂ ਦੀ ਮੰਗ ਨੂੰ ਲੈ ਕੇ ਸਿੱਖਿਆ ਮੰਤਰੀ ਦੇ ਨਾਂ ਮੰਗ ਪੱਤਰ ਸੌਂਪਿਆ

**ਸੰਗਰੂਰ, (ਦਲਜੀਤ ਕੌਰ)–** ਨਵ ਨਿਯੁਕਤ ਅਧਿਆਪਕ ਫਰੰਟ ਪੰਜਾਬ, 569 ਨਵ ਨਿਯੁਕਤ ਲੈਕਚਰਾਰ ਯੂਨੀਅਨ, ਸਮੂਹ 3704 ਅਤੇ 2392 ਅਧਿਆਪਕਾਂ ਵੱਲੋਂ ਸਾਂਝੇ ਰੂਪ ਵਿੱਚ ਬਦਲੀਆਂ ਦੀ ਮੰਗ ਨੂੰ ਲੈ ਕੇ ਲੈਕਚਰਾਰ ਅਮਨਦੀਪ ਕੌਰ ਦੀ ਅਗਵਾਈ ਵਿੱਚ ਲੈਕਚਰਾਰ ਅਤੇ ਮਾਸਟਰ ਕੇਡਰ ਅਧਿਆਪਕ ਦੀਆਂ ਬਦਲੀਆਂ ਸਬੰਧੀ ਸਿੱਖਿਆ ਮੰਤਰੀ ਦੇ ਨਾਂ ਹੇਠ ਮਾਨਯੋਗ ਡੀ।ਸੀ ਸੰ-ਗਰੂਰ ਨੂੰ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਲੈਕਚਰਾਰ ਯੂਨੀਅਨ ਦੇ ਆਗੂ ਮਾਲਵਿੰਦਰ ਸਿੰਘ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਜਿਸ ਤਰ੍ਹਾਂ ਨਵ ਨਿਯੁਕਤ ਮਾਸਟਰ ਕੇਡਰ (3704, 2392) ਦੇ ਅਧਿਆਪਕਾਂ ਨੂੰ ਬਦਲੀ ਦਾ ਵਿਸ਼ੇਸ਼ ਮੌਕਾ ਦਿੱਤਾ ਹੈ, ਉਸੇ ਤਰ੍ਹਾਂ ਹੀ ਮੌਜੂਦਾ ਸਮੇਂ ਵਿੱਚ ਹੋ ਰਹੀਆਂ ਆਨਲਾਈਨ ਬਦਲੀਆਂ ਵਿਚ ਨਵ-ਨਿਯੁਕਤ ਲੈਕਚਰਾਰਾਂ ਨੂੰ ਵੀ ਮੌਕਾ ਦਿੱਤਾ ਜਾਵੇ।



ਫਰੰਟ ਦੇ ਆਗੂ ਜਸਵੀਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਜੱਦੀ ਜ਼ਿਲ੍ਹਿਆਂ ਵਿੱਚ ਲੈਕਚਰਾਰ ਅਤੇ ਅਧਿਆਪਕਾਂ ਦੀਆਂ ਬਹੁਤ ਅਸਾਮੀਆਂ ਖਾਲੀ ਹੋਣ ਦੇ ਬਾਵਜੂਦ ਬਹੁਤ ਸਾਰੇ ਲੈਕਚਰਾਰ ਦੀ ਨਿਯੁਕਤੀ ਘਰਾਂ ਤੋਂ ਦੂਰ ਬਾਰਡਰ ਏਰੀਆ ਵਿਚ ਕੀਤੀ ਗਈ। ਇਸ ਮੌਕੇ ਮੈਡਮ ਗਗਨਦੀਪ ਕੌਰ ਨੇ ਕਿਹਾ ਕਿ 300 ਤੋਂ ਵੱਧ ਵਿਦਿਆਰਥੀਆਂ ਵਾਲੇ ਸਕੂਲਾਂ ਵਿਚ ਬਦਲੀ ਕਰਨ ਦੀ ਸ਼ਰਤ ਨੂੰ ਹਟਾ ਕੇ ਗ੍ਰਹਿ ਜਿਨ੍ਹਾਂ ਤੋਂ ਬਾਹਰ ਤੈਨਾਤ ਅਧਿਆਪਕਾਂ ਨੂੰ ਵਿਸ਼ੇਸ਼ ਮੌਕਾ ਦਿੱਤਾ ਜਾਵੇ। ਇਸ ਮੌਕੇ ਮੈਡਮ ਰੁਪਿੰਦਰ ਕੌਰ, ਗੁਰਪ੍ਰੀਤ ਕੌਰ ਤੇ ਹਰਕੀਰਤ ਕੌਰ ਤੋਂ ਇਲਾਵਾ ਡੈਮੋਕਰੇਟਿਕ ਟੀਚਰਜ਼ ਫਰੰਟ, ਜ਼ਿਲ੍ਹਾ ਦੇ ਆਗੂ ਕੰਵਲਜੀਤ ਸਿੰਘ ਬਨਭੌਰਾ ਵੀ ਹਾਜ਼ਰ ਰਹੇ।

# ਡੈਮੋਕਰੈਟਿਕ ਪੈਨਸ਼ਨਰ ਫਰੰਟ ਵਲੋਂ ਜਬਰੀ ਠੋਸੇ ਵਿਕਾਸ ਕਰ ਦੀਆਂ ਕਾਪੀਆਂ ਫੂਕੀਆਂ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਬੰਗਾ ਚੌਕ ਵਿੱਚ ਸਥਿਤ ਗਾਂਧੀ ਪਾਰਕ ਵਿਖੇ ਸੇਵਾਮੁਕਤ ਮੁਲਾਜ਼ਮਾ ਵਲੋ ਇਕੱਤਰ ਹੋ ਕੇ ਡੈਮੋਕਰੈਟਿਕ ਪੈਨਸ਼ਨਰਜ਼ ਫਰੰਟ ਦੇ ਆਗੂ ਬਲਵੀਰ ਖਾਨਪੁਰੀ ਦੀ ਆਗਵਾਈ ਹੇਠ ਮਾਨ ਸਰਕਾਰ ਵਲੋ ਸਵੇਮੁਕਤ ਮੁਲਾਜ਼ਮਾ 'ਤੇ ਜਬਰੀ ਠੋਸੇ ਵਿਕਾਸ ਕਰ ਦੀਆਂ ਕਾਪੀਆਂ ਸਾੜ ਕੇ ਵਿਰੋਧ ਪ੍ਰਗਟ ਕੀਤਾ। ਇਸ ਸਮੇ ਸੰਬੋਧਨ ਕਰਦਿਆਂ ਪੈਨਸ਼ਨਰ ਆਗੂਆਂ ਹੰਸ ਰਾਜ ਗੜ੍ਹਸੰਕਰ ਅਤੇ ਅਮਰਜੀਤ ਬੰਗੜ ਨੇ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਜਿਸ ਨੇ ਸੱਤਾ ਵਿੱਚ ਆਣ ਤੋ ਪਹਿਲਾਂ ਚੋਣਾ ਦੌਰਾਨ ਪੰਜਾਬ ਦੇ ਲੋਕਾਂ ਤੇ ਮੁਲਾਜ਼ਮ ਨਾਲ ਉਹਨਾਂ ਦੀਆਂ ਮੰਗਾਂ ਨੂੰ ਪਹਿਲ ਦੇ ਹੱਲ ਕਰਨ ਦੀ ਗਰੰਟੀ ਦਿੱਤੀ ਸੀ ਪਰ ਹੁਣ ਸੱਤਾ ਦੇ ਨਸ਼ੇ ਵਿੱਚ ਚੂਰ ਹੋ ਕੇ ਮੁਲਾਜ਼ਮਾ ਦੀਆਂ ਮੰਗਾਂ



ਮਸਲਿਆਂ ਨੂ ਹੱਲ ਤਾਂ ਕੀ ਕਰਨਾ ਸੀ ਉਲਟਾ ਹੁਣ ਸੇਵਾਮੁਕਤ ਮੁਲਾਜ਼ਮਾ ਤੇ ਵਿਕਾਸ ਦੇ ਨਾਮ ਤੇ 200 ਰੁਪਏ ਪ੍ਰਤੀ ਮਹੀਨਾ ਵਿਕਾਸ ਕਰ ਲਗਾ ਦਿੱਤਾ ਹੈ ਜਿਸਨੂੰ ਪੈਨਸ਼ਨਰ ਕਦੇ ਵੀ ਬਰਦਾਸ਼ਤ ਨਹੀ ਕਰਨਗੇ।ਫਰੰਟ ਆਗੂਆਂ ਅਜੀਤ ਸਿੰਘ ਬੋੜਾ ਅਤੇ ਗੁਰਮੇਲ ਸਿੰਘ ਨੇ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਇਹ ਕਰ ਵਾਪਸ ਨਾ ਲਿਆ ਤਾਂ ਸਰਕਾਰ ਨੂੰ ਗੰਭੀਰ ਸਿੱਟੇ ਭੁਗਤਨ ਲਈ ਤਿਆਰ ਰਹਿਣਾ ਚਾਹੀਦਾ ਹੈ ਇਸ ਸਮੇ ਗੁਰਮੇਲ ਸਿੰਘ,ਸੱਤਪਾਲ ਸਿੰਘ,ਪ੍ਰਿੰਸੀਪਲ ਡਾ ਬਿੱਕਰ ਸਿੰਘ, ਸ੍ਰੀ ਹਰਦੇਵ ਰਾਏ ਚੀਫ ਮੈਨੇਜਰ, ਰਾਜੇਸ਼ ਕੁਮਾਰ, ਡੀ ਟੀ ਐੱਫ ਦੇ ਸੂਬਾ ਆਗੂ ਮੁਕੇਸ਼ ਕੁਮਾਰ, ਸੁਖਦੇਵ ਡਾਨਸੀਵਾਲ ਮਨਜੀਤ ਸਿੰਘ ਬੰਗਾ ਅਤੇ ਪ੍ਰਦੀਪ ਕੁਮਾਰ ਆਦਿ ਹਾਜ਼ਰ ਸਨ।

# ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਿਜ ਲੁਧਿਆਣਾ ਵੱਲੋਂ ਚਾਰ ਕਿਤਾਬਾਂ ਸੁੱਖੀ ਬਾਠ, ਸ ਪ ਸਿੰਘ ਤੇ ਗੁਰਭਜਨ ਗਿੱਲ ਵੱਲੋਂ ਲੋਕ ਅਰਪਣ

**ਲੁਧਿਆਣਾ–** ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਅਤੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਪੰਜਾਬ ਭਵਨ ਸਰੀ ਕੈਨੇਡਾ ਦੇ ਸੰਸਥਾਪਕ ਅਤੇ ਉਘੇ ਸਮਾਜ ਸੇਵੀ ਸੁੱਖੀ ਬਾਠ ਨਾਲ ਸੰਵਾਦ ਪ੍ਰੋਗਰਾਮ ਮੌਕੇ ਚਾਰ ਕਿਤਾਬਾਂ ਦਾ ਲੋਕ ਅਰਪਣ ਕੀਤਾ ਗਿਆ। ਇਹ ਕਿਤਾਬਾਂ ਕਾਲਿਜ ਪ੍ਰਿੰਸੀਪਲ ਡਾ ਅਰਵਿੰਦਰ ਸਿੰਘ ਭੱਲਾ, ਪ੍ਰੋ ਮੁਨੀਸ਼ਾ ਤੇ ਅੰਗ੍ਰੇਜ਼ੀ ਵਿਭਾਗ ਦੀਆਂ ਪ੍ਰੋਫੈਸਰਜ਼ ਡਾ ਸੁਸ਼ਮਿੰਦਰਜੀਤ ਕੌਰ, ਡਾ ਮਨਦੀਪ ਕੌਰ ਰੰਧਾਵਾ ਤੇ ਡਾ ਗੁਣਜੋਤ ਕੌਰ ਵੱਲੋਂ ਲਿਖੀਆਂ ਤੇ ਸੰਪਾਦਿਤ ਕੀਤੀਆਂ ਗਈਆਂ ਹਨ। ਪ੍ਰੋਗਰਾਮ ਦੇ ਆਰੰਭ ਵਿੱਚ ਡਾ. ਸ. ਪ. ਸਿੰਘ ਸਾਬਕਾ ਵਾਈਸ-ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੇ ਪ੍ਰਧਾਨ ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ ਨੇ ਸਭ ਨੂੰ ਰਸਮੀ ਤੌਰ 'ਤੇ ਜੀ ਆਇਆ ਕਿਹਾ ਅਤੇ ਦੱਸਿਆ ਕਿ ਪੰਜਾਬ ਭਵਨ ਕੈਨੇਡਾ ਅਤੇ ਪਰਵਾਸੀ ਸਾਹਿਤ ਅਧਿਅਨ ਕੇਂਦਰ 2016 ਤੋਂ ਆਪਸ ਵਿਚ ਸਹਿਯੋਗੀ ਸੰਸਥਾਵਾਂ ਹਨ।



ਪਰਵਾਸੀ ਪੰਜਾਬੀ ਸਾਹਿਤ ਅਤੇ ਪੰਜਾਬੀ ਭਾਸ਼ਾ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਆਪਸ ਵਿਚ ਸਹਿਮਤੀ ਪੱਤਰ ਸਭ ਤੋਂ ਪਹਿਲਾਂ ਇਨ੍ਹਾਂ ਦੋਹਾਂ ਸੰਸਥਾਵਾਂ ਵਿਚਕਾਰ ਹੀ ਹੋਇਆ ਸੀ। ਸਰੀ(ਕੈਨੇਡਾ ਤੋਂ ਆਏ ਸ. ਸੁੱਖੀ ਬਾਠ ਨੇ ਇਸ ਮੌਕੇ 'ਤੇ ਬੋਲਦੇ ਹੋਏ ਕਿਹਾ ਕਿ ਪੰਜਾਬ ਭਵਨ ਸਰੀ ਪਰਵਾਸੀ ਸਾਹਿਤ ਅਧਿਅਨ ਕੇਂਦਰ ਨਾਲ ਜੁੜ ਕੇ ਮਾਣ ਮਹਿਸੂਸ ਕਰਦਾ ਹੈ। ਦੋਵੇਂ ਸੰਸਥਾਵਾਂ ਪੂਰੀ ਇਮਾਨਦਾਰੀ ਅਤੇ ਵਚਨਬੱਧਤਾ ਨਾਲ ਭਾਸ਼ਾ ਅਤੇ ਸਾਹਿਤ ਦੇ ਨਿਰੰਤਰ ਪ੍ਰਸਾਰ ਲਈ ਕਾਰਜਸ਼ੀਲ ਰਹਿਣਗੀਆਂ। ਉਨ੍ਹਾਂ ਨੇ ਇਸ ਮੌਕੇ ਪੰਜਾਬ ਭਵਨ ਦੀਆਂ ਭਵਿੱਖ ਦੀਆਂ ਸਰਗਰਮੀਆਂ ਵੀ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਪ੍ਰੋ. ਗੁਰਭਜਨ ਸਿੰਘ ਗਿੱਲ ਪ੍ਰਧਾਨ ਪੰਜਾਬੀ ਲੋਕ ਵਿਰਾਸਤ ਅਕੈਡਮੀ ਲੁਧਿਆਣਾ ਨੇ ਇਸ ਮੌਕੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕੀ ਮੈਨੂੰ ਅਤਿਅੰਤ ਖੁਸ਼ੀ ਹੈ ਕਿ ਸੁੱਖੀ ਬਾਠ ਨੇ ਆਪਣੇ ਪਿਤਾ ਸਰਦਾਰ ਅਰਜਨ ਸਿੰਘ ਬਾਠ ਦੀ ਯਾਦ ਵਿਚ ਸਥਾਪਤ ਕੀਤਾ। ਪੰਜਾਬ ਭਵਨ ਸਰੀ ਦੁਨੀਆ ਭਰ ਦੇ ਲੇਖਕਾਂ ਆਲੋਚਕ ਅਤੇ ਸਾਹਿਤ ਪ੍ਰੇਮੀਆਂ ਲਈ ਮੱਕੇ ਮਦੀਨੇ ਦੀ ਨਿਆਈ ਹੋ ਨਿੱਬੜਿਆ ਹੈ ਜਿੱਥੇ ਪੰਜਾਬੀ ਤੋਂ ਇਲਾਵਾ ਹੋਰਨਾਂ ਭਾਸ਼ਾਵਾਂ ਦੀ ਲੋੜ ਹੁੰਦੀ ਹੈ। ਆਪਣੇ ਸਾਹਿਤਕ ਤੇ ਸਭਿਆਚਾਰਕ ਪ੍ਰੋਗਰਾਮ ਕਰਨ ਵਿਚ ਮਾਣ ਮਹਿਸੂਸ ਕਰਦੇ ਹਨ।

ਸੇਵਾਮੁਕਤ ਪੁਲੀਸ ਕਮਿਸ਼ਨਰ ਸ ਗੁਰਪ੍ਰੀਤ ਸਿੰਘ ਤੂਰ ਨੇ ਸੁੱਖੀ ਬਾਠ ਵੱਲੋਂ ਦੇਸ਼ ਬਦੇਸ਼ ਵਿੱਚ ਨਿਭਾਈਆਂ ਜਾ ਰਹੀਆਂ ਸਾਹਿੱਤਕ, ਸੱਭਿਆਚਾਰਕ ਤੇ ਸਮਾਜਿਕ ਜ਼ੁੰਮੇਵਾਰੀਆਂ ਦੀ ਸ਼ਲਾਘਾ ਕੀਤੀ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ ਅਰਵਿੰਦਰ ਸਿੰਘ ਦੀ ਪੰਜਾਬੀ ਵਾਰਤਕ ਪੁਸਤਕ "ਪਗਡੰਡੀਆਂ ਤੋ ਸ਼ਾਹਰਾਹ ਤੱਕ", ਅੰਗਰੇਜ਼ੀ ਵਿਭਾਗ ਦੇ ਮੁਖੀ ਡਾ ਸੁਸ਼ਮਿੰਦਰਜੀਤ ਕੌਰ, ਡਾ. ਹਰਗੁਣਜੋਤ ਕੌਰ ਅਤੇ ਡਾ. ਮਨਦੀਪ ਕੌਰ ਵੱਲੋਂ ਸੰਪਾਦਤ ਦੋ ਪੁਸਤਕਾਂ "ਆਵਰ ਟਾਈਮ ਸਟੋਰੀਜ਼ ਅਤੇ ਕਾਮਰਸ ਵਿਭਾਗ ਦੇ ਪ੍ਰੋ. ਮਨੀਸ਼ਾ ਦਾ ਹਿੰਦੀ ਕਾਵਿ ਸੰਗ੍ਰਹਿ "ਸਿਸਕੀਆਂ" ਵੀ ਲੋਕ ਅਰਪਣ ਕੀਤਾ ਗਿਆ। ਇਹਨਾਂ ਪੁਸਤਕਾਂ ਦੇ ਲੇਖਕਾਂ ਵੱਲੋਂ ਸਰੋਤਿਆਂ ਨਾਲ ਆਪਣੀਆਂ ਕਿਤਾਬਾਂ ਦੇ ਬਾਰੇ ਜਾਣਕਾਰੀ ਵੀ ਸਾਂਝੀ ਕੀਤੀ ਗਈ।

ਪ੍ਰੋਗਰਾਮ ਦੇ ਅਖੀਰ ਤੇ ਕਾਲਜ ਦੇ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਭੱਲਾ ਵੱਲੋਂ ਸਭ ਦਾ ਰਸਮੀ ਤੌਰ 'ਤੇ ਧੰਨਵਾਦ ਕੀਤਾ ਗਿਆ। ਉਹਨਾਂ ਨੇ ਕਿਹਾ ਕਿ ਸੁੱਖੀ ਬਾਠ ਜੀ ਨਾਲ ਸਾਂਝ ਸਾਡੀ ਇਹ ਸੰਸਥਾ ਅਤੇ ਪਰਵਾਸੀ ਸਾਹਿਤ ਅਧਿਅਨ ਕੇਂਦਰ ਨੂੰ ਸਕਾਰਾਤਮਕ ਊਰਜਾ ਦਿੰਦੀ ਹੈ। ਇਸ ਮੌਕੇ ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ ਦੇ ਜਨਰਲ ਸਕੱਤਰ ਸ. ਹਰਸ਼ਰਨ ਸਿੰਘ ਨਰੂਲਾ, ਮੈਂਬਰ ਸ। ਹਰਦੀਪ ਸਿੰਘ, ਸ। ਕੁਲਜੀਤ ਸਿੰਘ, ਡਾ. ਗੁਰਇਕਬਾਲ ਸਿੰਘ ਜਨਰਲ ਸਕੱਤਰ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ, ਪ੍ਰੋ. ਮਨਜੀਤ ਸਿੰਘ ਛਾਬੜਾ ਡਾਇਰੈਕਟਰ ਜੀ.ਜੀ.ਐਨ.ਆਈ.ਐਮ.ਟੀ. ਰੀਟ. ਪੁਲੀਸ ਕਮਿਸ਼ਨਰ ਸ। ਗੁਰਪ੍ਰੀਤ ਸਿੰਘ ਤੂਰ, ਸ਼ਾਇਰ ਤ੍ਰੈਲੋਚਨ ਲੋਚੀ ਅਤੇ ਸਹਿਜਪ੍ਰੀਤ ਸਿੰਘ ਮਾਂਗਟ ਮੀਤ ਪ੍ਰਧਾਨ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ, ਪ੍ਰੋ ਰਵਿੰਦਰ ਭੱਠਲ ਸਾਬਕਾ ਪ੍ਰਧਾਨ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ, ਪ੍ਰੀਤ ਹੀਰ ਸੰਚਾਲਕ ਪੰਜਾਬ ਭਵਨ ਜਲੰਧਰ, ਪੰਜਾਬੀ ਕਵੀ ਰਾਜਦੀਪ ਸਿੰਘ ਤੂਰ, ਰਾਜਵਿੰਦਰ ਸਮਰਾਲਾ, ਨੂਰ ਕੰਵਲ ਤੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੇ ਮੁਖੀ ਪ੍ਰੋ ਸ਼ਰਨਜੀਤ ਕੌਰ, ਡਾ। ਦਲੀਪ ਸਿੰਘ, ਪ੍ਰੋ. ਨਿਧੀ ਭਨੋਟ ਅਤੇ ਕਾਲਜ ਦੇ ਵੱਖ-ਵੱਖ ਵਿਭਾਗਾਂ ਦੇ ਅਧਿਆਪਕ ਸਾਹਿਬਾਨ ਹਾਜ਼ਰ ਰਹੇ। ਡਾ. ਤੇਜਿੰਦਰ ਕੌਰ ਕੋਆਰਡੀਨੇਟਰ ਪਰਵਾਸੀ ਸਾਹਿਤ ਅਧਿਐਨ ਕੇਂਦਰ ਨੇ ਪ੍ਰੋਗਰਾਮ ਦਾ ਜੀਵੰਤ ਸੰਚਾਲਨ ਕੀਤਾ।

# ਪੰਜਾਬ ਸਰਕਾਰ ਦੇ ਲਗਾਏ ਜਜ਼ੀਆ ਟੈਕਸ ਦੀ ਭਾਜਪਾ ਘੋਰ ਨਿੰਦਾ ਕਰਦੀ ਹੈ- ਸ਼ੁਭਾਸ ਸ਼ਰਮਾ

**ਚੰਡੀਗੜ–** ਪੰਜਾਬ ਸਰਕਾਰ ਵੱਲੋਂ ਆਪਣੇ ਰਿਟਾਇਰ ਮੁਲਾਜ਼ਮਾਂ, ਪੈਨਸ਼ਨਰਾਂ ਤੇ ਲਗਾਏ, ਪੰਜਾਬ ਸਟੇਟ ਡਿਵੈਲਪਮੈਟ ਟੈਕਸ ਨੂੰ ਜਜ਼ੀਆ ਟੈਕਸ ਕਰਾਰ ਦਿੰਦੇ ਹੋਏ ਪੰਜਾਬ ਭਾਜਪਾ ਦੇ ਸੂਬਾ ਮੀਤ ਪ੍ਰਧਾਨ ਸ਼ੁਭਾਸ ਸ਼ਰਮਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਵੱਡੇ ਵੱਡੇ ਝੂਠੇ ਵਾਅਦੇ ਕਰਕੇ ਸੱਤਾ ਹਥਿਆਉਣ ਤੋ ਬਾਅਦ ਪੰਜਾਬ ਦੇ ਲੋਕਾ ਦੀ ਦੁਸ਼ਮਣ ਬਣੀ ਹੋਈ ਹੈ ,ਪੰਜਾਬ ਦਾ ਹਰ ਵਰਗ ਇਸ ਸਰਕਾਰ ਤੋ ਦੇਖੀ ਹੋ ਚੁੱਕਾ ਹੈ ਤੇ ਆਪਣੇ ਆਪ ਨੂੰ ਠੱਗਿਆ ਹੋਇਆ ਮਹਿਸੂਸ ਕਰ ਰਿਹਾ ਹੈ। ਸ਼ੁਭਾਸ ਸਰਮਾ ਨੇ ਕਿਹਾ ਕਿ ਇੱਕ ਪਾਸੇ ਭਗਵੰਤ ਮਾਨ ਸਰਕਾਰ ਬਿਜਲੀ ਫ੍ਰੀ ਦੇਣ ਦਾ ਡਰਾਮਾ ਕਰ ਰਹੀ ਹੈ, ਦੂਸਰੇ ਪਾਸੇ ਪੈਟਰੋਲ, ਡੀਜ਼ਲ, ਰਜਿਸਟਰੀਆਂ ਤੇ ਹੋਰ ਰੋਜ ਮਰਾਰਾ ਦੀਆਂ ਚੀਜ਼ਾਂ ਆਦਿ ਮਹਿੰਗੀਆਂ ਕਰਕੇ ਦੁੱਗਣਾ ਲੁੱਟ ਰਹੀ ਹੈ। ਉਹਨਾਂ ਕਿਹਾ ਕਿ ਸਾਡੀਆਂ ਭੈਣਾਂ, ਬੀਬੀਆਂ, ਔਰਤਾਂ ਹਜ਼ਾਰ ਰੁਪਏ ਮਹੀਨਾ ਭੱਤਾ ਦੀ ਉਡੀਕ ਕਰ ਰਹੀਆਂ ਹਨ, ਸਰਕਾਰ ਨੇ ਭੱਤਾ ਦੇਣ ਦਾ ਐਲਾਨ ਤਾਂ ਕੀ ਕਰਨਾ ਸੀ ,ਉਲਟਾ ਪੰਜਾਬ ਸਟੇਟ ਡਿਵੈਲਪਮੈਂਟ ਟੈਕਸ ਲਗਾਕੇ ਪਰਿਵਾਰਾਂ ਤੇ ਹੋਰ ਵਿੱਤੀ ਬੋਝ ਪਾ ਦਿੱਤਾ ਹੈ, ਜਿਸ ਦੀ ਪੰਜਾਬ ਭਾਜਪਾ ਸਖਤ ਸ਼ਬਦਾਂ ਵਿੱਚ ਨਿੰਦਾ ਕਰਦੀ ਹੋਈ, ਪੰਜਾਬ ਸਰਕਾਰ ਤੋ ਮੰਗ ਕਰਦੀ ਹੈ ਕਿ ਲਗਾਏ ਗਏ ਇਸ ਜਜ਼ੀਏ ਟੈਕਸ ਨੂੰ ਤੁਰੰਤ ਵਾਪਸ ਲਵੇ।



# ਮਰਨ ਉਪਰੰਤ ਮੈਡੀਕਲ ਕਾਲਜ ਪਟਿਆਲਾ ਨੂੰ ਕੈਪਟਨ ਓਮ ਪ੍ਰਕਾਸ ਜੀ ਦਾ ਸਰੀਰ ਕੀਤਾ ਦਾਨ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਮਾਨਵਤਾ ਦੀ ਸੇਵਾ ਹਿੱਤ ਕੈਪਟਨ ਓਮ ਪ੍ਰਕਾਸ ਪੁੱਤਰ ਸ਼੍ਰੀ ਸਾਧੂ ਰਾਮ ਉਮਰ 90 ਸਾਲ ਪਿੰਡ ਰਾਮਪੁਰ ਬਿਲੜੋ ਦਾ ਮ੍ਰਿਤਕ ਸਰੀਰ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਉਨ੍ਹਾਂ ਦੀ ਨੂੰਹ ਪ੍ਰਵੀਨ ਕੁਮਾਰੀ ਪੋਤਰੇ ਰਾਜ ਕੁਮਾਰ, ਅਨੁਜ ਕੁਮਾਰ ਅਤੇ ਪਰਿਵਾਰਿਕ ਮੈਂਬਰਾਂ ਮਨਜੀਤ ਪਾਲ ਸਿੰਘ, ਪ੍ਰੇਮ ਕੁਮਾਰ ਵਲੋਂ ਸਰਕਾਰੀ ਰਜਿੰਦਰਾ ਮੈਡੀਕਲ ਕਾਲਜ ਪਟਿਆਲਾ ਨੂੰ ਰੋਟਰੀ ਆਈ ਬੈਂਕ ਅਤੇ ਕੋਰਨੀਅਲ ਟਰਾਂਸਪਲਾਟ ਸੁਸਾਇਟੀ ਹੁਸ਼ਿਆਰਪੁਰ ਰਾਹੀਂ ਰਿਸ਼ਰਚ ਲਈ ਭੇਜਿਆ ਗਿਆ। ਇਸ ਮੌਕੇ ਤੇ ਪਿੰਡ ਦੇ ਪਤਵੰਤੇ ਸੱਜਣਾ, ਰਿਸ਼ਤੇਦਾਰਾਂ ਤੇ ਪਰਿਵਾਰਕ ਮੈਂਬਰਾਂ ਤੋਂ ਇਲਾਵਾਂ ਰੋਟਰੀ ਆਈ ਬੈਂਕ ਅਤੇ ਕੋਰਨੀਅਲ ਟਰਾਂਸਪਲਾਟ ਸੁਸਾਇਟੀ ਵਲੋਂ ਸੰਸਥਾ ਦੇ ਚੇਅਰਮੈਨ ਜੇ। ਬੀ ਬਹਿਲ ਡਾਕਟਰ ਤਰਸੇਮ ਸਿੰਘ, ਮਦਨ ਲਾਲ ਸਰਜਾਨ ਕੈਸੀਅਰ, ਮੈਂਬਰ ਜਸਵੀਰ ਸਿੰਘ, ਸਿਵਲ ਹਸਪਤਾਲ ਗੜ੍ਹਸ਼ੰਕਰ ਤੋਂ ਡਾਕਟਰ ਰਮਨ ਕੁਮਾਰ ਸੀਨੀਅਰ ਮੈਡੀਕਲ ਅਫ਼ਸਰ ਤੇ ਪਿੰਡ ਦੇ ਹੋਰ ਬਹੁਤ ਸਾਰੇ ਸ਼ਰੀਰ ਦਾਨੀ ਮੌਜੂਦ ਸਨ। ਡਾਕਟਰ ਤਰਸੇਮ ਸਿੰਘ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਆਪਣੀਆਂ ਅੱਖਾਂ ਦਾਨ ਕਰਨ ਤਾਂ ਜੋ ਮਰਨ ਉਪਰੰਤ ਉਹ ਵਿਅਕਤੀ ਦੋ ਹੋਰ ਅੰਨ੍ਹੇ ਲੋਕਾਂ ਨੂੰ ਰੋਸ਼ਨੀ ਪ੍ਰਦਾਨ ਕਰ ਸਕਣ। ਡਾਕਟਰ ਰਮਨ ਕੁਮਾਰ ਨੇ ਕੈਪਟਨ ਓਮ ਪ੍ਰਕਾਸ਼ ਦੀ ਇੱਛਾ ਅਨੁਸਾਰ ਉਨ੍ਹਾਂ ਦਾ ਸਰੀਰ ਦਾਨ ਕਰਨ ਲਈ ਪਰਿਵਾਰ ਦਾ ਧੰਨਵਾਦ ਕੀਤਾ। ਜੇ ਬੀ ਬਹਿਲ ਚੇਅਰਮੈਨ ਨੇ ਲੋਕਾਂ ਨੂੰ ਕਿਹਾ ਕਿ ਜੋ ਵੀ ਅੱਖਾਂ ਦੀ ਪੁਤਲੀ ਤੋਂ ਪੀੜਤ ਵਿਅਕਤੀ ਹੈ, ਉਹ ਸਾਡੀ ਸੰਸਥਾ ਨਾਲ ਸੰਪਰਕ ਕਰੇ ਅਸੀਂ ਦਾਨੀ ਸੱਜਣਾ ਦੇ ਸਹਿਯੋਗ ਨਾਲ ਇਹ ਸੇਵਾ ਫ੍ਰੀ ਕਰ ਰਹੇ ਹਾਂ ਤੇ ਉਸ ਲੋੜਵੰਦਾ ਨੂੰ ਪੁੱਤਲੀ ਪੁਆ ਕੇ ਦਿੱਤੀ ਜਾਵੇਗੀ। ਮਦਨ ਲਾਲ ਸਰਜਨ ਨੇ ਦੱਸਿਆ ਕਿ ਇਸ ਪਿੰਡ ਵਿਚ ਸਭ ਤੋਂ ਜਿਆਦਾ ਸ਼ਰੀਰ ਦਾਨੀ ਹਨ। ਜਿੱਥੇ ਇਹ ਜਿਕਰਯੋਗ ਹੈ ਕਿ ਕੈਪਟਨ ਓਮ ਪ੍ਰਕਾਸ਼ ਦੀ ਨੂੰਹ ਪ੍ਰਵੀਨ ਕੁਮਾਰੀ ਨੇ ਵੀ ਆਪਣਾ ਸ਼ਰੀਰ ਦਾਨ ਕੀਤਾ ਹੋਇਆ ਹੈ। ਮੈਡੀਕਲ ਕਾਲਜ ਵਿਚ ਮ੍ਰਿਤਕ ਸ਼ਰੀਰ ਦੀ ਬਹੁਤ ਮਹੱਤਤਾ ਹੈ। ਇਸ ਤੇ ਰਿਸ਼ਰਚ ਕਰਕੇ ਵੱਖ ਵੱਖ ਵੱਖ ਬਿਮਾਰੀਆਂ ਦੇ ਡਾਕਟਰ ਅੱਗੇ ਲੋਕਾਂ ਦਾ ਇਲਾਜ਼ ਕਰਦੇ ਹਨ। ਕੈਪਟਨ ਸਾਹਿਬ ਨੇ ਸੰਨ 2005 ਚ ਆਪਣੇ ਸ਼ਰੀਰ ਨੂੰ ਦਾਨ ਕਰਨ ਦੀ ਵਸੀਅਤ ਬਣਾਈ ਸੀ ਜੋ ਕਿ ਮਰਨ ਉਪਰੰਤ ਉਨ੍ਹਾਂ ਦੇ ਸਰੀਰ ਨੂੰ ਮੈਡੀਕਲ ਖੋਜ ਕਰਨ ਲਈ ਭੇਜ ਦਿੱਤਾ ਜਾਵੇਂ। ਇਸ ਲਈ ਸਾਨੂੰ ਵੀ ਉਹਨਾ ਤੋਂ ਪ੍ਰੇਰਨਾ ਲੈ ਕੇ ਆਪਣੀ ਜਿੰਦਗੀ ਨੂੰ ਸਫਲ ਕਰਨਾ ਚਾਹੀਦਾ ਹੈ। ਜਿੱਥੇ ਅਸੀਂ ਜਿਸਦੇ ਸਮੇਂ ਲੋਕਾਂ ਦੇ ਕੰਮ ਆਉਂਦੇ ਹਾਂ ਉਥੇ ਸਾਨੂੰ ਸ਼ਰੀਰ ਛੱਡ ਜਾਣ ਤੋਂ ਬਾਅਦ ਵੀ ਇਸ ਰੀਤ ਨੂੰ ਚੱਲਦਾ ਰੱਖਣਾ ਚਾਹੀਦਾ ਹੈ ਜਿਸ ਨਾਲ ਕਿਸੇ ਦੀ ਕੀਮਤੀ ਜਿੰਦਗੀ ਨੂੰ ਫਾਇਦਾ ਹੋ ਸਕੇ।



# ਕੌਮੀ ਸਿੱਖਿਆ ਨੀਤੀ ਤੇ ਚਰਚਾ ਮੁਲਤਵੀ

**ਜਲੰਧਰ–** ਦੇਸ਼ ਭਗਤ ਯਾਦਗਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਲਿਖਤੀ ਪ੍ਰੈਸ ਬਿਆਨ ਰਾਹੀਂ ਦੱਸਿਆ ਕਿ ਕੌਮੀ ਸਿੱਖਿਆ ਨੀਤੀ: 2020 ਸਬੰਧੀ 24 ਜੂਨ ਸ਼ਨਿਚਰਵਾਰ ਸਵੇਰੇ 10:30 ਵਜੇ ਹੋਣ ਵਾਲੀ ਵਿਚਾਰ-ਚਰਚਾ ਦੇ ਮੁੱਖ ਬੁਲਾਰੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪ੍ਰੋ. ਕੁਲਦੀਪ ਪੁਰੀ ਹੋਰਾਂ ਦੀ ਸਿਹਤ ਨਾਸਾਜ਼ ਹੋਣ ਕਾਰਨ ਮੁਲਤਵੀ ਕਰਨੀ ਪੈ ਰਹੀ ਹੈ। ਢੁੱਕਵੇਂ ਸਮੇਂ ਤਾਰੀਕ ਬਾਰੇ ਬਾਅਦ ਵਿੱਚ ਸੂਚਿਤ ਕੀਤਾ ਜਾਵੇਗਾ।

# ਵਿੱਤ ਵਿਭਾਗ ਵੱਲੋਂ ਪੈਨਸ਼ਨਰਾਂ/ਰਿਟਾਇਰ ਮੁਲਾਜ਼ਮਾਂ ਦਾ ਡਿਵੈਲਪਮੈਂਟ ਟੈਕਸ ਕੱਟਣ ਸਬੰਧੀ ਪੱਤਰ ਜਾਰੀ

**ਚੰਡੀਗੜ੍ਹ, (ਦਲਜੀਤ ਕੌਰ)–** ਪੰਜਾਬ ਸਰਕਾਰ ਦੇ ਵਿੱਤ ਵਿਭਾਗ (ਵਿੱਤ ਖਰਚਾ-5 ਸ਼ਾਖਾ) ਵੱਲੋਂ ਪੱਤਰ ਜਾਰੀ ਕਰ ਪੈਨਸ਼ਨਰਾਂ/ਰਿਟਾਇਰ ਮੁਲਾਜ਼ਮਾਂ (ਫਣਸਿੋਨੲਰ/ੲਟਰਿੲੲਸ) ਦਾ ਪੰਜਾਬ ਸਟੇਟ ਡਿਵੈਲਪਮੈਂਟ ਟੈਕਸ ਕੱਟਣ ਦੀ ਤਜਵੀਜ਼ ਨੂੰ ਵਿਚਾਰਨ ਉਪਰੰਤ ਆਪਣੀ ਪ੍ਰਵਾਨਗੀ ਦਿੱਤੀ ਗਈ ਹੈ। ਹੁਣ ਪੰਜਾਬ ਦੇ ਸਮੂਹ ਪੈਨਸ਼ਨਰਾਂ/ਰਿਟਾਇਰਡ ਸਰਕਾਰੀ ਮੁਲਾਜ਼ਮਾਂ (ਫਣਸਿੋਨੲਰ/ੲਟਰਿੲੲਸ) ਦੀ ਪੈਨਸ਼ਨ ਵਿੱਚੋਂ 200 ਰੁਪਏ ਪ੍ਰਤੀ ਮਹੀਨਾ ਪੰਜਾਬ ਸਟੇਟ ਡਿਵੈਲਪਮੈਂਟ ਟੈਕਸ ਕੱਟਿਆ ਜਾਵੇਗਾ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸਿਰਫ਼ ਮੌਜੂਦਾ ਸਮੇਂ ਵਿੱਚ ਕੰਮ ਕਰਦੇ ਸਰਕਾਰੀ ਮੁਲਾਜ਼ਮਾਂ ਦਾ ਹੀ ਡਿਵੈਲਪਮੈਂਟ ਟੈਕਸ ਕੱਟਿਆ ਜਾਂਦਾ ਸੀ।

# ਪੰਜਾਬ ਸਰਕਾਰ ਲੋਕਾਂ ਤੇ ਨਵੇਂ ਤੋਂ ਨਵਾਂ ਬੋਝ ਪਾਉਣਾ ਬੰਦ ਕਰੇ: ਮਨਜੀਤ ਸਿੰਘ ਧਨੇਰ

**ਚੰਡੀਗੜ੍ਹ, (ਦਲਜੀਤ ਕੌਰ)–** ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸੂਬਾ ਕਾਰਜਕਾਰੀ ਪ੍ਰਧਾਨ ਮਨਜੀਤ ਸਿੰਘ ਧਨੇਰ ਅਤੇ ਸੂਬਾ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਪੰਜਾਬ ਸਰਕਾਰ ਵੱਲੋਂ 'ਪਾਵਰ ਆਫ ਅਟਾਰਨੀ' (ਮੁਖਤਿਆਰਨਾਮਾ) ਦੇਣ ਲਈ ਜਾਇਦਾਦ ਦੀ ਕੀਮਤ ਦਾ ਦੋ ਪ੍ਰਤੀਸ਼ਤ ਅਸ਼ਟਾਮ ਫੀਸ ਲਾਉਣ ਦੀ ਸਖ਼ਤ ਨਿਖੇਧੀ ਕਰਦਿਆਂ ਇਸ ਨੂੰ ਵਾਪਸ ਲੈਣ ਦੀ ਮੰਗ ਕੀਤੀ ਹੈ।



ਉਹਨਾਂ ਕਿਹਾ ਕਿ ਪਹਿਲਾਂ ਪਾਵਰ ਆਫ਼ ਅਟਾਰਨੀ ਦਾ ਰੇਟ ਫਿਕਸ ਸੀ, ਚਾਹੇ ਪ੍ਰਾਪਟੀ ਦੀ ਕੀਮਤ ਕੁੱਝ ਵੀ ਹੋਵੇ। ਬਹੁਤ ਸਾਰੇ ਸੌਦੇ ਬਿਆਨੇ ਤੋਂ ਬਾਅਦ ਮੁਖਤਿਆਰਨਾਮੇ ਦੇ ਅਧਾਰ ਤੇ ਅੱਗੇ ਤੋਂ ਅੱਗੇ, ਥਰਡ ਪਾਰਟੀ ਨੂੰ ਹੋ ਜਾਂਦੇ ਸਨ। ਹੁਣ ਖ਼ੂਨ ਦੇ ਰਿਸ਼ਤੇ ਵਿੱਚ ਪਾਵਰ ਆਫ਼ ਅਟਾਰਨੀ ਮੁਫ਼ਤ ਕਰ ਦਿੱਤੀ ਹੈ, ਵੈਸੇ ਖ਼ੂਨ ਦੇ ਰਿਸ਼ਤੇ ਵਿੱਚ ਪਹਿਲਾਂ ਵੀ ਰਜਿਸਟਰੀ ਮੁਫ਼ਤ ਹੀ ਹੈ। ਪਰ ਖ਼ੂਨ ਦੇ ਰਿਸ਼ਤੇ ਤੋਂ ਬਿਨ੍ਹਾਂ ਹੋਰ ਕਿਸੇ ਨੂੰ ਪਾਵਰ ਆਫ਼ ਅਟਾਰਨੀ ਦੇਣ ਲਈ ਹੁਣ ਜਾਇਦਾਦ ਦੀ ਕੁੱਲ ਕੀਮਤ ਤੇ 2 ਪ੍ਰਤੀਸ਼ਤ ਅਸ਼ਟਾਮ ਫੀਸ ਲੱਗੇਗੀ। ਜੇ ਕਿਸੇ ਨੇ ਇਕ ਕਰੋੜ ਰੁਪਏ ਦੇ ਮੁੱਲ ਦੇ ਪੰਜ ਕਿੱਲਿਆਂ ਦੀ ਪਾਵਰ ਆਫ਼ ਅਟਾਰਨੀ ਲੈਣੀ ਹੈ ਤਾਂ ਦੋ ਲੱਖ ਰੁਪਏ ਦੇ ਅਸਟਾਮ ਲਾਉਣੇ ਪੈਣਗੇ। ਪਹਿਲਾਂ ਇਹ ਕੰਮ ਦੋ ਚਾਰ ਹਜ਼ਾਰ ਨਾਲ ਹੋ ਜਾਂਦਾ ਸੀ। ਇਸ ਤੋਂ ਅੱਗੇ ਰਜਿਸਟਰੀ ਕਰਵਾਉਣ ਵੇਲੇ ਇੰਤਕਾਲ ਕਰਾਉਣ ਲਈ, ਮਾਲਕ ਤੋਂ ਪਾਵਰ ਆਫ਼ ਅਟਾਰਨੀ ਲੈਂਦੇ ਹਾਂ, ਇਸ ਤੇ ਵੀ ਰਜਿਸਟਰੀ ਦਾ ਦੋ ਪ੍ਰਤੀਸ਼ਤ ਹੋਰ ਵਾਧੂ ਖਰਚਾ ਲੱਗੇਗਾ। ਇਸੇ ਤਰਾਂ ਜਾਇਦਾਦ ਬੈਂਕ ਕੋਲ ਗਿਰਵੀ ਕਰਕੇ ਕਰਜ਼ਾ ਲੈਣਾ ਹੋਵੇ ਤਾਂ ਬਲੈਂਕ ਪਾਵਰ ਆਫ਼ ਅਟਾਰਨੀ ਦੀ ਜਗ੍ਹਾ 1000 ਰੁਪਏ ਦੇ ਖਾਲੀ ਅਸ਼ਟਾਮ ਲ਼ੈ ਲੈਂਦੀ ਸੀ, ਹੁਣ ਜੇਕਰ ਤੁਸੀਂ ਇਕ ਕਰੋੜ ਰੁਪਏ ਦੇ ਮੁੱਲ ਦੀ ਜਾਇਦਾਦ ਤੇ ਵੀਹ ਲੱਖ ਲੋਨ ਲੈਣਾ ਹੈ ਤਾਂ ਬੈਂਕ ਦੋ ਲੱਖ ਦੇ ਅਸ਼ਟਾਮ ਮੰਗੇਗਾ, ਮਤਲਬ ਵੀਹ ਲੱਖ ਦੇ ਕਰਜ਼ੇ ਵਿੱਚੋਂ ਕਿਸਾਨ ਦੇ ਪੱਲੇ ਅਠਾਰਾਂ ਲੱਖ ਵੀ ਨਹੀਂ ਪਵੇਗਾ। ਇਹ ਪਹਿਲਾਂ ਹੀ ਕਰਜ਼ੇ ਦੀ ਭੰਨੀ ਕਿਸਾਨੀ ਲਈ ਮਾਰੂ ਸਾਬਤ ਹੋਵੇਗਾ।

ਇਸ ਤੋਂ ਪਹਿਲਾਂ ਵੀ ਪੰਜਾਬ ਸਰਕਾਰ ਡੀਜ਼ਲ ਅਤੇ ਪੈਟਰੋਲ ਤੇ ਇੱਕ ਰੁਪਏ ਪ੍ਰਤੀ ਲੀਟਰ ਸੈੱਸ ਲਾ ਕੇ ਲੋਕਾਂ ਤੇ ਕਰੋੜਾਂ ਰੁਪਏ ਦਾ ਬੋਝ ਪਾ ਚੁੱਕੀ ਹੈ। ਪੈਨਸ਼ਨ ਲੈਣ ਵਾਲਿਆਂ ਤੇ ਦੋ ਸੌ ਰੁਪਏ ਪ੍ਰਤੀ ਮਹੀਨਾ ਵਿਕਾਸ ਟੈਕਸ ਲਾ ਦਿੱਤਾ ਹੈ।

ਜਥੇਬੰਦੀ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ ਨੇ ਕਿਹਾ ਕਿ ਲੋਕਾਂ ਨੂੰ ਇਸ ਤਰ੍ਹਾਂ ਦੇ ਬਦਲਾਅ ਦੀ ਕੋਈ ਲੋੜ ਨਹੀਂ ਹੈ। ਉਹਨਾਂ ਨੇ ਕਿਹਾ ਕਿ ਇੱਕ ਪਾਸੇ ਪੰਜਾਬ ਸਰਕਾਰ ਦੋ ਦੋ ਸਫਿਆਂ ਦੇ ਇਸ਼ਤਿਹਾਰ ਆਪਣੇ ਮਸ਼ਹੂਰੀ ਪ੍ਰਚਾਰ ਲਈ ਦੇ ਕੇ ਕਰੋੜਾਂ ਰੁਪਏ ਦੀ ਫ਼ਜ਼ੂਲਖਰਚੀ ਕਰ ਰਹੀ ਹੈ, ਦੂਜੇ ਪਾਸੇ ਲੋਕਾਂ ਤੇ ਨਜਾਇਜ਼ ਬੋਝ ਪਾਇਆ ਜਾ ਰਿਹਾ ਹੈ। ਆਗੂਆਂ ਨੇ ਇਹ ਟੈਕਸ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ।

# ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਜਿਲ੍ਹਾ ਪੱਧਰੀ ਇਕੱਠ ਦੀਆਂ ਤਿਆਰੀਆਂ ਜੋਰਾਂ 'ਤੇ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵੱਲੋਂ ਮਜ਼ਦੂਰਾਂ ਦੀ ਦਿਹਾੜੀ, ਮਗਨਰੇਗਾ ਸਮੇਤ ਲਗਾਤਾਰ ਰੁਜ਼ਗਾਰ ਅਤੇ ਲਾਲ ਲਕੀਰ ਵਿੱਚ ਰਹਿੰਦੇ ਲੋਕਾਂ ਨੂੰ ਮਾਲਕੀ ਹੱਕ ਦੇਣ ਦੇ ਸਵਾਲ ਨੂੰ ਲੈ ਕੇ ਪਿੰਡ ਪੱਧਰੀ ਘੋਲ਼ ਚਲਾਉਣ ਲਈ 30 ਜੂਨ ਨੂੰ ਸਵੇਰੇ10 ਵਜੇ ਬੱਸ ਅੱਡਾ ਨਵਾਂਸ਼ਹਿਰ ਵਿਖੇ ਭਰਵੀਂ ਮਜ਼ਦੂਰ ਮੀਟਿੰਗ ਕੀਤੀ ਜਾ ਰਹੀ ਹੈ। ਮੀਟਿੰਗ ਉਪਰੰਤ ਡਿਪਟੀ ਕਮਿਸਨਰ ਨੂੰ ਮੰਗ ਪੱਤਰ ਦਿੱਤਾ ਜਾਵੇਗਾ।




ਇਸਦੀ ਤਿਆਰੀ ਸਬੰਧੀ ਯੂਨੀਅਨ ਵੱਲੋਂ ਬੜਵਾ, ਕਿਸ਼ਨ ਪੁਰਾ, ਗੋਹਲੜੋਂ, ਪੁੰਨੂੰ ਮਜਾਰਾ, ਪੱਲੀਆਂ ਖੁਰਦ ਅਤੇ ਮਹਿਰਮਪੁਰ ਪਿੰਡਾਂ ਵਿੱਚ ਮੀਟਿੰਗਾਂ ਕੀਤੀਆਂ ਗਈਆਂ। ਇਸਦੀ ਜਾਣਕਾਰੀ ਦਿੰਦਿਆਂ ਯੂਨ–ਿਅਨ ਦੇ ਸੂਬਾ ਆਗੂ ਕਮਲਜੀਤ ਸਿੰਘ ਸਨਾਵਾ ਨੇ ਦੱਸਿਆ ਕਿ ਮਜਦੂਰਾਂ ਵੱਲੋਂ ਇਸਦੀ ਤਿਆਰੀ ਲਈ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਉਹਨਾਂ ਕਿਹਾ ਕਿ ਦਿੱਲੀ ਮਾਡਲ ਲਾਗੂ ਕਰਨ ਦੀਆਂ ਟਾਹਰਾਂ ਮਾਰਨ ਵਾਲੀ ਭਗਵੰਤ ਸਿੰਘ ਮਾਨ ਸਰਕਾਰ ਵੀ ਪਹਿਲੀਆਂ ਸਰਕਾਰਾਂ ਵਰਗੀ ਬੇਜ਼ਮੀਨੇ ਮਜ਼ਦੂਰਾਂ ਵਿਰੋਧੀ ਸਰਕਾਰ ਸਾਬਿਤ ਹੋਈ ਹੈ। ਉਨ੍ਹਾਂ ਕਿਹਾ ਇਸ ਕਰਕੇ ਹੀ ਗਾਰੰਟੀ ਦੇ ਬਾਵਜੂਦ ਮਹਿਜ਼ ਮਗਨਰੇਗਾ ਤਹਿਤ 100 ਦਿਨ ਮਿਲਣ ਵਾਲਾ ਰੁਜ਼ਗਾਰ ਵੀ ਨਹੀਂ ਮਿਲ ਰਿਹਾ। ਸੂਬਾ ਸਰਕਾਰ ਨੂੰ ਆਪਣੀ ਤਰਫੋਂ 200 ਦਿਨ ਦਾ ਰੁਜ਼ਗਾਰ ਮੁਹੱਈਆ ਕਰਵਾਉਣ ਦੀ ਗਾਰੰਟੀ ਦੇਣੀ ਚਾਹੀਦੀ ਹੈ। ਉਹਨਾਂ ਕਿਹਾ ਕਿ ਕੰਮ ਉੱਪਰ ਹਾਜ਼ਰ ਹੋਣ ਤੇ ਦਿਹਾੜੀ ਦੀ ਹੋ ਰਹੀ ਕਟੌਤੀ ਬੰਦ ਕੀਤੀ ਜਾਵੇ। ਦਿੱਲੀ ਮਾਡਲ ਤਹਿਤ ਆਲ ਇੰਡੀਆ ਲੇਬਰ ਕਾਨਫਰੰਸ 1956 ਤਹਿਤ ਹਰ ਖੇਤਰ ਵਿੱਚ ਮਜ਼ਦੂਰਾਂ ਦੀ ਦਿਹਾੜੀ 1000 ਰੁਪਏ ਕਰਨ ਦੀ ਗਾਰੰਟੀ ਕੀਤੀ ਜਾਵੇ, ਅਤੇ ਲਾਲ ਲਕੀਰ ਵਿੱਚ ਰਹਿੰਦੇ ਲੋਕਾਂ ਨੂੰ ਮਾਲਕੀ ਦੇ ਹੱਕ ਦਿੱਤੇ ਜਾਣ।

ਉਨ੍ਹਾਂ ਕਿਹਾ ਕਿ ਇਹਨਾਂ ਬੁਨਿਆਦੀ ਮੁੱਦਿਆਂ ਉੱਪਰ ਮਜ਼ਦੂਰਾਂ ਨੂੰ ਲਾਮਬੰਦ ਕੀਤਾ ਜਾ ਰਿਹਾ ਹੈ। ਇਹਨਾਂ ਮੀਟਿੰਗਾਂ ਨੂੰ ਇਲਾਕਾ ਕਮੇਟੀ ਨਵਾਂਸ਼ਹਿਰ ਦੇ ਪ੍ਰਧਾਨ ਸੁਰਿੰਦਰ ਮੀਰਪੁਰੀ, ਇੰਦਰਜੀਤ ਕੌਰ, ਬਖਸ਼ੀ ਰਾਮ, ਸੋਹਨ ਲਾਲ, ਜਸਵਿੰਦਰ, ਰਣਜੀਤ ਕੌਰ, ਸੀਤਾ ਰਾਣੀ, ਤਾਰਾ ਚੰਦ, ਮੋਹਨ ਲਾਲ, ਕਮਲਾ ਅਤੇ ਸਵਰਨ ਕੌਰ ਨੇ ਵੀ ਸੰਬੋਧਨ ਕੀਤਾ। ਇਹਨਾਂ ਮੀਟਿੰਗਾਂ ਵਿੱਚ ਸੁਰਿੰਦਰ ਕੌਰ, ਕ੍ਰਿਸ਼ਨਾ, ਭੁਪਿੰਦਰ ਕੌਰ, ਤਾਰਾ ਚੰਦ, ਕਸ਼ਮੀਰ ਕੌਰ, ਗੁਰਬਖਸ਼ ਕੌਰ ਵੀ ਮੌਜੂਦ ਸਨ।

# ਬੱਚਿਆਂ ਦੀ ਪ੍ਰਤਿਭਾ ਨਿਖਾਰਨ ਲਈ 'ਡਿਜੀਟਲ ਲਾਇਬ੍ਰੇਰੀ ਹੁਸ਼ਿਆਰਪੁਰ ਬਣੇਗੀ ਧੁਰਾ - ਕੋਮਲ ਮਿੱਤਲ



**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਕਿਹਾ ਕਿ ਡਿਜੀਟਲ ਲਾਇਬ੍ਰੇਰੀ ਹੁਸ਼ਿਆਰਪੁਰ ਇਕ ਲਰਨਿੰਗ ਸੈਂਟਰ ਦੇ ਤੌਰ 'ਤੇ ਉਭਰ ਕੇ ਸਾਹਮਣੇ ਆਈ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਦੀ ਪ੍ਰਤਿਭਾ ਨਿਖਾਰਨ ਲਈ ਲਾਇਬ੍ਰੇਰੀ ਇਕ ਧੁਰਾ ਬਣੇਗੀ ਅਤੇ ਇਥੇ ਕ੍ਰਿਏਟਿਵ ਤੇ ਇਨੋਵੇਟਿਵ ਗਤੀਵਿਧੀਆਂ ਲਗਾਤਾਰ ਕਰਵਾਈਆਂ ਜਾਣਗੀਆਂ। ਉਹ ਅੱਜ ਲਾਇਬ੍ਰੇਰੀ ਵਿਚ ਜ਼ਿਲ੍ਹਾ ਲਿਟਰੇਰੀ ਸੋਸਾਇਟੀ ਦੇ ਸਹਿਯੋਗ ਨਾਲ ਕਰਵਾਈ ਗਈ 5 ਰੋਜ਼ਾ 'ਕ੍ਰਿਏਟਿਵ ਰਾਈਟਿੰਗ ਵਰਕਸ਼ਾਪ' ਦੇ ਸਮਾਪਤੀ ਸਮਾਰੋਹ ਦੌਰਾਨ ਭਾਗੀਦਾਰਾਂ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨਾਲ ਨਾਮਵਰ ਲੇਖਕ ਅਤੇ ਜ਼ਿਲ੍ਹਾ ਲਿਟਰੇਰੀ ਸੋਸਾਇਟੀ ਦੇ ਚੀਫ ਪੈਟਰਨ ਖੁਸ਼ਵੰਤ ਸਿੰਘ, ਪ੍ਰਧਾਨ ਸਨਾ ਕੇ। ਗੁਪਤਾ, ਸਹਾਇਕ ਕਮਿਸ਼ਨਰ ਵਿਓਮ ਭਾਰਦਵਾਜ, ਸਕੱਤਰ ਰੈਡ ਕ੍ਰਾਸ ਮੰਗੇਸ਼ ਸੂਦ ਅਤੇ ਕੈਰੀਅਰ ਕਾਊਂਸਲਰ ਅਦਿਤਿਆ ਰਾਣਾ ਵੀ ਮੌਜੂਦ ਸਨ। ਇਸ ਦੌਰਾਨ ਸਾਰੇ ਭਾਗੀਦਾਰਾਂ ਨੂੰ ਸਰਟੀਫਿਕੇਟ ਪ੍ਰਦਾਨ ਕੀਤੇ ਗਏ ਅਤੇ ਉਨ੍ਹਾਂ ਦੀ ਫੀਡ ਬੈਕ ਵੀ ਲਈ ਗਈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹੁਸ਼ਿਆਰਪੁਰ ਵਿਖੇ ਆਪਣੀ ਤਰ੍ਹਾਂ ਦੀ ਪਹਿਲੀ ਇਸ 5 ਰੋਜ਼ਾ 'ਕ੍ਰਿਏਟਿਵ ਰਾਈਟਿੰਗ ਵਰਕਸ਼ਾਪ' ਵਿਚ ਰੋਜ਼ਾਨਾ ਦੋ ਘੰਟੇ ਦੀ ਕਲਾਸ ਲਗਾਈ ਗਈ, ਜਿਸ ਵਿਚ ਵਿਦਿਆਰਥੀਆਂ ਤੇ ਅਧਿਆਪਕਾਂ ਦੀ ਰਾਈਟਿੰਗ ਸਕਿੱਲ ਨੂੰ ਨਿਖਾਰਿਆ ਗਿਆ। ਉਨ੍ਹਾਂ ਦੱਸਿਆ ਕਿ ਆਯੋਜਨ ਦੇ ਪਹਿਲੇ ਦਿਨ ਕ੍ਰਿਏਟਿਵ ਰਾਈਟਿੰਗ ਨਾਲ ਜਾਣੂ ਕਰਵਾਇਆ ਗਿਆ। ਇਸੇ ਤਰ੍ਹਾਂ ਦੂਜੇ ਦਿਨ ਕ੍ਰਾਫਟਿੰਗ ਕੰਪੈਲਿੰਗ ਕਰੈਕਟਰਸ ਤੇ ਸੈਟਿੰਗਜ ਦੀ ਵਿਧੀ ਤਿਆਰ ਕਰਨਾ, ਤੀਜੇ ਦਿਨ ਕਥਾ ਸਰੰਚਨਾ ਅਤੇ ਕਹਾਣੀ ਕਹਿਣ ਦੀ ਤਕਨੀਕ, ਚੌਥੇ ਦਿਨ ਵੱਖ-ਵੱਖ ਲੇਖਨ ਸ਼ੈਲੀਆਂ ਅਤੇ ਸ਼ੈਲੀਆਂ ਦੀ ਖੋਜ ਕਰਨਾ ਅਤੇ ਪੰਜਵੇਂ ਦਿਨ ਸੰਪਾਦਨ ਅਤੇ ਪ੍ਰਤੀਕ੍ਰਿਆ ਦਾ ਸੈਸ਼ਨ ਹੋਇਆ। ਉਨ੍ਹਾਂ ਦੱਸਿਆ ਕਿ ਇਸ ਵਰਕਸ਼ਾਪ ਵਿਚ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ 34 ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਹਿੱਸਾ ਲਿਆ।

ਕੋਮਲ ਮਿੱਤਲ ਨੇ ਦੱਸਿਆ ਕਿ 21 ਜੁਲਾਈ ਨੂੰ ਅਸ਼ੋਕਾ ਯੂਨੀਵਰਸਿਟੀ ਸੋਨੀਪਤ ਵਲੋਂ ਡਿਜੀਟਲ ਲਾਇਬ੍ਰੇਰੀ ਵਿਖੇ ਵਿਸ਼ੇਸ਼ ਤੌਰ 'ਤੇ ਕੈਰੀਅਰ ਕਾਊਂਸਲਿੰਗ ਸੈਮੀਨਾਰ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਆਉਣ ਵਾਲੇ ਸਮੇਂ ਵਿਚ ਇਥੇ ਪ੍ਰਤੀਯੋਗੀ ਪ੍ਰੀਖਿਆ ਦੀ ਤਿਆਰੀ ਵੀ ਕਰਵਾਈ ਜਾਵੇਗੀ।

# ਅੰਬੇਡਕਰ ਸੈਨਾ ਪੰਜਾਬ ਦੇ ਪ੍ਰਧਾਨ ਸੁਰਿੰਦਰ ਢੰਡਾ ਨੇ ਸਾਥੀਆਂ ਸਮੇਤ ਰਿਜ਼ਰਵੇਸ਼ਨ ਚੋਰ ਫੜੋ ਮੋਰਚੇ ਵਲੋਂ ਲਗਾਏ ਪੱਕੇ ਧਰਨੇ ਵਿੱਚ ਕੀਤੀ ਸ਼ਮੂਲੀਅਤ



**ਫਗਵਾੜਾ 22 ਜੂਨ (ਬੀਕੇ ਰੱਤੂ)** ਮੋਹਾਲੀ ਵਿਖੇ ਪ੍ਰੋਫੈਸਰ ਹਰਨੇਕ ਸਿੰਘ ਦੀ ਅਗਵਾਈ ਹੇਠ ' ਰਿਜ਼ਰਵੇਸ਼ਨ ਚੋਰ ਫੜੋ ' ਮੋਰਚੇ ਵਲੋਂ ਲਗਾਏ ਪੱਕੇ ਧਰਨੇ ਵਿੱਚ ਅੰਬੇਡਕਰ ਸੈਨਾ ਪੰਜਾਬ ਦੇ ਸੂਬਾ ਪ੍ਰਧਾਨ ਸੁਰਿੰਦਰ ਢੰਡਾ ਨੇ ਆਪਣੇ ਸਾਥੀਆਂ ਸਮੇਤ ਸ਼ਮੂਲੀਅਤ ਕੀਤੀ ਅਤੇ ਮੋਰਚੇ ਦੀਆਂ ਮੰਗਾਂ ਦਾ ਪੁਰਜੋਰ ਸਮਰਥਨ ਕੀਤਾ। ਇਸ ਮੌਕੇ ਸੁਰਿੰਦਰ ਢੰਡਾ ਨੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਤੋਂ ਮੰਗ ਕੀਤੀ ਕਿ ਜਾਅਲੀ ਅਨੁਸੂਚਿਤ ਜਾਤੀ ਦੇ ਸਰਟੀਫਿਕੇਟ ਬਣਾ ਕੇ ਨੌਕਰੀਆਂ ਕਰ ਰਹੇ ਵਿਅਕਤੀਆਂ ਦੇ ਖਿਲਾਫ਼ 420, ਐਸ।ਸੀ। ਐਸ।ਟੀ। ਐਕਟ ਤਹਿਤ ਮੁਕੱਦਮਾ ਦਰਜ ਕੀਤਾ ਜਾਵੇ, ਜੋ ਵੀ ਉਨ੍ਹਾਂ ਨੇ ਸਰਕਾਰੀ ਖਜ਼ਾਨੇ ਨੂੰ ਚੂਨਾ ਲਾਇਆ ਹੈ ਉਸ ਦੀ ਰਿਕਵਰੀ ਕੀਤੀ ਜਾਵੇ ਅਤੇ ਜੇਲ੍ਹਾਂ ਵਿੱਚ ਬੰਦ ਕੀਤਾ ਜਾਵੇ। ਢੰਡਾ ਨੇ ਕਿਹਾ ਕਿ ਰਿਜ਼ਰਵੇਸ਼ਨ ਚੋਰ ਫੜੋ' ਮੋਰਚੇ ਵਲੋਂ ਜੋ ਵੀ ਸੰਘਰਸ਼ ਉਲੀਕਿਆ ਜਾਵੇਗਾ ਉਸ ਵਿੱਚ ਅੰਬੇਡਕਰ ਸੈਨਾ ਪੰਜਾਬ ਵੱਧ ਚੜ੍ਹ ਕੇ ਹਿੱਸਾ ਲਵੇਗੀ ਅਤੇ ਜਿੰਨਾ ਚਿਰ ਰਿਜ਼ਰਵੇਸ਼ਨ ਚੋਰਾਂ ਨੂੰ ਫੜ ਕੇ ਜੇਲ੍ਹਾਂ 'ਚ ਬੰਦ ਠਹੀ ਕੀਤਾ ਜਾਂਦਾ ਉਨ੍ਹਾਂ ਚਿਰ ਅੰਬੇਡਕਰ ਸੈਨਾ ਪੰਜਾਬ ਮੋਰਚੇ ਵਲੋਂ ਕੀਤੇ ਵਾਲੇ ਸੰਘਰਸ਼ ਵਿੱਚ ਮੋਹਰੀ ਹੋ ਕੇ ਸੰਘਰਸ਼ 'ਚ ਹਿੱਸਾ ਲਵੇਗੀ। ਢੰਡਾ ਨੇ ਅੰਬੇਡਕਰ ਸੈਨਾ ਪੰਜਾਬ ਵਲੋਂ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਆਪ ਸਰਕਾਰ ਨੇ ਰਿਜ਼ਰਵੇਸ਼ਨ ਚੋਰਾਂ ਨੂੰ ਫੜਨ ਵਿੱਚ ਆਨਾਕਾਨੀ ਕੀਤੀ ਤਾਂ ਸਮੁੱਚਾ ਸਮਾਜ ਸੜਕਾਂ ਤੇ ਆਉਣ ਲਈ ਮਜਬੂਰ ਹੇਵੇਗਾ ਜਿਸਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ। ਇਸ ਮੌਕੇ ਐਸ-ਸੀ ਕਮਿਸ਼ਨ ਦੇ ਮੈਂਬਰ ਪ੍ਰਭਦਿਆਲ ਰਾਮਪੁਰਾ, ਬਲਵਿੰਦਰ ਬੋਬੀ, ਰਤਨ ਕੈਲੇ, ਪ੍ਰੇਮ ਬੰਧਣ ਤੋਂ ਇਲਾਵਾ ਹੋਰ ਮੈਂਬਰ ਹਾਜਰ ਸਨ।

# ਰਾਏਪੁਰ ਡੱਬਾ ਓਲੰਪਿਕ ਰੈਸਲਿੰਗ ਅਕੈਡਮੀ ਵਿਖੇ ਹੋਣਹਾਰ ਪਹਿਲਵਾਨਾਂ ਦਾ ਕੀਤਾ ਸਨਮਾਨ

**ਫਗਵਾੜਾ 22 ਜੂਨ (ਬੀ ਕੇ ਰੱਤੂ)** ਰਾਏਪੁਰ ਡੱਬਾ ਓਲੰਪਿਕ ਰੈਸਲਿੰਗ ਅਕੈਡਮੀ ਪਰਮ ਨਗਰ ਖੋਥੜਾਂ ਰੋਡ ਫਗਵਾੜਾ ਵਿਖੇ ਇਕ ਸਨਮਾਨ ਸਮਾਗਮ ਦਾ ਆਯੋਜਨ ਅਕੈਡਮੀ ਦੇ ਪ੍ਰਧਾਨ ਬੀ।ਐਸ। ਬਾਗਲਾ ਦੀ ਦੇਖਰੇਖ ਹੇਠ ਕਰਵਾਇਆ ਗਿਆ। ਜਿਸ ਵਿਚ ਅਕੈਡਮੀ ਦੇ ਦੋ ਹੋਣਹਾਰ ਪਹਿਲਵਾਨਾਂ ਨੂੰ ਸਨਮਾਨਿਤ ਕਰਕੇ ਹੌਸਲਾ ਅਫਜਾਈ ਕੀਤੀ ਗਈ। ਸਮਾਗਮ ਦੀ ਪ੍ਰਧਾਨਗੀ ਸਵਾਗਤੀ ਕਮੇਟੀ ਮੈਂਬਰਾਂ ਪੀ।ਆਰ। ਸੌਂਧੀ ਕੋਚ ਇੰਡੀਅਨ ਕੁਸ਼ਤੀ ਟੀਮ ਓਲੰਪਿਕ-2008 (ਬੀਜਿੰਗ), ਇੰਸਪੈਕਟਰ ਅਮਨਦੀਪ ਸੌਂਧੀ ਕਾਮਨਵੈਲਥ ਸਿਲਵਰ ਮੈਡਲ ਰੈਸਲਿੰਗ, ਅਮਰੀਕ ਸਿੰਘ ਅੰਤਰਰਾਸ਼ਟਰੀ ਪਹਿਲਵਾਨ ਕੋਚ ਅਤੇ ਰਵਿੰਦਰ ਨਾਥ ਅੰਤਰਰਾਸ਼ਟਰੀ ਰੈਸਲਿੰਗ ਕੋਚ ਨੇ ਸਾਂਝੇ ਤੌਰ ਤੇ ਕੀਤੀ। ਪ੍ਰਧਾਨ ਬੀ।ਐਸ। ਬਾਗਲਾ ਨੇ ਦੱਸਿਆ ਕਿ ਅਕੈਡਮੀ ਦੇ ਹੋਣਹਾਰ ਪਹਿਲਵਾਨ ਵਿਸ਼ਾਲ ਕੁਮਾਰ ਸਪੁੱਤਰ ਬਲਵੀਰ ਕੁਮਾਰ ਨੇ ਏਸ਼ੀਅਨ ਚੈਂਪੀਅਨਸ਼ਿਪ ਟਰਾਇਲ ਅੰਡਰ-23 ਕੈਟੇਗਰੀ 70 ਕਿਲੋਗ੍ਰਾਮ ਭਾਰ ਵਰਗ ਵਿਚ ਤੀਸਰਾ ਸਥਾਨ (ਪੰਜਾਬ ਕੁਮਾਰ) ਹਾਸਲ ਕੀਤਾ ਹੈ ਜਦਕਿ ਪਹਿਲਵਾਨ ਜਸਟਿਨ ਸਿੱਧੂ ਸਪੁੱਤਰ ਸੁੱਚਾ ਸਿੰਘ ਸਿੱਧੂ ਨੇ ਨੈਸ਼ਨਲ ਸਕੂਲ ਖੇਡਾਂ 2023 ਦੌਰਾਨ 125 ਕਿਲੋਗ੍ਰਾਮ ਭਾਰ ਵਰਗ ਤਹਿਤ ਸਿਲਵਰ ਮੈਡਲ ਜਿੱਤ ਕੇ ਅਕੈਡਮੀ ਦਾ ਨਾਮ ਰੌਸ਼ਨ ਕੀਤਾ ਹੈ। ਇਹਨਾਂ ਦੋਵੇਂ ਪਹਿਲਵਾਨਾਂ ਨੂੰ ਜਗਜੀਤ ਸਿੰਘ ਜੱਗੂ (ਜੌੜਾ ਜੀ-ਊਲਰਜ਼) ਵਲੋਂ ਸਨਮਾਨਤ ਕਰਦੇ ਹੋਏ ਸੁਨਿਹਰੇ ਭਵਿੱਖ ਲਈ ਸ਼ੁੱਭ ਇੱਛਾਵਾਂ ਦਿੱਤੀਆਂ ਗਈਆਂ। ਅਕੈਡਮੀ ਦੇ ਸੰਸਥਾਪਕ ਪੀਆਰ ਸੌਂਧੀ, ਅਮਨਦੀਪ ਸੌਂਧੀ ਅਤੇ ਪ੍ਰਧਾਨ ਬੀ।ਐਸ। ਬਾਗਲਾ ਨੇ ਦੱਸਿਆ ਕਿ ਪਹਿਲਵਾਨਾਂ ਦੇ ਸਨਮਾਨ ਦਾ ਮਕਸਦ ਉਹਨਾਂ ਦੀ ਹੌਸਲਾ ਅਫਜਾਈ ਕਰਨਾ ਹੈ ਤਾਂ ਜੋ ਉਹ ਭਵਿੱਖ 'ਚ ਹੋਰ ਵੀ ਵਧੀਆ ਪ੍ਰਦਰਸ਼ਨ ਕਰਦੇ ਹੋਏ ਆਪਣੇ ਪਰਿਵਾਰ, ਅਕੈਡਮੀ, ਪੰਜਾਬ ਤੇ ਦੇਸ਼ ਦਾ ਨਾਮ ਰੋਸ਼ਨ ਕਰਨ ਦਾ ਟੀਚਾ ਮਿਥ ਕੇ ਅੱਗੇ ਵਧਣ। ਇਸ ਮੌਕੇ ਹੁਸਨ ਲਾਲ ਜਨਰਲ ਮੈਨੇਜਰ ਜੇ।ਸੀ।ਟੀ, ਸੱਬਾ ਸੰਘਾ, ਮੁਹੰਮਦ ਇਕਬਾਲ, ਬਲਵੀਰ ਕੁਮਾਰ, ਰਵਿੰਦਰ ਰਾਜਾ, ਅਸ਼ੋਕ ਸ਼ਰਮਾ ਅਤੇ ਹੋਰ ਪਤਵੰਤੇ ਵੀ ਹਾਜਰ ਸਨ।



# ਪੰਜਾਬ ਸਟੇਟ ਫੂਡ ਕਮਿਸਨਰ ਮੈਂਬਰ ਸ੍ਰੀ ਵਿਜੈ ਦੱਤ ਨੇ ਕੀਤਾ ਵੱਖ ਵੱਖ ਪਿੰਡਾਂ ਅੰਦਰ ਰਾਸਨ ਡਿਪੂਆਂ ਦੀ ਕੀਤੀ ਅਚਨਚੇਤ ਚੈਕਿੰਗ

**ਪਠਾਨਕੋਟ, (ਰਾਜਿੰਦਰ ਸਿੰਘ ਰਾਜਨ)** ਅੱਜ ਪੰਜਾਬ ਸਟੇਟ ਫੂਡ ਕਮਿਸਨ ਮੈਂਬਰ ਸ੍ਰੀ ਵਿਜੈ ਦੱਤ ਵੱਲੋਂ ਧਾਰ ਬਲਾਕ ਦੇ ਵੱਖ ਵੱਖ ਪਿੰਡਾਂ ਅੰਦਰ ਪਹੁੰਚ ਕੇ ਰਾਸਨ ਡਿਪੂਆਂ ਦਾ ਅਚਨਚੇਤ ਨਿਰੀਖਣ ਕੀਤਾ। ਇਸ ਮੋਕੇ ਤੇ ਉਨ੍ਹਾਂ ਵੱਲੋਂ ਰਾਸਟ ਡਿਪੂਆਂ ਦਾ ਸਟਾੱਕ ਦੀ ਚੈਕਿੰਗ ਕੀਤੀ ਅਤੇ ਰਾਸਨ ਵੰਡ ਰਿਕਾਰਡ ਦੀ ਵੀ ਚੈਕਿੰਗ ਕੀਤੀ ਗਈ। ਡਿਪੂ ਹੋਲਡਰਾਂ ਵੱਲੋਂ ਦੱਸਿਆ ਗਿਆ ਕਿ ਪਿਛਲੇ ਤਿੰਨ ਮਹੀਨਿਆਂ ਅਪ੍ਰੈਲ, ਮਈ, ਅਤੇ ਜੂਨ ਮਹੀਨੇ ਦਾ ਰਾਸਨ ਉਨ੍ਹਾ ਕੋਲ ਦੇਰੀ ਨਾਲ ਪਹੁੰਚਿਆ ਹੈ ਜਿਸ ਦੇ ਚਲਦਿਆਂ ਅੱਜ ਤੱਕ ਉਹ ਰਾਸਨ ਦੀ ਵੰਡ ਨਹੀਂ ਕਰ ਸਕੇ। ਕਮਿਸਨਰ ਮੈਂਬਰ ਨੇ ਉਨ੍ਹਾਂ ਨੂੰ ਭਰੋਸਾ ਦਿਲਾਇਆ ਕਿ ਭਵਿੱਖ ਅੰਦਰ ਕਿਸੇ ਤਰ੍ਹਾ ਦੀ ਕੋਈ ਵੀ ਪ੍ਰੇਸਾਨੀ ਨਹੀਂ ਆਉਂਣ ਦਿੱਤੀ ਜਾਵੈਗੀ।

ਇਸ ਮੋਕੇ ਤੇ ਜਾਣਕਾਰੀ ਦਿੰਦਿਆਂ ਸ੍ਰੀ ਵਿਜੈ ਦੱਤ ਮੈਂਬਰ ਪੰਜਾਬ ਸਟੇਟ ਫੂਡ ਕਮਿਸਨ ਪੰਜਾਬ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਅੱਜ ਧਾਰ ਬਲਾਕ ਦੇ ਪਿੰਡ ਮੱਟੀ, ਉੱਚਾ ਥੜ੍ਹਾ, ਸੁਕਰੇਤ ਅਤੇ ਨਿਆੜੀ ਵਿਖੇ ਰਾਸਨ ਡਿਪੂਆਂ ਦੀ ਚੈਕਿੰਗ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਵੱਖ ਵੱਖ ਨਿਯਮਾਂ ਦੇ ਅਧਾਰ ਤੇ ਡਿਪੂਆਂ ਦੀ ਚੈਕਿੰਗ ਕੀਤੀ ਗਈ। ਚੈਕਿੰਗ ਦੋਰਾਨ ਦੇਖਣ ਵਿੱਚ ਆਇਆ ਹੈ ਕਿ ਪਿਛਲੇ ਤਿੰਨ ਮਹੀਨਿਆਂ ਦਾ ਰਾਸਨ ਅਜੇ ਤੱਕ ਲਾਭਪਾਤਰੀਆਂ ਤੱਕ ਨਹੀਂ ਪਹੁੰਚਿਆ ਹੈ। ਇਸ ਦੀ ਜਾਂਚ ਦੋਰਾਨ ਪਾਇਆ ਗਿਆ ਕਿ ਜੋ ਠੇਕੇਦਾਰ ਇਨ੍ਹਾਂ ਰਾਸਨ ਡਿਪੂਆਂ ਤੱਕ ਰਾਸਨ ਦੀ ਸਪਲਾਈ ਦਿੰਦਾ ਹੈ ਉਨ੍ਹਾਂ ਵੱਲੋਂ ਰਾਸਨ ਪਹੁੰਚਾਉਂਣ ਵਿੱਚ ਦੇਰੀ ਕੀਤੀ ਗਈ ਹੈ। ਉਨ੍ਹਾ ਵੱਲੋਂ ਵਿਭਾਗੀ ਅਧਿਕਾਰੀਆ ਨੂੰ ਵੀ ਆਦੇਸ ਦਿੱਤੇ ਗਏ ਹਨ ਕਿ ਸਮੇਂ ਨਾਲ ਡਿਪੂਆਂ ਤੇ ਰਾਸਨ ਦੀ ਸਪਲਾਹੀ ਪਹੁੰਚਾਈ ਜਾਵੈ ਤਾਂ ਜੋ ਲਾਭ ਪਾਤਰੀਆਂ ਨੂੰ ਕਿਸੇ ਤਰ੍ਹਾਂ ਦੀ ਪ੍ਰੇਸਾਨੀ ਦਾ ਸਾਹਮਣਾ ਨਾ ਕਰਨਾ ਪਵੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਸ ਵਾਰ ਰਾਸਨ ਦੀ ਸਤ ਪ੍ਰਤੀਸਤ ਸਪਲਾਈ ਦਿੱਤੀ ਗਈ ਹੈ ਅਤੇ ਕਿਸੇ ਤਰ੍ਹਾ ਦੀ ਕਟੋਤੀ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਪਿਛਲੀ ਵਾਰ ਕੁਝ ਪ੍ਰਤੀਸਤ ਰਾਸਨ ਦੀ ਕਟੋਤੀ ਹੋਣ ਕਰਕੇ ਲਾਭਪਾਤਰੀਆਂ ਤੱਕ ਰਾਸਨ ਦੀ ਮਾਤਰਾ ਘੱਟ ਪਹੁੰਚੀ ਸੀ ਪਰ ਇਸ ਵਾਰ ਪੰਜਾਬ ਸਰਕਾਰ ਦੇ ਆਦੇਸਾਂ ਅਨੁਸਾਰ ਰਾਸਨ ਦੀ ਪੂਰੀ ਸਪਲਾਈ ਦਿੱਤੀ ਗਈ ਹੈ।



ਉਨ੍ਹਾਂ ਦੱਸਿਆ ਕਿ ਡਿਪੂਆਂ ਦੀ ਜਾਂਚ ਦੋਰਾਨ ਪਾਇਆ ਗਿਆ ਕਿ ਬਹੁਤ ਸਾਰੇ ਰਾਸਨ ਡਿਪੂਆਂ ਤੇ ਬਾਇਓਮੈਟ੍ਰਿਕ ਮਸੀਨ ਸਹੀਂ ਸਮੇਂ ਤੇ ਉਪਲੱਬਦ ਨਾ ਹੋਣ ਕਰਕੇ ਵੀ ਪ੍ਰੇਸਾਨੀ ਆ ਰਹੀ ਹੈ ਕਿਉਕਿ ਜਿਲ੍ਹੇ ਅੰਦਰ ਰਾਸਨ ਡਿਪੂਆਂ ਦੀ ਸੰਖਿਆ ਜਿਆਦਾ ਹੈ ਅਤੇ ਬਾਇਓਮੈਟ੍ਰਿਕ ਮਸੀਨਾਂ ਦੀ ਸੰਖਿਆ ਘੱਟ ਹੈ। ਉਨ੍ਹਾਂ ਕਿਹਾ ਕਿ ਬਹੁਤ ਖੁਸੀ ਦੀ ਗੱਲ ਹੈ ਕਿ ਪੰਜਾਬ ਸਰਕਾਰ ਵੱਲੋਂ ਸ। ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੇ ਆਦੇਸਾਂ ਅਨੁਸਾਰ ਪੰਜਾਬ ਅੰਦਰ ਨਵੀਆਂ ਬਾਇਓਮੈਟ੍ਰਿਕ ਮਸੀਨਾਂ ਅਤੇ ਇਲੈਕਟ੍ਰੋਨਿਕ ਕੰਡਿਆਂ ਲਈ ਟੈਂਡਰ ਲਗਾ ਦਿੱਤੇ ਗਏ ਹਨ ਅਤੇ ਜਲਦੀ ਹੀ ਹਰੇਕ ਡਿਪੂ ਤੇ ਇਲੈਕਟ੍ਰੋਨਿਕ ਕੰਡਾ ਅਤੇ ਬਾਇਓਮੈਟ੍ਰਿਕ ਮਸੀਨ ਹੋਵੇਗੀ ਜੋ ਕਿ ਆਪਸ ਵਿੱਚ ਅਟੈਚ ਹੋਣਗੀਆਂ। ਜਿਨ੍ਹੇ ਰਾਸਨ ਦੀ ਤੁਲਾਈ ਕੀਤੀ ਜਾਵੈਗੀ ਮਸੀਨ ਵਿੱਚੋਂ ਉਨੇ ਹੀ ਰਾਸਨ ਦੀ ਪਰਚੀ ਉਪਭੋਗਤਾ ਨੂੰ ਉਪਲੱਬਦ ਹੋਵੇਗੀ।

ਉਨ੍ਹਾਂ ਰਾਸਨ ਡਿਪੂ ਹੋਲਡਰਾਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਹਰੇਕ ਰਾਸਨ ਡਿਪੂ ਦੇ ਬਾਹਰ ਡਿਪੂ ਤੇ ਉਪਲੱਬਦ ਰਾਸਨ ਦਾ ਸਟਾਕ, ਰਾਸਨ ਵੰਡ ਦਾ ਪਿਛਲਾ ਰਿਕਾਰਡ ਅਤੇ ਕਮਿਸਨਰ ਦਾ ਮੋਬਾਇਲ ਨੰਬਰ 98767-64545 ਜੋ ਕਿ ਹਰੇਕ ਰਾਸਨ ਡਿਪੂ ਦੇ ਬਾਹਰ ਪੱਕਾ ਬੋਰਡ ਬਣਾ ਕੇ ਲਿਖਿਆ ਜਾਣਾ ਚਾਹੀਦਾ ਹੈ। ਉਨ੍ਹਾ ਜਨਤਾ ਨੂੰ ਵੀ ਅਪੀਲ ਕਰਦਿਆਂ ਕਿਹਾ ਕਿ ਅਗਰ ਕਿਸੇ ਉਪਭੋਗਤਾ ਨੂੰ ਕਿਸੇ ਤਰ੍ਹਾਂ ਦੀ ਕੋਈ ਵੀ ਸਿਕਾਇਤ ਹੈ ਤਾਂ ਉਪਰੋਕਤ ਨੰਬਰ ਤੇ ਅਪਣੀ ਸਿਕਾਇਤ ਦਰਜ ਕਰਵਾ ਸਕਦਾ ਹੈ।

# ਹੈਵਾਨੀਅਤ ਭਰਿਆ ਸਮਾਜ



ਗੌਰਵ ਧੀਮਾਨ
91-76268-18016

ਹੁਣ ਕਿੱਥੋਂ ਸ਼ੁਰੂ ਕਰਾਂ ਜਿੱਥੇ ਇੱਜਤਾਂ ਦਾ ਦੋਰ ਖ਼ਤਮ ਹੁੰਦਾ ਜਾ ਰਿਹਾ ਹੈ। ਇੱਕ ਔਰਤ ਦੇ ਨਾਲ ਜਬਰ ਜਨਾਹ ਕੀਤਾ ਜਾ ਰਿਹਾ ਹੈ ਤੇ ਦੂਜੇ ਪਾਸੇ ਚਾਰ ਇਨਸਾਨ ਮਿਲ ਕੇ ਇੱਜਤ ਲੁੱਟਣ ਦੀ ਪੂਰੀ ਕੋਸ਼ਿਸ਼ ਵਿੱਚ ਹੈ। ਇਹ ਕਿਹੋ ਜਾ ਦੋਰ ਹੈ ਜਿੱਥੇ ਇੱਜਤ ਦਾ ਖਿਆਲ ਨਹੀਂ ਹੈ। ਇੱਕ ਧੀ ਇੱਜਤ ਬਾਪ ਦੇ ਪੱਗ ਸਮਾਨ ਹੁੰਦੀ ਹੈ ਤੇ ਭਰਾ ਦੇ ਮਾਨ ਲੇਕਿਨ ਕੁਝ ਅਜਿਹੀ ਨੌਜਵਾਨ ਪੀੜ੍ਹੀ ਨੇ ਜਨਮ ਲਿਆ ਹੈ ਜੋ ਧੀਆਂ ਦੀ ਇੱਜਤ ਨਾਲ ਖੇਡ ਖੇਡਦੇ ਹਨ। ਇੱਕ ਪਲ਼ ਵੀ ਖਿਆਲ ਇਹ ਨਹੀਂ ਕਰਦੇ ਕਿ ਆਉਣ ਵਾਲੀਆਂ ਨਸਲਾਂ ਵਿੱਚ ਤੁਹਾਡੀ ਵੀ ਇੱਕ ਧੀ ਹੋ ਸਕਦੀ ਹੈ। ਹੈਵਾਨੀਅਤ ਦਾ ਨੰਗਾ ਨਾਚ ਦੁਨੀਆ ਭਰ ਵਿੱਚ ਮੌਜੂਦ ਹੈ ਤੇ ਹਵਸ ਦੀ ਪਿਆਸ ਬੁਝਾਉਣ ਵਾਲੇ ਕੁਝ ਅਜਿਹੇ ਸ਼ਖਸ਼ ਵੀ ਹਨ ਜੋ ਇਸਨੂੰ ਧੰਦੇ ਦਾ ਰੂਪ ਧਾਰ ਕੇ ਚੱਲਦੇ ਹਨ। ਸਮਾਜ ਵਿੱਚ ਹਰ ਥਾਂ ਰੋਜ਼ ਹੀ ਬਲਾਤਕਾਰ ਦਾ ਮਾਮਲਾ ਸਾਹਮਣੇ ਆਉਂਦਾ ਹੈ।

ਥੋੜ੍ਹੇ ਦਿਨ ਪਹਿਲਾਂ ਇੱਕ ਔਰਤ ਸੜਕ ਕਿਨਾਰੇ ਤੁਰਦੀ ਜਾ ਰਹੀ ਸੀ। ਅੱਧਖੜ੍ਹ ਉਮਰ ਦੀ ਔਰਤ ਆਪਣੇ ਘਰ ਵੱਲ ਜਾ ਰਹੀ ਸੀ। ਅਚਾਨਕ ਦੋ ਜਵਾਨ ਕਾਰ ਵਿੱਚੋਂ ਨਿਕਲ ਆਉਂਦੇ ਤੇ ਉਸਨੂੰ ਚੁੱਕ ਕੇ ਕਾਰ ਵਿੱਚ ਲੈ ਜਾਂਦੇ ਹਨ। ਉਸ ਔਰਤ ਦੀ ਇੱਜਤ ਨਾਲ ਖਿਲਵਾੜ ਕਰਕੇ ਉਸਨੂੰ ਖਾਲੀ ਥਾਂ ਸੁੱਟ ਜਾਂਦੇ ਹਨ। ਉਸ ਔਰਤ ਨੂੰ ਜ਼ਖਮੀਂ ਵੇਖ ਕੁਝ ਲੋਕ ਹਸਪਤਾਲ਼ ਦਾਖ਼ਲ ਕਰਵਾ ਦਿੰਦੇ ਹਨ। ਹਸਪਤਾਲ਼ ਪਹੁੰਚ ਕੇ ਪਤਾ ਚੱਲਦਾ ਹੈ ਕਿ ਉਸ ਨਾਲ ਸ਼ਰੀਰਕ ਸ਼ੋਸ਼ਣ ਹੋਇਆ ਹੈ ਤੇ ਉਹ ਕਾਫ਼ੀ ਘਬਰਾਈ ਹੋਈ ਹੈ। ਇਹ ਸਭ ਜਾਣ ਕੇ ਕੁਝ ਲੋਕ ਹੈਰਾਨ ਹੁੰਦੇ ਹਨ। ਹੁਣ ਉਸ ਔਰਤ ਦਾ ਕੀ ਕਸੂਰ ਸੀ। ਉਹ ਤਾਂ ਆਪਣੇ ਘਰ ਜਾ ਰਹੀ ਸੀ। ਕੀ ਔਰਤਾਂ ਦਾ ਘਰ ਤੋਂ ਨਿਕਲਣਾ ਗੁਨਾਹ ਹੈ। ਹੈਵਾਨੀਅਤ ਦਾ ਰੂਪ ਜੋ ਲੋਕ



ਧਾਰ ਚੁੱਕੇ ਹਨ ਉਹ ਇਹ ਜਾਣ ਲੈਣ ਕਿ ਜਿੰਦਗੀ ਦੇ ਬਦਲਦੇ ਰੂਪ ਵਿੱਚ ਤੁਹਾਡਾ ਭਵਿੱਖ ਬਹੁਤ ਬੁਰਾ ਹੋਵੇਗਾ।

ਸਮਾਜ ਵਿੱਚ ਜਦੋਂ ਵੀ ਸੁਧਾਰ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਉਦੋਂ ਹੀ ਨਵੀਂ ਘਟਨਾਂ ਵਾਪਰ ਜਾਂਦੀ ਹੈ। ਧੀਆਂ ਦਾ ਸਤਿਕਾਰ ਨਹੀਂ ਕੀਤਾ ਜਾਂਦਾ ਤੇ ਨਾ ਉਹਨਾਂ ਦੀ ਰੱਖਿਆ। ਇੱਜਤ ਨੂੰ ਬਚਾਉਣ ਲਈ ਇੱਕ ਬਾਪ ਆਪਣੀ ਧੀ ਨੂੰ ਹਰ ਗੁਣ ਸਿਖਾਉਂਦਾ ਹੈ ਜੋ ਉਸਦੀ ਪੂਰੀ ਜਿੰਦਗੀ ਨੂੰ ਬਰਕਰਾਰ ਰੱਖੇ। ਹੱਦ ਤੋਂ ਵੱਧ ਧੀਆਂ ਆਪਣੀ ਇੱਜਤ ਦਾ ਪੂਰਾ ਖਿਆਲ ਰੱਖ ਪਾਉਂਦੀਆਂ ਹਨ ਤੇ ਕੁਝ ਹੱਦ ਆਪ ਹੀ ਬੁਰੇ ਰਾਹ ਚਲੀ ਜਾਂਦੀਆਂ ਹਨ। ਘਰ ਵਿੱਚ ਮਸਰੂਫ਼ ਪਤਨੀ ਇਕੱਲੀ ਹੁੰਦੀ ਹੈ ਤੇ ਦੋਸਤ ਮੌਕੇ ਦੀ ਤਲਾਸ਼ ਵਿੱਚ ਰਹਿੰਦਾ ਹੈ। ਇਹ ਸਭ ਗੱਲਾਂ ਆਮ ਹਨ ਲੇਕਿਨ ਭਿਆਨਕ ਤੋਂ ਵੱਧ ਹਨ। ਇਹ ਸ਼ਰਮਨਾਕ ਹਰਕਤ ਕੁਝ ਲੋਕ ਹੀ ਕਰਦੇ ਹਨ ਜਿਹਨਾਂ ਦਾ ਜਮੀਰ ਮਰਿਆ ਹੁੰਦਾ ਹੈ ਤੇ ਜਿਸਮਾਂ ਦੀ ਭੁੱਖ ਰੱਖ ਇੱਜਤਾਂ ਨੂੰ ਦਾਗ਼ ਲਗਾ ਦਿੰਦੇ ਹਨ। ਇਸ ਵਿੱਚ ਇੱਕ ਔਰਤ ਦਾ ਬਚਾਅ ਕਰਨਾ ਆਪਣੇ ਆਪ ਵਿੱਚ ਇੱਕ ਯੁੱਧ ਹੈ ਪਰ ਕੁਝ ਔਰਤਾਂ ਕਮਜ਼ੋਰ ਹੋਣ ਕਰਕੇ ਬਿਲਕੁੱਲ ਹੀ ਹਾਰ ਜਾਂਦੀਆਂ ਹਨ। ਇਹਨਾਂ ਲੋਕਾਂ ਨੂੰ ਤਕੜੇ ਹੋਣ ਦਾ ਮੌਕਾ ਜਲਦੀ ਮਿਲ ਜਾਂਦਾ ਹੈ। ਜੋ ਪੈਸੇ ਵਾਲੇ ਹੁੰਦੇ ਹਨ ਉਹਨਾਂ ਉੱਤੇ ਕੋਈ ਕਾਰਵਾਈ ਵੀ ਨਹੀਂ ਕੀਤੀ ਜਾਂਦੀ ਤੇ ਨਾ ਉਹਨਾਂ ਉੱਤੇ ਉਂਗਲ ਚੁੱਕੀ ਜਾਂਦੀ ਹੈ।

ਸਮਾਜ ਸੇਵੀ ਸੰਸਥਾਵਾਂ ਇਹਨਾਂ ਵਿਰੁੱਧ ਖੜ੍ਹਨ ਦੀ ਪੂਰੀ ਕੋਸ਼ਿਸ਼ ਕਰਦੀ ਹੈ ਪਰ ਜਵਾਬ ਨਾ ਬਰਾਬਰ ਹੀ ਪੇਸ਼ ਹੁੰਦਾ ਹੈ। ਇੱਕ ਧੀ ਜਾਂ ਔਰਤ ਦਾ ਬਲਾਤਕਾਰ ਹੋਣ ਮਗਰੋਂ ਉਹ ਕਿਸੇ ਪਾਸੇ ਮੂੰਹ ਦਿਖਾਉਣ ਲਈ ਨਹੀਂ ਰਹਿੰਦੀ ਹੈ ਜਿਸ ਨਾਲ ਉਸਦੀ ਜਿੰਦਗੀ ਦਾ ਅੰਤ ਉਸ ਵਕ਼ਤ ਹੀ ਮੰਨਿਆ ਜਾਂਦਾ ਹੈ। ਜੋ ਘਰ ਤੋਂ ਸਿਰ ਚੁੰਨੀ ਢੱਕ ਗੁਰੂ ਘਰ ਵੱਲ ਜਾਂਦੀਆਂ ਹਨ ਉਹਨਾਂ ਉੱਤੇ ਵੀ ਕੁਝ ਅਜਿਹੇ ਲੋਕ ਅੱਖ ਰੱਖਦੇ ਹਨ ਜੋ ਸ਼ਰਾਰਤੀ ਅਨਸਰ ਅਖਵਾਉਂਦੇ ਹਨ। ਇਹਨਾਂ ਉੱਤੇ ਸਖ਼ਤ ਕਾਰਵਾਈ ਵੀ ਨਹੀਂ ਕੀਤੀ ਜਾ ਸਕਦੀ ਕਿਉਕਿ ਇਹ ਪਿੰਡ ਦੇ ਹੀ ਕੁਝ ਲੋਕ ਹੁੰਦੇ ਹਨ। ਇਹਨਾਂ ਦੀ ਬੁਰੀ ਅੱਖ ਹਮੇਸ਼ਾ ਹੀ ਜਿਸਮਾਂ ਨੂੰ ਦੇਖਣ ਲਈ ਤਿਆਰ ਹੁੰਦੀ ਹੈ ਤੇ ਹੈਵਾਨੀਅਤ ਇਹਨਾਂ ਦੇ ਅੰਦਰ ਘੁੱਟ ਘੁੱਟ ਕੇ ਭਰੀ ਹੁੰਦੀ ਹੈ। ਘਰ ਵਿੱਚ ਨਸ਼ੇ ' ਚ ਟੂੰਨ ਹੋ ਕੇ ਪਰਤ ਆਉਣ ' ਤੇ ਘਰ ਵਾਲੀ ਨੂੰ ਕੁੱਟ ਮਾਰ ਕਰਕੇ ਉਸ ਨਾਲ ਜਬਰਜਨਾਹ ਕਰਦੇ ਹਨ।

ਜਦੋਂ ਤੱਕ ਇਹ ਸਭ ਸਮਾਜ ਵਿੱਚ ਆਮ ਹੁੰਦਾ ਰਹੇਗਾ,ਉਦੋਂ ਤੱਕ ਮਾਵਾਂ,ਧੀਆਂ,ਔਰਤਾਂ ਤੇ ਭੈਣਾਂ ਸਭ ਹੈਵਾਨੀਅਤ ਦਾ ਸ਼ਿਕਾਰ ਹੁੰਦੀਆਂ ਰਹਿਣਗੀਆਂ। ਇਹ ਸਭ ਰੋਕਣ ਲਈ ਕੁਝ ਸਮਾਜ ਸੇਵੀ ਸੰਸਥਾਵਾਂ ਨੂੰ ਇੱਕ ਜੁੱਟ ਹੋਣਾ ਪਹਿਣਾ ਹੈ ਜਿਸ ਨਾਲ ਸਮਾਜ ਵਿੱਚ ਹੈਵਾਨੀਅਤ ਦਾ ਖੌਫ਼ ਖ਼ਤਮ ਹੋ ਸਕੇ। ਮਾਵਾਂ,ਧੀਆਂ,ਔਰਤਾਂ ਤੇ ਭੈਣਾਂ ਇੱਕ ਵਾਰ ਫਿਰ ਤੋਂ ਜਿੰਦਗੀ ਸਾਫ਼ ਸੁਥਰੀ ਜੀਅ ਸਕਣ। ਜੋ ਸਮਾਜ ਨੂੰ ਗੰਦਾ ਕਰਦਾ ਹੈ ਉਹ ਸਮਾਜ ਦਾ ਗੁਨਾਹਗਾਰ ਹੁੰਦਾ ਹੈ ਜਿਸ ਨਾਲ ਬੇਕਸੂਰ ਵੀ ਇਹਨਾਂ ਨਾਲ ਖਿੱਚਿਆ ਜਾਂਦਾ ਹੈ। ਸਮਾਜ ਨੂੰ ਤਬਦੀਲ ਕਰਨ ਲਈ ਇੱਕ ਜੁੱਟ ਹੋ ਕੇ ਉਹਨਾਂ ਖਿਲਾਫ਼ ਵੀ ਕਾਰਵਾਈ ਕਰੋ ਜਿਹਨਾਂ ਦੇ ਅੱਜ ਤੱਕ ਸਰਕਾਰ ਕੁਝ ਨਹੀਂ ਕਰ ਸਕੀ। ਸਮਾਜ ਵਿੱਚ ਹੈਵਾਨੀਅਤ ਦਾ ਨਾਮ ਹੋਣਾ ਪਾਪ ਹੈ। ਹੈਵਾਨੀਅਤ ਜਿਸ ਦੇ ਸਿਰ ਉੱਤੇ ਸਵਾਰ ਹੈ ਉਹ ਚੰਗੀ ਤਰ੍ਹਾਂ ਇਹ ਜਾਣ ਲੈਣ ਕਿ ਜਿੰਦਗੀ ਦੇ ਦੋ ਪਹਿਲੂ ਹਨ ਜਿਹਨਾਂ ਵਿੱਚੋਂ ਇੱਕ ਪਹਿਲੂ ਹੈ," ਸੁਧਰਨਾ ਆਪ ਹੈ ਜਿੰਦਗੀ ਮਾਫ਼ ਹੈ।" ਦੂਜਾ ਪਹਿਲੂ ਫਿਰ ਸਹੀ ਲੇਕਿਨ ਇੱਕ ਪਹਿਲੂ ਦੇ ਨਾਲ ਜਿੰਦਗੀ ਨੂੰ ਸਮਝ ਲੈਣਾ ਹੀ ਕਾਫ਼ੀ ਹੈ। ਰੰਗ ਹਮੇਸ਼ਾ ਜਿੰਦਗੀ ਦੇ ਬਦਲਦੇ ਹਨ ਪਰ ਇੱਕ ਪੀੜ੍ਹ ਰੰਗ ਕਦੇ ਨਹੀਂ ਬਦਲਦੀ ਉਹ ਹਮੇਸ਼ਾ ਪੀੜ੍ਹ ਦਾ ਨਾਂ ਬਣ ਕੇ ਰਹਿ ਜਾਂਦੀ ਹੈ। ਇਹ ਸਭ ਸੁਣਨ ਤੇ ਵੇਖਣ ਮਗਰੋਂ ਸਮਾਜ ਨੂੰ ਸਹੀ ਰਾਹ ਚੱਲਣਾ ਚਾਹੀਦਾ ਹੈ।

# ਪ੍ਰਵਾਸੀ ਭਾਰਤੀਆਂ ਦੀਆਂ ਦੱਬੀਆਂ ਜਾਇਦਾਦਾਂ ਬਾਰੇ ਵਾਇਟ ਪੇਪਰ ਜਾਰੀ ਕਰਨ ਤੇ ਫਾਸਟ ਟ੍ਰੈਕ ਅਦਾਲਤਾਂ ਕਦੋਂ ਸਥਾਪਤ ਹੋਣਗੀਆਂ?

ਅੰਮ੍ਰਿਤਸਰ- ਅੰਮ੍ਰਿਤਸਰ ਵਿਕਾਸ ਮੰਚ ਨੇ ਪ੍ਰਵਾਸੀ ਪੰਜਾਬੀਆਂ ਦੀਆਂ ਲੋਕਾਂ ਵੱਲੋਂ ਦੱਬੀਆਂ ਜਾਇਦਾਦਾਂ ਦੇ ਛੇਤੀ ਨਿਪਟਾਰੇ ਲਈ ਫਾਸਟ ਟ੍ਰੈਕ ਅਦਾਲਤਾਂ ਸਥਾਪਤ ਕਰਨ ਜਿਸ ਦਾ ਐਲਾਨ 24 ਦਸੰਬਰ 2022 ਨੂੰ ਲੁਧਿਆਣੇ ਦੇ ਗੁਰੂ ਨਾਨਕ ਸਟੇਡੀਅਮ ਵਿਚ ਪ੍ਰਵਾਸੀ ਪੰਜਾਬੀਆਂ ਨਾਲ ਕੀਤੀ ਮਿਲਣੀ ਸਮੇਂ ਕੀਤਾ ਸੀ ਅਤੇ ਇਨ੍ਹਾਂ ਸ਼ਕਾਇਤਾਂ ਬਾਰੇ ਕੀਤੀ ਗਈ ਕਾਰਵਾਈ ਬਾਰੇ ਵਾਇਟ ਪੇਪਰ ਜਾਰੀ ਕਰਨ ਦੀ ਮੰਗ ਕੀਤੀ ਹੈ। ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਤੇ ਐਨ ਆਰ ਆਈ ਮੰਤਰੀ ਸ੍ਰੀ ਕੁਲਦੀਪ ਸਿੰਘ ਧਾਲੀਵਾਲ ਨੂੰ ਲਿਖੇ ਇੱਕ ਪੱਤਰ ਵਿੱਚ ਮੰਚ ਦੇ ਸਰਪ੍ਰਸਤ ਡਾ ਚਰਨਜੀਤ ਸਿੰਘ ਗੁਮਟਾਲਾ, ਪ੍ਰਿੰਸੀਪਲ ਕੁਲਵੰਤ ਸਿੰਘ ਅਣਖੀ ,ਪ੍ਰਧਾਨ ਹਰਜਾਪ ਸਿੰਘ ਔਜਲਾ ਤੇ ਜਨਰਲ ਸਕੱਤਰ ਸੁਰਿੰਦਰਜੀਤ ਸਿੰਘ ਨੇ ਲਿਖੇ ਇੱਕ ਪੱਤਰ ਜਿਸ ਦੀ ਕਾਪੀ ਪ੍ਰੈਸ ਨੂੰ ਜਾਰੀ ਕੀਤੀ ਗਈ ਵਿੱਚ ਕਿਹਾ ਗਿਆ ਹੈ ਕਿ ਪ੍ਰਵਾਸੀ ਪੰਜਾਬੀਆਂ ਨੇ ਵਿਧਾਨ ਸਭਾ ਚੋਣਾਂ ਵਿੱਚ ਆਰਥਿਕ ਤੇ ਵੋਟਾਂ ਵਿੱਚ ਪਾਉਣ ਸਮੇਂ ਸਹਾਇਤਾ ਕੀਤੀ ਸੀ। ਚੋਣਾਂ ਵਿੱਚ ਆਮ ਪਾਰਟੀ ਵਾਅਦਾ ਕੀਤਾ ਗਿਆ ਸੀ ਕਿ ਜੇ ਸਾਡੀ ਸਰਕਾਰ ਬਣੇਗੀ ਤਾਂ ਪ੍ਰਵਾਸੀਆਂ ਦੇ ਮਸਲੇ ਪਹਿਲ ਦੇ ਆਧਾਰ 'ਤੇ ਹੱਲ ਕੀਤੇ ਜਾਣਗੇ।



ਚੋਣਾਂ ਜਿੱਤਣ ਬਾਅਦ ਐਨ ਆਰ ਆਈ ਮੰਤਰੀ ਸ ਕੁਲਦੀਪ ਸਿੰਘ ਧਾਲੀਵਾਲ ਨੇ ਵੱਖ ਵੱਖ ਸ਼ਹਿਰਾਂ ਵਿੱਚ ਜਾ ਕੇ ਪ੍ਰਵਾਸੀਆਂ ਦੀਆਂ ਲੋਕਾਂ ਵੱਲੋਂ ਨਜਾਇਜ਼ ਤੌਰ 'ਤੇ ਕੀਤੇ ਕਬਜ਼ਿਆਂ ਬਾਰੇ ਲਿਖਤੀ ਤੌਰ 'ਤੇ ਜਾਣਕਾਰੀ ਪ੍ਰਾਪਤ ਕੀਤੀ ਸੀ। ਮਾਝੇ ਦੇ ਪ੍ਰਵਾਸੀਆਂ ਦੀਆਂ ਅਰਜੀਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਵੱਖ ਵੱਖ ਡਿਪਟੀ ਕਮਿਸ਼ਨਰਾਂ ਤੇ ਹੋਰ ਅਧਿਕਾਰੀਆਂ ਨੂੰ ਸੱਦ ਕੇ ਪ੍ਰਾਪਤ ਕੀਤੀਆਂ ਗਈਆਂ ਜਿਨ੍ਹਾਂ ਬਾਰੇ ਅਜੇ ਤੀਕ ਕੋਈ ਜਾਣਕਾਰੀ ਮੀਡੀਆ ਵਿੱਚ ਨਹੀਂ ਆਈ ਕਿ ਇਨ੍ਹਾਂ ਸ਼ਕਾਇਤਾ ਦਾ ਕੀ ਬਣਿਆ?

ਅਖ਼ਬਾਰੀ ਖ਼ਬਰਾਂ ਅਨੁਸਾਰ ਪਿਛਲੇ ਸਾਲ 20 ਦਸੰਬਰ 2022 ਨੂੰ ਹੋਈ ਮੀਟਿੰਗ ਵਿੱਚ ਪ੍ਰਵਾਸੀ ਪੰਜਾਬੀਆਂ ਨੇ ਮੰਗ ਕੀਤੀ ਸੀ ਕਿ ਫਾਸਟ ਟਰੈਕ ਅਦਾਲਤਾਂ ਕਾਇਮ ਕੀਤੀਆਂ ਜਾਣ ਜਿਥੇ ਵਿਸ਼ੇਸ਼ ਸਮੇਂ ਵਿੱਚ ਸ਼ਕਾਇਤਾਂ ਦਾ ਨਿਪਟਾਰਾ ਕੀਤਾ ਜਾਵੇ। ਇਸ ਮੀਟਿੰਗ ਇੰਗਲੈਂਡ ਨਿਵਾਸੀ ਸ। ਕੁਲਦੀਪ ਸਿੰਘ ਧਾਲੀਵਾਲ ਜੋ ਕਿ ਐਨ ਆਰ ਆਈ ਸਭਾ ਦੇ ਪ੍ਰਧਾਨ ਵੀ ਹਨ ਜਿਨ੍ਹਾਂ ਪਾਸ ਬ੍ਰਿਟਿਸ਼ ਪਾਸਪੋਰਟ ਹੈ ਨੇ ਮੀਟਿੰਗ ਵਿੱਚ ਨੂੰ ਦੱਸਿਆ ਕਿ ਲੰਡਨ ਤੋਂ ਇੱਕ ਪ੍ਰਵਾਸੀ ਵੀਲ ਚੇਅਰ 'ਤੇ ਆਇਆ , ਜਿਸ ਦਾ 40 ਸਾਲ ਪੁਰਾਣਾ ਜ਼ਮੀਨ ਦਾ ਝਗੜਾ ਹੈ। ਅਮਰੀਕੀ ਪਾਸਪੋਰਟ ਵਾਲੀ ਕੈਲੀਫੋਰਨੀਆ ਤੋਂ ਆਈ ਹਰਜੀਤ ਕੌਰ ਸੈਣੀ ਨੇ ਸ਼ਕਾਇਤ ਕੀਤੀ ਕਿ ਉਸ ਨੇ 12 ਸਾਲ ਤੋਂ ਪਹਿਲਾਂ ਤਿੰਨ ਪਲਾਟ ਬੁਕ ਕਰਾਏ ਸਨ ਪਰ ਜੋ ਉਸ ਨੂੰ ਅਜੇ ਤੀਕ ਪ੍ਰਾਪਰਟੀ ਡੀਲਰ ਨੇ ਨਹੀਂ ਦਿੱਤੇ ਭਾਵੇਂ ਕਿ ਉਸ ਨੇ ਐਨ ਆਰ ਆਈ ਸੈਲ ਨੂੰ ਸ਼ਕਾਇਤ ਕੀਤੀ ਹੋਈ ਹੈ। ਉਸ ਨੇ ਇਸ ਤਰ੍ਹਾਂ ਉਸ ਦੇ ਕਹਿਣ ਅਨੁਸਾਰ ਪ੍ਰਾਪਰਟੀ ਡੀਲਰ ਨੇ ਉਸ ਨਾਲ ਫਰਾਡ ਕੀਤਾ ਹੈ। 1988 ਤੋਂ ਬ੍ਰਮਪਟਨ ਕੈਨੇਡਾ ਵਿਚ ਰਹਿੰਦੇ ਨਿਵਾਸੀ ਕੁਲਦੀਪ ਸਿੰਘ ਨੇ ਸ਼ਕਾਇਤ ਕੀਤੀ ਉਹ ਮੋਗੇ ਜ਼ਿਲੇ ਵਿੱਚ ਪਿੰਡ ਖੋਸਾ ਰਣਧੀਰ ਸਿੰਘ ਦਾ ਰਹਿਣ ਵਾਲਾ ਹੈ, ਖੇਤੀ ਬਾੜੀ ਲਈ ਟਿਊਬਵੈਲ ਦਾ ਬਿਜਲੀ ਕੁਨੈਕਸ਼ਨ ਅੱਠ ਸਾਲ ਬੀਤ ਜਾਣ ਦੇ ਬਾਵਜੂਦ ਅਜੇ ਤੀਕ ਨਹੀਂ ਮਿਲਿਆ ਤੇ ਉਸ ਨੂੰ ਨਾਲ ਦੇ ਕਿਸਾਨ ਨੂੰ ਪੈਸੇ ਦੇ ਕੇ ਪਾਣੀ ਲਵਾਉਣਾ ਪੈ ਰਿਹਾ ਹੈ। ਅਜਿਹੀਆਂ ਸ਼ਕਾਇਤਾਂ ਹੋਰ ਵੀ ਹਨ।

24 ਦਸੰਬਰ 2022 ਨੂੰ ਸ। ਕੁਲਦੀਪ ਸਿੰਘ ਧਾਲੀਵਾਲ ਨੇ ਲੁਧਿਆਣਾ ਦੇ ਗੁਰੂ ਨਾਨਕ ਦੇਵ ਭਵਨ ਵਿੱਚ ਪ੍ਰਵਾਸੀ ਪੰਜਾਬ ਸੰਮੇਲਨ ਵਿੱਚ ਐਲਾਨ ਕੀਤਾ ਸੀ ਕਿ ਪੰਜਾਬ ਸਰਕਾਰ ਜਲਦੀ ਹੀ ਫਾਸਟ ਟ੍ਰੈਕ ਅਦਾਲਤਾਂ ਸਥਾਪਤ ਕਰੇਗੀ ਤਾਂ ਜੋ ਪ੍ਰਵਾਸੀਆਂ ਦੇ ਮਸਲੇ ਛੇਤੀ ਹੱਲ ਹੋ ਸਕਣ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਇਸ ਬਾਰੇ ਮੁੱਖ-ਮੰਤਰੀ ਨਾਲ ਗੱਲ ਕਰ ਲਈ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਇਸ ਸੰਬੰਧੀ ਜਲਦੀ ਹੀ ਨੋਡਲਾ ਅਫ਼ਸਰ ਨਿਯੁਕਤ ਕੀਤੇ ਜਾਣਗੇ।

ਇਨ੍ਹਾਂ ਮਿਲਣੀਆਂ ਵਿੱਚ ਪੁਲੀਸ ਤੇ ਸਿਵਲ ਅਧਿਕਾਰੀ ਮੌਜੂਦ ਸਨ। ਸੁਆਲ ਪੈਦਾ ਹੁੰਦਾ ਹੈ ਕਿ ਵਿਸ਼ੇਸ਼ ਅਦਾਲਤਾਂ ਕਦੋਂ ਕਾਇਮ ਕੀਤੀਆਂ ਜਾਣਗੀਆਂ? ਮਿਲਣੀਆਂ ਹੋਈਆਂ ਨੂੰ ਛੇਵਾਂ ਮਹੀਨੇ ਤੋਂ ਵੱਧ ਦਾ ਸਮਾਂ ਹੋ ਗਿਆ ਹੈ ਪਰ ਅਜੇ ਤੀਕ ਪ੍ਰੈਸ ਵਿੱਚ ਇਨ੍ਹਾਂ ਐਲਾਨਾਂ ਬਾਰੇ ਕੋਈ ਖ਼ਬਰ ਨਹੀਂ ਆਈ। ਇੰਜ ਲੱਗਦਾ ਹੈ ਕਿ ਇਸ ਮਸਲੇ ਨੂੰ ਸਰਕਾਰ ਨੇ ਭੁਲਾ ਦਿੱਤਾ ਗਿਆ ਜਾਪਦਾ ਹੈ। ਇਸ ਸਮੇਂ ਸਭ ਤੋਂ ਭਖਵਾਂ ਮਸਲਾ ਜਗਰਾਉ ਦਾ ਹੈ ਜੋ ਅਖ਼ਬਾਰਾਂ ਤੇ ਟੀ।ਵੀ। ਚੈਨਲਾਂ ਵਿੱਚ ਪਿਛਲੇ ਕਈ ਦਿਨਾਂ ਤੋਂ ਆ ਰਿਹਾ ਹੈ, ਜਿਸ ਵਿੱਚ ਕੈਨੇਡਾ ਦੀ ਇੱਕ ਵਿਧਵਾ ਬਜ਼ੁਰਗ ਔਰਤ ਜੋ ਕਿ ਵੀਲ ਚੇਅਰ ਉਪਰ ਹੈ ਦੀ ਕੋਠੀ ਜੋ ਕਿ ਕਈ ਸਾਲਾਂ ਤੋਂ ਬੰਦ ਪਈ ਸੀ ਉਪਰ ਮੰਤਰੀ ਸਰਵਜੀਤ ਕੌਰ ਮਾਣੋਕੇ ਨੇ ਨਜਾਇਜ਼ ਕਬਜ਼ਾ ਕਰ ਲਿਆ। ਇਹ ਮਸਲਾ ਸਿਆਸੀ ਪਾਰਟੀਆਂ ਜਿਨ੍ਹਾ ਵਿੱਚ ਕਾਂਗਰਸੀ ਵਧਾਇਕ ਸ। ਸੁਖਪਾਲ ਸਿੰਘ ਖਹਿਰਾ ਤੇ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਸ। ਪ੍ਰਤਾਪ ਸਿੰਘ ਬਾਜਵਾ ਨੇ ਮੀਡਿਆ ਵਿਚ ਖ਼ੂਬ ਉਛਾਲਿਆਂ ਤੇ ਬਾਦ ਕਿਸਾਨ ਸਭਾਵਾਂ ਨੇ ਇਸ ਨੂੰ ਆਪਣੇ ਹੱਥ ਵਿੱਚ ਲਿਆ ਜਿਸ ਦੇ ਸਿੱਟੇ ਵਜੋਂ ਹੁਣ ਚਾਬੀਆਂ ਪਰਿਵਾਰ ਨੂੰ ਦੇ ਦਿੱਤੀਆਂ ਗਈਆਂ ਹਨ। ਜਦ ਪਰਿਵਾਰ ਨੇ ਘਰ ਦਾ ਬੂਹਾ ਖੋਲਿਆ ਤਾਂ ਵੇਖਿਆ ਕਿ ਉਥੋਂ ਦਾ ਏ ਸੀ, ਟੂਟੀਆਂ ਤੇ ਹੋਰ ਸਾਰਾ ਸਾਮਾਨ ਗਾਇਬ ਸੀ। ਅਫ਼ਸੋਸ ਦੀ ਗੱਲ ਹੈ ਕਿ ਨਾ ਤਾਂ ਮੁੱਖ ਮੰਤਰੀ ਜਾਂ ਉਨ੍ਹਾਂ ਦੇ ਦਫ਼ਤਰ ਵੱਲੋਂ ਕੋਈ ਬਿਆਨ ਆਇਆ ਤੇ ਨਾ ਹੀ ਐਨ ਆਰ ਆਈ ਮੰਤਰੀ ਸ ਕੁਲਦੀਪ ਸਿੰਘ ਧਾਲੀਵਾਲ ਨੇ ਪਰਿਵਾਰ ਨੂੰ ਮਿਲਣ ਦੀ ਖੇਚਲ ਕੀਤੀ ਤੇ ਨਾ ਹੀ ਕੋਈ ਬਿਆਨ ਆਇਆ, ਹਾਲਾਂਕਿ ਪਰਿਵਾਰ ਵੱਖ ਵੱਖ ਅਧਿਕਾਰੀਆਂ, ਮੁੱਖ ਮੰਤਰੀ ਦੇ ਓ ਐਸ ਡੀ ਸ ਮਨਜੀਤ ਸਿੰਘ ਸਿੱਧੂ, ਸਪੀਕਰ ਸ ਕੁਲਤਾਰ ਸਿੰਘ ਸੰਧਵਾਂ ਨੂੰ ਵੀ ਮਿਲਿਆ ਜਿਨ੍ਹਾਂ ਨੇ ਯਕੀਨ ਕਬਜਾ ਦਿਵਾਉਣ ਦਾ ਯਕੀਨ ਦਿਵਾਇਆ ਪਰ ਇਸ ਦੇ ਬਾਵਜੂਦ ਕੁਝ ਨਹੀਂ ਕੀਤਾ। ਕੀ ਦੋਸ਼ੀਆਂ ਨੂੰ ਸਜ਼ਾ ਮਿਲੇਗੀ ?



ਕੀ ਕੋਠੀ ਦੀ ਭੰਨ ਤੋੜ ਤੇ ਪ੍ਰਵਾਰ ਨੂੰ ਕੈਨਡਾ ਤੋਂ ਆਪਣਾ ਕਾਰੋਬਾਰ ਤੇ ਨੌਕਰੀਆਂ ਛੱਡ ਕਿ ਹੋਇ ਆਰਥਕ ਨੁਕਸਾਨ ਦੀ ਭਰਪਾਈ ਕੀਤੀ ਜਾਵੇਗੀ ? ਇਹ ਸਮਾਂ ਹੀ ਦੱਸੇਗਾ। ਏਸੇ ਤਰ੍ਹਾਂ ਦੇ ਕਈ ਕੇਸ ਮੁਹਾਲੀ, ਅੰਮ੍ਰਿਤਸਰ ਤੇ ਹੋਰ ਸ਼ਹਿਰਾਂ ਵਿਚ ਹਨ ਜਿਨ੍ਹਾਂ ਦੀਆਂ ਅਰਜੀਆਂ ਸ ਕੁਲਦੀਪ ਸਿੰਘ ਧਾਲੀਵਾਲ ਨੇ ਆਪ ਪ੍ਰਾਪਤ ਕੀਤੀਆਂ ਸਨ ਜਾਂ ਪਹਿਲਾਂ ਹੀ ਸਰਕਾਰ ਦੇ ਵਿਚਾਰ ਅਧੀਨ ਹਨ ਉਨ੍ਹਾਂ ਦੀ ਕਦੋਂ ਸੁਣਵਾਈ ਹੋਵੇਗੀ? ਇਹ ਸਮਾਂ ਹੀ ਦਸੇਗਾ।

ਇਸ ਲਈ ਆਮ ਪਾਰਟੀ ਲੈਂਡ ਮਾਫੀਆ ਨੂੰ ਨੱਥ ਪਾਉਣ ਵਿੱਚ ਬੁਰੀ ਤਰ੍ਹਾਂ ਫੇਲ ਹੋਈ। ਇਸ ਕਰਕੇ ਨਾ ਕੇਵਲ ਪੰਜਾਬ ਸਗੋਂ ਵਿਦੇਸ਼ਾਂ ਵਿੱਚ ਵੀ ਸਰਕਾਰ ਦਾ ਅਕਸ ਖਰਾਬ ਹੋ ਰਿਹਾ ਹੈ। ਇੱਕ ਪਾਸੇ ਪ੍ਰਵਾਸੀਆਂ ਨੂੰ ਪੰਜਾਬ ਵਿੱਚ ਉਦਯੋਗ ਲਾਉਣ ਲਈ ਅਪੀਲ ਕੀਤੀ ਜਾ ਰਹੀ ਹੈ ਦੂਜੇ ਪਾਸੇ ਧੜਾ ਧੜ ਪ੍ਰਵਾਸੀਆਂ ਦੀਆਂ ਜਾਇਦਾਦਾਂ 'ਤੇ ਕਬਜੇ ਹੋ ਰਹੇ ਹਨ ਤੇ ਪ੍ਰਵਾਸੀ ਇਹੋ ਸੋਚ ਰਹੇ ਹਨ ਕਿ ਇਥੋਂ ਜਾਇਦਾਦਾਂ ਵੇਚ ਕੇ ਪੈਸਾ ਬਾਹਰ ਲੈ ਜਾਈਏ। ਇਸ ਲਈ ਮੰਚ ਆਗੂਆਂ ਨੇ ਮੁੱਖ ਮੰਤਰੀ , ਪ੍ਰਵਾਸੀ ਮੰਤਰੀ ਤੇ ਪੰਜਾਬ ਦੇ ਸਮੂਹ ਵਿਧਾਇਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪੋ ਆਪਣੇ ਇਲਾਕੇ ਵਿੱਚ ਪ੍ਰਵਾਸੀਆਂ ਦੀਆਂ ਜਾਇਦਾਦਾਂ ਨੂੰ ਭੂਮੀ ਮਾਫ਼ੀਆ ਤੋਂ ਬਚਾਉਣ ਲਈ ਅੱਗੇ ਆਉਣ ਨਹੀਂ ਤੇ ਆਉਂਦੀਆਂ ਚੋਣਾਂ ਵਿੱਚ ਉਨ੍ਹਾਂ ਨੂੰ ਇਸ ਦੀ ਕੀਮਤ ਚਕਾਉਣੀ ਪਵੇਗੀ।

**ਜਾਰੀ ਕਰਤਾ- ਸੁਰਿੰਦਰਜੀਤ ਸਿੰਘ ਜਨਰਲ ਸਕੱਤਰ,**
**919815679574( ਅੰਮ੍ਰਿਤਸਰ)**
**001 937ਨ5739812 ਡੇਟਨ ਓਹਾਇਹੋ ਯੂ ਐਸ ਏ**

# ਕੈਨੇਡਾ 'ਚ ਫਸੇ ਵਿਦਿਆਰਥੀਆਂ ਨੇ ਪੰਜਾਬ ਸਰਕਾਰ ਤੋਂ ਮੰਗੀ ਮਦਦ

ਸਰੀ-ਪੰਜਾਬ ਵਿੱਚ ਟਰੈਵਲ ਏਜੰਟਾਂ ਦੀ ਧੋਖਾਧੜੀ ਕਾਰਨ ਕੈਨੇਡਾ ਵਿੱਚ ਫਸੇ ਭਾਰਤੀ ਵਿਦਿਆਰਥੀਆਂ ਨੂੰ ਡਿਪੋਰਟ ਕਰਨ ਦਾ ਖ਼ਤਰਾ ਪੂਰੀ ਤਰ੍ਹਾਂ ਟਲਿਆ ਨਹੀਂ ਹੈ। ਇਸ ਕਾਰਨ ਕੈਨੇਡਾ 'ਚ ਫਸੇ ਪੰਜਾਬੀ ਵਿਦਿਆਰਥੀਆਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਚਿੱਠੀ ਲਿਖ ਕੇ ਮਦਦ ਦੀ ਮੰਗ ਕੀਤੀ ਹੈ। ਹਾਲਾਂਕਿ ਇਸੇ ਘਪਲੇ ਦੇ ਸਭ ਤੋਂ ਵੱਡੇ ਮਗਰਮੱਛ ਬ੍ਰਜੇਸ਼ ਮਿਸ਼ਰਾ ਨੂੰ ਕੈਨੇਡਾ ਤੋਂ ਗ੍ਰਿਫਤਾਰ ਕਰ ਲਿਆ ਗਿਆ ਹੈ। ਵਿਦਿਆਰਥੀਆਂ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਦਾ ਕੇਸ ਕੈਨੇਡੀਅਨ ਏਜੰਸੀ ਕੋਲ ਪੇਸ਼ ਕੀਤਾ ਜਾਵੇ।



ਪੰਜਾਬੀ ਵਿਦਿਆਰਥੀਆਂ ਨੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਮੰਗ ਕੀਤੀ ਹੈ ਕਿ ਮਾਮਲੇ ਦੀ ਜਾਂਚ ਲਈ ਸਪੈਸ਼ਲ ਟਾਸਕ ਫੋਰਸ (ਐਸਟੀਐਫ) ਦਾ ਗਠਨ ਕੀਤਾ ਜਾਵੇ, ਤਾਂ ਜੋ ਉਨ੍ਹਾਂ ਦੀ ਪੂਰੀ ਮਦਦ ਕੀਤੀ ਜਾ ਸਕੇ। ਇਸ ਦੇ ਨਾਲ ਹੀ ਵਿਦਿਆਰਥੀਆਂ ਨੂੰ ਪੀਆਰ ਦਿੱਤੀ ਜਾ ਸਕਦੀ ਹੈ ਅਤੇ ਉਨ੍ਹਾਂ ਦੇ ਰਹਿਣ-ਸਹਿਣ ਦਾ ਪ੍ਰਬੰਧ ਯਕੀਨੀ ਬਣਾਇਆ ਜਾ ਸਕਦਾ ਹੈ। ਮੁੱਖ ਭਗਵੰਤ ਮਾਨ ਨੂੰ ਭੇਜੇ ਪੱਤਰ ਵਿੱਚ ਵਿਦਿਆਰਥੀਆਂ ਨੇ ਉਨ੍ਹਾਂ ਨਾਲ ਠੱਗੀ ਮਾਰਨ ਵਾਲੇ ਕਈ ਏਜੰਟਾਂ ਦੇ ਨਾਂ ਲਿਖੇ ਹਨ। ਇਨ੍ਹਾਂ ਵਿੱਚ ਮੁਲਜ਼ਮ ਏਜੰਟ ਬ੍ਰਜੇਸ਼ ਮਿਸ਼ਰਾ ਸਮੇਤ ਕੁੱਲ 5 ਏਜੰਟਾਂ ਦੇ ਨਾਂ ਸ਼ਾਮਲ ਹਨ। ਉਨ੍ਹਾਂ ਪੰਜਾਬ ਵਿੱਚ ਰਹਿੰਦੇ ਆਪਣੇ ਪਰਿਵਾਰਾਂ ਦੀ ਆਰਥਿਕ ਮਦਦ ਦੀ ਵੀ ਅਪੀਲ ਕੀਤੀ ਹੈ। ਜਾਣਕਾਰੀ ਅਨੁਸਾਰ ਇਸ ਮਾਮਲੇ ਵਿੱਚ ਕੈਨੇਡੀਅਨ ਬਾਰਡਰ ਏਜੰਸੀ ਵੱਲੋਂ ਵੀ ਕੇਸ ਦਰਜ ਕੀਤਾ ਗਿਆ ਹੈ। ਝੂਠੇ ਏਜੰਟ ਬ੍ਰਜੇਸ਼ ਮਿਸ਼ਰਾ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ ਹੈ। ਬ੍ਰਜੇਸ਼ ਮਿਸ਼ਰਾ ਕੋਲ ਰਜਿਸਟਰਡ ਲਾਇਸੈਂਸ ਵੀ ਨਹੀਂ ਸੀ। ਫਿਲਹਾਲ ਕੈਨੇਡੀਅਨ ਜਾਂਚ ਏਜੰਸੀ ਮਾਮਲੇ ਦੇ ਸਾਰੇ ਤੱਥਾਂ ਦੀ ਜਾਂਚ ਕਰਨ ਵਿੱਚ ਲੱਗੀ ਹੋਈ ਹੈ।

ਦੱਸ ਦਈਏ ਕਿ ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਸੀਨ ਫਰੇਜ਼ਰ ਨੇ ਬੀਤੇ ਕੁਝ ਦਿਨ ਪਹਿਲਾਂ ਕਿਹਾ ਸੀ ਕਿ ਕੈਨੇਡੀਅਨ ਸਰਕਾਰ ਨੇ ਉਨ੍ਹਾਂ ਭਾਰਤੀ ਵਿਦਿਆਰਥੀਆਂ ਨੂੰ ਡਿਪੋਰਟ ਨਾ ਕਰਨ ਦਾ ਫੈਸਲਾ ਕੀਤਾ ਸੀ, ਜੋ ਇਮੀਗ੍ਰੇਸ਼ਨ ਧੋਖਾਧੜੀ ਦਾ ਸ਼ਿਕਾਰ ਹਨ ਅਤੇ ਜਾਅਲੀ ਯੂਨੀਵਰਸਿਟੀ ਸਵੀਕ੍ਰਿਤੀ ਪੱਤਰਾਂ ਦੀ ਵਰਤੋਂ ਕਰ ਕੇ ਦੇਸ਼ ਵਿੱਚ ਦਾਖਲ ਹੋਏ ਹਨ। ਉਨ੍ਹਾਂ ਇਹ ਵੀ ਦੱਸਿਆ ਸੀ ਕਿ ਹਰੇਕ ਮਾਮਲੇ ਦੀ ਜਾਂਚ ਕਰਨ ਅਤੇ ਧੋਖਾਧੜੀ ਦੇ ਪੀੜਤਾਂ ਦੀ ਮਦਦ ਕਰਨ ਲਈ ਇੱਕ ਟਾਸਕ ਫੋਰਸ ਦਾ ਗਠਨ ਕੀਤਾ ਗਿਆ ਹੈ।ਉਨ੍ਹਾਂ ਭਰੋਸਾ ਦਿਵਾਇਆ ਕਿ ਏਜੰਟਾਂ ਦੁਆਰਾ ਧੋਖਾਧੜੀ ਦਾ ਸ਼ਿਕਾਰ ਹੋਏ ਵਿਦਿਆਰਥੀਆਂ ਨੂੰ ਡਿਪੋਰਟ ਨਹੀਂ ਕੀਤਾ ਜਾਵੇਗਾ ਅਤੇ ਉਨ੍ਹਾਂ ਨੂੰ ਕੈਨੇਡਾ ਵਿੱਚ ਅਸਥਾਈ ਨਿਵਾਸੀ ਪਰਮਿਟ ਜਾਰੀ ਕੀਤੇ ਜਾਣਗੇ ਤਾਂ ਜੋ ਉਨ੍ਹਾਂ ਦੇ ਅਧਿਐਨ ਕਰਨ ਦੇ ਇਰਾਦੇ ਵਿੱਚ ਰੁਕਾਵਟ ਨਾ ਆਵੇ। ਕਈ ਭਾਰਤੀ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸਵੀਕ੍ਰਿਤੀ ਪੱਤਰਾਂ ਦੇ ਫਰਜ਼ੀ ਪਾਏ ਜਾਣ ਤੋਂ ਬਾਅਦ ਦੇਸ਼ ਨਿਕਾਲੇ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਵਿਦੇਸ਼ੀ ਮੰਤਰੀ ਨੇ ਕਿਹਾ ਸੀ ਕਿ "ਮੈਂ ਇਹ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਜਿਹੜੇ ਅੰਤਰਰਾਸ਼ਟਰੀ ਵਿਦਿਆਰਥੀ ਧੋਖਾਧੜੀ ਵਿੱਚ ਸ਼ਾਮਲ ਨਹੀਂ ਪਾਏ ਗਏ ਹਨ, ਉਨ੍ਹਾਂ ਨੂੰ ਦੇਸ਼ ਨਿਕਾਲੇ ਦਾ ਸਾਹਮਣਾ ਨਹੀਂ ਕਰਨਾ ਪਵੇਗਾ"। ਕੈਨੇਡੀਅਨ ਇਮੀਗ੍ਰੇਸ਼ਨ ਮੰਤਰੀ ਨੇ ਮੁੜ ਭਰੋਸਾ ਦਿਵਾਇਆ ਕਿ ਜੇਕਰ ਕਿਸੇ ਵਿਅਕਤੀਗਤ ਕੇਸ ਦੇ ਤੱਥ ਸਪੱਸ਼ਟ ਹੁੰਦੇ ਹਨ ਕਿ ਇੱਕ ਅੰਤਰਰਾਸ਼ਟਰੀ ਵਿਦਿਆਰਥੀ ਪੜ੍ਹਾਈ ਕਰਨ ਦੇ ਸੱਚੇ ਇਰਾਦੇ ਨਾਲ ਕੈਨੇਡਾ ਆਇਆ ਸੀ ਅਤੇ ਜਾਅਲੀ ਦਸਤਾਵੇਜ਼ਾਂ ਦੀ ਵਰਤੋਂ ਦੀ ਜਾਣਕਾਰੀ ਤੋਂ ਬਿਨਾਂ ਤਾਂ ਸਰਕਾਰ ਵੱਲੋਂ ਅਧਿਕਾਰੀਆਂ ਨੂੰ ਉਕਤ ਵਿਦਿਆਰਥੀ ਨੂੰ ਇੱਕ ਅਸਥਾਈ ਨਿਵਾਸੀ ਪਰਮਿਟ ਜਾਰੀ ਕਰਨ ਲਈ ਨਿਰਦੇਸ਼ ਦਿੱਤੇ ਗਏ ਹਨ। ਇਹ ਸੁਨਿਸ਼ਚਿਤ ਕਰੇਗਾ ਕਿ ਇਹ ਨੇਕ ਇਰਾਦੇ ਵਾਲੇ ਵਿਦਿਆਰਥੀ ਅਤੇ ਗ੍ਰੈਜੂਏਟ ਕੈਨੇਡਾ ਵਿੱਚ ਰਹਿ ਸਕਦੇ ਹਨ ਅਤੇ ਇਹ ਯਕੀਨੀ ਬਣਾਏਗਾ ਕਿ ਉਹ ਕੈਨੇਡਾ ਵਿੱਚ ਮੁੜ ਦਾਖਲ ਹੋਣ 'ਤੇ 5 ਸਾਲਾਂ ਦੀ ਪਾਬੰਦੀ ਦੇ ਅਧੀਨ ਨਹੀਂ ਹਨ।

# ਨੌਜਵਾਨ ਵਰਗ ਦਾ ਸਮਾਜ ਤੇ ਦੇਸ਼ ਦੇ ਵਿਕਾਸ 'ਚ ਅਹਿਮ ਯੋਗਦਾਨ - ਸਹਾਇਕ ਕਮਿਸ਼ਨਰ ਗੁਰਲੀਨ ਕੌਰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਨੌਜਵਾਨ ਵਰਗ ਹਰ ਸਮਾਜ ਦੀ ਤਾਕਤ ਹੁੰਦੇ ਹਨ, ਉਨ੍ਹਾਂ ਦਾ ਸਮਾਜ ਅਤੇ ਦੇਸ਼ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਹੁੰਦਾ ਹੈ। ਇਸ ਸਬੰਧੀ ਅੱਜ ਸਹਾਇਕ ਕਮਿਸ਼ਨਰ (ਜ) ਗੁਰਲੀਨ ਕੌਰ ਵਲੋਂ ਕਰਮਚਾਰੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਸਹੁੰ ਚੁਕਾਈ ਗਈ। ਉਨ੍ਹਾਂ ਕਿਹਾ ਕਿ ਅਸੀਂ ਅੱਜ ਨਸ਼ਾ ਮੁਕਤ ਭਾਰਤ ਮੁਹਿੰਮ ਦੇ ਤਹਿਤ ਇਕ ਜੁੱਟ ਹੋ ਕੇ ਇਹ ਸਹੁੰ ਚੁੱਕਦੇ ਹਾਂ ਕਿ ਅਸੀਂ ਆਪਣੇ ਸਮਾਜ, ਪਰਿਵਾਰ, ਦੋਸਤਾਂ ਨੂੰ ਹੀ ਨਹੀਂ, ਬਲਕਿ ਆਪਣੇ ਆਪ ਨੂੰ ਵੀ ਨਸ਼ਾ ਮੁਕਤ ਕਰਾਂਗੇ ਕਿਉਂਕਿ ਬਦਲਾਅ ਦੀ ਸ਼ੁਰੂਆਤ ਆਪਣੇ ਆਪ ਤੋਂ ਹੀ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਅਸੀਂ ਸਾਰੇ ਮਿਲ ਕੇ ਸ਼ਹੀਦ ਭਗਤ ਸਿੰਘ ਨਗਰ ਅਤੇ ਸੂਬੇ ਨੂੰ ਨਸ਼ਾ ਮੁਕਤ ਕਰਵਾਉਣ ਦਾ ਦ੍ਰਿੜ ਨਿਸਚੇ ਕਰਦੇ ਹਾਂ। ਉਨ੍ਹਾਂ ਕਿਹਾ ਕਿ ਅਸੀਂ ਆਪਣੇ ਦੇਸ਼ ਨੂੰ ਨਸ਼ਾ ਮੁਕਤ ਕਰਨ ਲਈ ਆਪਣੀ ਸਮਰੱਥਾ ਦੇ ਅਨੁਸਾਰ ਹਰ ਸੰਭਵ ਕੋਸ਼ਿਸ਼ ਕਰਾਂਗੇ।



ਇਸ ਮੌਕੇ ਸੁਪਰਡੰਟ ਬਹਾਦਰ ਸਿੰਘ, ਜ਼ਿਲ੍ਹਾ ਨਾਜ਼ਰ ਬਲਕਾਰ ਸਿੰਘ, ਰਾਜ ਬਹਾਦਰ, ਜਸਵੀਰ ਕੁਮਾਰੀ, ਜਸਵਿੰਦਰ ਸਿੰਘ, ਜਤਿੰਦਰ ਸਿੰਘ, ਸੁਖਵਿੰਦਰ ਸਿੰਘ, ਸ਼ਸ਼ੀ ਬਾਲਾ, ਪਰਮਵੀਰ ਸਿੰਘ ਤੋਂ ਇਲਾਵਾ ਹੋਰ ਵੀ ਮੁਲਾਜ਼ਿਮ ਹਾਜ਼ਰ ਸਨ।

# ਨਵਜੋਤ ਸਾਹਿਤ ਸੰਸਥਾ ਔੜ ਵਲੋਂ ਸਾਹਿਤਕ ਯਾਤਰਾ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਨਵਜੋਤ ਸਾਹਿਤ ਸੰਸਥਾ ਔੜ ਵਲੋਂ ਨਵਜੋਤ ਕਲਾ ਕੇਂਦਰ ਗੱਜਰ ਤੱਕ ਸਾਹਿਤਕ ਯਾਤਰਾ ਕੱਢੀ ਗਈ। ਯਾਤਰਾ 'ਚ ਸੰਸਥਾ ਨਾਲ ਜੁੜੇ ਲੇਖਕਾਂ ਨੇ ਪਰਿਵਾਰਾਂ ਸਮੇਤ ਭਰਵੀਂ ਸ਼ਮੂਲੀਅਤ ਕੀਤੀ। ਇਹ ਯਾਤਰਾ ਸੰਸਥਾ ਦੇ ਪ੍ਰਧਾਨ ਰਜਨੀ ਸ਼ਰਮਾ ਦੀ ਅਗਵਾਈ 'ਚ ਕੀਤੀ ਗਈ, ਜੋ ਕਿ ਔੜ ਤੋਂ ਸ਼ੁਰੂ ਹੋ ਕੇ ਮਜਾਰੀ, ਬੰਗਾ, ਕਰਨਾਣਾ, ਸਾਹਲੋਂ, ਸਕੋਹਪੁਰ, ਕਰਿਆਮ, ਨਵਾਂਸ਼ਹਿਰ, ਮੁਬਾਰਕਪੁਰ, ਗੜ੍ਹਸ਼ੰਕਰ ਆਦਿ ਰਾਹੀਂ ਹੁੰਦੀ ਹੋਈ ਗੱਜਰ ਪੁੱਜੀ। ਔੜ ਤੋਂ ਰਵਾਨਗੀ ਸਮੇਂ ਯਾਤਰਾ ਦੇ ਮਿਸ਼ਨ ਤੇ ਰੌਸ਼ਨੀ ਪਾਉਂਦਿਆਂ ਯਾਤਰਾ ਦੇ ਯੋਜਨਾਕਾਰ ਸੁਰਜੀਤ ਮਜਾਰੀ ਨੇ ਦੱਸਿਆ ਕਿਲੇ ਵਰਗ ਦੇ ਪਰਿਵਾਰਾਂ ਵਲੋਂ ਮਿਲੇ ਸਹਿਯੋਗ ਲਈ ਧੰਨਵਾਦ ਕਰਨ ਤੇ ਉਹਨਾਂ ਦਾ ਸਨਮਾਨ ਕਰਨ ਵਜੋਂ ਨਿਵੇਕਲੀ ਪਿਰਤ ਪਾਈ ਹੈ। ਰੌਸ਼ਨ ਕਲਾ ਕੇਂਦਰ ਗੱਜਰ ਵਿਖੇ ਪੁੱਜ ਕੇ ਇਸ ਯਾਤਰਾ ਦੌਰਾਨ ਇਕ ਸਾਹਿਤਕ ਸਮਾਗਮ ਵੀ ਕਰਵਾਇਆ ਗਿਆ। ਕੇਂਦਰੀ ਲੇਖਕ ਸਭਾ (ਸੇਖੋਂ) ਦੇ ਜਨਰਲ ਸਕੱਤਰ ਪ੍ਰੋ: ਸੰਧੂ ਵਰਿਆਣਵੀ ਨੇ ਸ਼ਮਾਂ ਰੌਸ਼ਨ ਕਰਕੇ ਉਦਘਾਟਨੀ ਰਸਮ ਨਿਭਾਈ। ਕੇਂਦਰ ਵਲੋਂ ਪ੍ਰੋ: ਅਜੀਤ ਸਿੰਘ ਵਲੋਂ ਸਵਾਗਤੀ ਸ਼ਬਦ ਕਹੇ ਤੇ ਸੰਸਥਾ ਦੀਆਂ ਸੇਵਾਵਾਂ ਨੂੰ ਪੇਂਡੂ ਖਿੱਤੇ ਵਿੱਚ ਸਾਹਿਤਕ ਲੋਅ ਵੰਡਣ ਦਾ ਕਾਰਜ ਦੱਸਿਆ। ਸੰਸਥਾ ਦੇ ਸਕੱਤਰ ਮੈਡਮ ਅਮਰ ਜਿੰਦ ਨੇ ਦੱਸਿਆ ਕਿ ਸੰਸਥਾ ਵਲੋਂ ਇਸ ਵਰ੍ਹੇ 'ਮਹਿਲਾ ਸ਼ਸ਼ਕਤੀਕਰਨ' ਨੂੰ ਸਮਰਪਿਤ ਸਮਾਗਮਾ ਦੀ ਲੜੀ ਵਾਰੇ ਜਾਣਕਾਰੀ ਸਾਂਝੀ ਕੀਤੀ। ਇਸ ਯਾਤਰਾ ਦੌਰਾਨ ਕਮਲਾ ਸੱਲ੍ਹਣ, ਪਰਮਜੀਤ ਕੌਰ ਕੰਵਰ, ਸਰਬਜੀਤ ਕੌਰ, ਇੰਦਰਾ, ਬਲਵਿੰਦਰ ਕੌਰ ਬਾਲੀ, ਸੁਰਿੰਦਰ ਕੌਰ, ਬਲਵੀਰ ਕੌਰ, ਸੁਰਜੀਤ ਕੌਰ, ਤੀਰਥ ਕੌਰ, ਰਾਜਵੀਰ ਕੌਰ ਆਦਿ ਨੂੰ ਯਾਦਗਾਰੀ ਚਿੰਨ੍ਹ, ਪ੍ਰਮਾਣ ਪੱਤਰ ਤੇ ਫੁੱਲ ਮਲਾਵਾਂ ਪ੍ਰਦਾਨ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਰੌਸ਼ਨ ਕਲਾ ਕੇਂਦਰ ਲਈ 'ਨਵਜੋਤ' ਸੋਵੀਨਾਰ ਅਤੇ ਮਾਸਿਕ 'ਅਦਬੀ ਮਹਿਕ' ਦੀਆਂ ਕਾਪੀਆਂ ਵੀ ਦਿੱਤੀਆਂ ਗਈਆਂ। ਆਖਰ 'ਚ ਸਰਬਸੰਮਤੀ ਨਾਲ ਇਹ ਐਲਾਨ ਵੀ ਕੀਤਾ ਗਿਆ ਕਿ ਨਵਜੋਤ ਸਾਹਿਤ ਸੰਸਥਾ ਦੇ ਜਨਮ ਸਥਾਨ ਔੜ ਤੋਂ ਰੌਸ਼ਨ ਕਲਾ ਕੇਂਦਰ ਹਰ ਵਰ੍ਹੇ ਅਜਿਹੀ ਹੀ ਸਾਹਿਤਕ ਯਾਤਰਾ ਦਾ ਪ੍ਰਬੰਧ ਕੀਤਾ ਜਾਵੇਗਾ।

# ਐਨਸੀਈਆਰਟੀ ਦੇ ਸਿਲੇਬਸ 'ਚੋਂ ਡਾਰਵਿਨ ਦੇ ਜੀਵ-ਵਿਕਾਸ ਸਿਧਾਂਤ ਨੂੰ ਬਾਹਰ ਕੱਢਣ ਦੀ ਸਖ਼ਤ ਨਿਖੇਧੀ

**ਸੰਗਰੂਰ, (ਦਲਜੀਤ ਕੌਰ)-** ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੀ ਮੀਟਿੰਗ ਜ਼ੋਨ ਜਥੇਬੰਦਕ ਮੁਖੀ ਮਾਸਟਰ ਪਰਮਵੇਦ ਤੇ ਇਕਾਈ ਮੁਖੀ ਸੁਰਿੰਦਰ ਪਾਲ ਉਪਲੀ ਦੀ ਅਗਵਾਈ ਵਿੱਚ ਸੰਗਰੂਰ ਵਿਖੇ ਹੋਈ। ਮੀਟਿੰਗ ਵਿੱਚ ਕੇਂਦਰੀ ਸਿੱਖਿਆ ਮੰਤਰਾਲੇ ਵਲੋਂ ਐਨ ਸੀ ਈ ਆਰ ਟੀ ਦੇ ਦਸਵੀਂ ਜਮਾਤ ਦੇ ਸਿਲੇਬਸ 'ਚੋਂ ਕੌਮਾਂਤਰੀ ਪ੍ਰਸਿੱਧ ਵਿਗਿਆਨੀ ਚਾਰਲਸ ਡਾਰਵਿਨ ਨਾਲ ਸੰਬੰਧਿਤ ਜੀਵ ਵਿਕਾਸ ਦੇ ਸਿਧਾਂਤ ਨੂੰ ਬਾਹਰ ਕੱਢਣ ਅਤੇ ਕੌਮੀ ਸਿੱਖਿਆ ਨੀਤੀ 2020 ਹੇਠ ਸਿੱਖਿਆ ਦਾ ਭਗਵਾਂਕਰਨ ਅਤੇ ਵਪਾਰੀਕਰਨ ਕੀਤੇ ਜਾਣ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਅਜਿਹੇ ਲੋਕ ਵਿਰੋਧੀ ਫਾਸ਼ੀਵਾਦੀ ਫੈਸਲਿਆਂ ਨੂੰ ਤੁਰੰਤ ਰੱਦ ਕਰਨ ਦੀ ਜ਼ੋਰਦਾਰ ਮੰਗ ਕੀਤੀ ਹੈ। ਇਸ ਸਬੰਧੀ ਤਰਕਸ਼ੀਲ ਸੁਸਾਇਟੀ ਵਲੋਂ ਪੰਜਾਬ ਦੇ ਸਿੱਖਿਆ ਮੰਤਰੀ ਅਤੇ ਐਸ ਸੀ ਈ ਆਰ ਟੀ ਦੇ ਨਿਰਦੇਸ਼ਕ ਨੂੰ ਵੀ ਮੰਗ ਪੱਤਰ ਦੇਣ ਦਾ ਫੈਸਲਾ ਕੀਤਾ ਗਿਆ।



ਇਸ ਸਬੰਧੀ ਸੁਸਾਇਟੀ ਦੀ ਵਿਸ਼ੇਸ਼ ਮੀਟਿੰਗ ਤੋਂ ਬਾਅਦ ਪ੍ਰੈੱਸ ਬਿਆਨ ਜਾਰੀ ਕਰਦਿਆਂ ਤਰਕਸ਼ੀਲ ਆਗੂਆਂ ਸੀਤਾ ਰਾਮ, ਚਰਨ ਕਮਲ ਸਿੰਘ, ਕ੍ਰਿਸ਼ਨ ਸਿੰਘ, ਗੁਰਦੀਪ ਸਿੰਘ ਲਹਿਰਾ ਤੇ ਪ੍ਰਗਟ ਸਿੰਘ ਨੇ ਕਿਹਾ ਕਿ ਚਾਰਲਸ ਡਾਰਵਿਨ ਨੇ ਜੀਵ ਵਿਕਾਸ ਦੇ ਵਿਗਿਆਨਕ ਸਿਧਾਂਤ ਰਾਹੀਂ ਤੱਥਾਂ ਸਹਿਤ ਇਹ ਸਿੱਧ ਕੀਤਾ ਕਿ ਮਨੁੱਖ ਕਿਸੇ ਅਖੌਤੀ ਗੈਬੀ ਸ਼ਕਤੀ ਦੀ ਪੈਦਾਵਾਰ ਨਹੀਂ ਬਲਕਿ ਮਨੁੱਖ ਦਾ ਮੌਜੂਦਾ ਸਵਰੂਪ ਸਮੁੰਦਰ ਅਤੇ ਧਰਤੀ ਉੱਤੇ ਵਿਚਰਦੇ ਰਹੇ ਵੱਖ ਵੱਖ ਜੀਵਾਂ ਦੇ ਕਰੋੜਾਂ ਸਾਲ ਦੇ ਪੜਾਅ ਦਰ ਪੜਾਅ ਵਿਕਾਸ ਦਾ ਨਤੀਜਾ ਹੈ ਅਤੇ ਡਾਰਵਿਨ ਦੇ ਇਸ ਵਿਗਿਆਨਕ ਸਿਧਾਂਤ ਨੂੰ ਅੱਜ ਤਕ ਕਿਸੇ ਵੀ ਸੰਸਥਾ ਵਲੋਂ ਝੁਠਲਾਇਆ ਨਹੀਂ ਜਾ ਸਕਿਆ।

ਉਨ੍ਹਾਂ ਨੇ ਮੋਦੀ ਸਰਕਾਰ ਉਤੇ ਕੌਮੀ ਸਿੱਖਿਆ ਨੀਤੀ-2020 ਹੇਠ ਸਿੱਖਿਆ ਦੇ ਭਗਵੇਂਕਰਨ, ਨਿੱਜੀਕਰਨ ਅਤੇ ਵਪਾਰੀਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਉਹ ਵਿਦਿਆਰਥੀਆਂ ਉਤੇ ਬੋਝ ਘਟਾਉਣ ਦੇ ਬਹਾਨੇ ਆਪਣੇ ਹਿੰਦੂ ਰਾਸ਼ਟਰ ਦੇ ਫ਼ਿਰਕੂ, ਫਾਸ਼ੀਵਾਦੀ ਅਤੇ ਰੂੜੀਵਾਦੀ ਏਜੰਡੇ ਹੇਠ ਡਾਰਵਿਨ ਦੇ ਕੌਮਾਂਤਰੀ ਪੱਧਰ ਤੇ ਸਰਬ ਪ੍ਰਮਾਣਿਤ ਮਨੁੱਖ ਦੀ ਉਤਪਤੀ ਦੇ ਵਿਗਿਆਨਕ ਸਿਧਾਂਤ ਨੂੰ ਸਿੱਖਿਆ ਸਿਲੇਬਸ 'ਚੋਂ ਮਨਫੀ ਕਰਕੇ ਵਿਦਿਆਰਥੀਆਂ ਨੂੰ ਅੰਧਵਿਸ਼ਵਾਸ਼ਾਂ ਦੀ ਦਲਦਲ ਵਿਚ ਸੁੱਟਣਾ ਚਾਹੁੰਦੀ ਹੈ ਅਤੇ ਸਿੱਖਿਆ ਨੂੰ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਕਰਨ ਦੀਆਂ ਨੀਤੀਆਂ ਲਾਗੂ ਕਰ ਰਹੀ ਹੈ ਜਿਸਦਾ ਪੰਜਾਬ ਅਤੇ ਦੇਸ਼ ਭਰ ਦੀਆਂ ਸਮੂਹ ਤਰਕਸ਼ੀਲ ਤੇ ਵਿਗਿਆਨਕ ਸੰਸਥਾਵਾਂ, ਸਿੱਖਿਆ ਸ਼ਾਸਤਰੀਆਂ, ਬੁੱਧੀਜੀਵੀਆਂ ਅਤੇ ਜਮਹੂਰੀ ਜਨਤਕ ਜਥੇਬੰਦੀਆਂ ਵਲੋਂ ਸਖਤ ਵਿਰੋਧ ਕੀਤਾ ਜਾਵੇਗਾ। ਉਨ੍ਹਾਂ ਕਿਹਾ ਮੀਟਿੰਗ ਵਿੱਚ ਵਿਚਾਰਿਆ ਗਿਆ ਕਿ ਦੇਸ਼ ਭਰ ਦੇ 1800 ਵਿਗਿਆਨੀਆਂ, ਸਿੱਖਿਆ ਸ਼ਾਸਤਰੀਆਂ, ਵਿਦਵਾਨਾਂ ਅਤੇ ਵਿਗਿਆਨਕ ਸੋਚ ਨੂੰ ਪ੍ਰਣਾਏ ਚਿੰਤਕਾਂ ਵੱਲੋਂ ਮੋਦੀ ਸਰਕਾਰ ਦੇ ਇਸ ਰੂੜੀਵਾਦੀ ਫੈਸਲੇ ਦਾ ਡਟਵਾਂ ਵਿਰੋਧ ਕਰਦੇ ਹੋਏ ਕੇਂਦਰ ਸਰਕਾਰ ਤੋਂ ਇਸ ਨੂੰ ਤੁਰੰਤ ਵਾਪਸ ਲੈਣ ਦੀ ਜ਼ੋਰਦਾਰ ਮੰਗ ਕੀਤੀ ਗਈ ਹੈ। ਜਿਸਦਾ ਤਰਕਸ਼ੀਲ ਸੁਸਾਇਟੀ ਵਲੋਂ ਪੂਰਾ ਸਮਰਥਨ ਕੀਤਾ ਗਿਆ ਹੈ।

ਤਰਕਸ਼ੀਲ ਆਗੂਆਂ ਨੇ ਕਿਹਾ ਕਿ ਭਾਰਤੀ ਸੰਵਿਧਾਨ ਦੀ ਧਾਰਾ 51- ਏ (ਐਚ) ਤਹਿਤ ਵਿਦਿਆਰਥੀਆਂ ਨੂੰ " ਇਸ ਧਰਤੀ ਉੱਤੇ ਕਰੋੜਾਂ ਸਾਲ ਪਹਿਲਾਂ ਜੀਵਾਂ ਦੀ ਉਤਪਤੀ ਕਿਵੇਂ ਹੋਈ?" ਬਾਰੇ ਡਾਰਵਿਨ ਦੇ ਵਿਕਾਸਵਾਦੀ ਸਿਧਾਂਤ ਨੂੰ ਜਾਨਣ ਅਤੇ ਸਮਝਣ ਦਾ ਪੂਰਾ ਸੰਵਿਧਾਨਿਕ ਹੱਕ ਹੈ ਜਿਸ ਤੋਂ ਉਨ੍ਹਾਂ ਨੂੰ ਵਾਂਝਿਆਂ ਨਹੀਂ ਕੀਤਾ ਜਾ ਸਕਦਾ।

ਤਰਕਸ਼ੀਲ ਸੁਸਾਇਟੀ ਨੇ ਕੇਂਦਰ ਸਰਕਾਰ ਤੋਂ ਜ਼ੋਰਦਾਰ ਮੰਗ ਕੀਤੀ ਹੈ ਕਿ ਡਾਰਵਿਨ ਦੇ ਜੀਵ ਵਿਕਾਸ ਦੇ ਸਿਧਾਂਤ ਸਮੇਤ ਪਿਛਲੇ ਸਮੇਂ ਵਿੱਚ ਐਨ ਸੀ ਈ ਆਰ ਟੀ ਦੇ ਸਿਲੇਬਸ 'ਚੋਂ ਬਾਹਰ ਕੱਢੇ ਗਏ ਜਮਹੂਰੀਅਤ, ਫੈਡਰਲ ਢਾਂਚੇ ਦੀ ਅਹਿਮੀਅਤ, ਧਰਮ ਨਿਰਪੱਖਤਾ, ਅਵਤਾਰ ਪਾਸ਼ ਦੀ ਇਨਕਲਾਬੀ ਕਵਿਤਾ "ਸਭ ਤੋਂ ਖ਼ਤਰਨਾਕ", ਗੁਜਰਾਤ ਕਤਲੇਆਮ, ਮੁਗ਼ਲ ਕਾਲ ਅਤੇ ਹੋਰਨਾਂ ਲੋਕਪੱਖੀ ਵਿਗਿਆਨਕ ਅਤੇ ਇਤਿਹਾਸਿਕ ਪਾਠਕ੍ਰਮਾਂ ਨੂੰ ਸਿਲੇਬਸ ਵਿਚ ਦੁਬਾਰਾ ਸ਼ਾਮਿਲ ਕੀਤਾ ਜਾਵੇ ਅਤੇ ਕੌਮੀ ਸਿੱਖਿਆ ਨੀਤੀ 2020 ਨੂੰ ਤੁਰੰਤ ਬਿਨਾਂ ਸ਼ਰਤ ਰੱਦ ਕੀਤਾ ਜਾਵੇ।

ਇਸ ਮੌਕੇ ਮੀਟਿੰਗ ਵਿੱਚ ਲੋਕਾਂ ਦਾ ਸੋਚਣ ਢੰਗ ਵਿਗਿਆਨਕ ਬਣਾਉਣ, ਉਨ੍ਹਾਂ ਨੂੰ ਅਖੌਤੀ ਸਿਆਣਿਆਂ ਦੇ ਭਰਮ ਜਾਲ ਵਿਚੋਂ ਕੱਢਣ, ਲਾਈਲੱਗਤਾ ਤਿਆਗਣ ਲਈ ਮਦਦਗਾਰ ਤਰਕਸ਼ੀਲ ਮੈਗਜ਼ੀਨ ਦੇ ਪਾਠਕ ਬਣਾਉਣ ਲਈ ਵਿਚਾਰਿਆ ਗਿਆ। ਮੀਟਿੰਗ ਵਿੱਚ ਚੇਤਨਾ ਪਰਖ਼ ਪ੍ਰੀਖਿਆ ਵਿੱਚ ਵੱਧ ਤੋਂ ਵੱਧ ਰਜਿਸਟਰੇਸ਼ਨ ਕਰਨ, ਪ੍ਰੀਖਿਆ ਦੇ ਸੁਚਾਰੂ ਪ੍ਰਬੰਧ ਕਰਨ, ਵਿਦਿਆਰਥੀਆਂ ਦਾ ਡਾਟਾ ਵੈਬਸਾਈਟ ਤੇ ਚੜ੍ਹਾਉਣ ਬਾਰੇ ਵੀ ਜ਼ਿਮੇਵਾਰੀਆਂ ਲਾਈਆਂ ਗਈਆਂ।

# ਨਸ਼ਾਖੋਰੀ ਅਤੇ ਤਸਕਰੀ ਵਿਰੁੱਧ ਕੌਮਾਂਤਰੀ ਦਿਵਸ ਮੌਕੇ ਲੋਕਾਂ ਨੂੰ ਕੀਤਾ ਜਾਗਰੂਕ





**ਭਵਾਨੀਗੜ੍ਹ/ਸੰਗਰੂਰ, (ਦਲਜੀਤ ਕੌਰ)-** ਸਿਵਲ ਸਰਜਨ ਡਾ. ਪਰਮਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਕਾਰਜਕਾਰੀ ਸੀਨੀਅਰ ਮੈਡੀਕਲ ਅਫਸਰ ਡਾ. ਸੰਜੇ ਮਾਥੁਰ ਦੀ ਅਗਵਾਈ ਵਿੱਚ ਨਸ਼ਾਖੋਰੀ ਅਤੇ ਤਸਕਰੀ ਵਿਰੁੱਧ ਕੌਮਾਂਤਰੀ ਦਿਵਸ ਮੌਕੇ ਸੀ. ਐਚ.ਸੀ ਭਵਾਨੀਗੜ੍ਹ ਵਿਖੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਗੁਰਵਿੰਦਰ ਸਿੰਘ ਬਲਾਕ ਐਜੂਕੇਟਰ ਨੇ ਦੱਸਿਆ ਕਿ ਨਸ਼ੇ ਮਨੁੱਖੀ ਸਿਹਤ ਲਈ ਨੁਕਸਾਨਦੇਹ ਹਨ ਜੋ ਕਿ ਵਿਅਕਤੀ ਨੂੰ ਮਾਨਸਿਕ ਤੌਰ 'ਤੇ ਵੀ ਕਮਜ਼ੋਰ ਕਰ ਦਿੰਦੇ ਹਨ। ਇਸ ਮੌਕੇ ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਦੇ ਨਸ਼ਿਆਂ ਵਿਰੁੱਧ ਵਿੱਢੇ ਇਸ ਮਿਸ਼ਨ ਨੂੰ ਸਫ਼ਲ ਕਰਨ ਲਈ ਸਿਹਤ ਵਿਭਾਗ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਵੱਖ ਵੱਖ ਓ ਓ ਏ ਟੀ ਅਤੇ ਨਸ਼ਾ ਛੁਡਾਊ ਕੇਂਦਰਾ ਰਾਹੀਂ ਨਸ਼ਾ ਪੀੜਤ ਵਿਅਕਤੀਆਂ ਦਾ ਇਲਾਜ ਕੀਤਾ ਜਾ ਰਿਹਾ ਹੈ ਅਤੇ ਇਹ ਕਲੀਨਿਕ ਨਸ਼ਾ ਪੀੜਤ ਵਿਅਕਤੀਆਂ ਦੇ ਇਲਾਜ ਲਈ ਵਰਦਾਨ ਸਾਬਤ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਮਰੀਜ਼ਾਂ ਨੂੰ ਓਟ ਕੇਂਦਰਾਂ ਰਾਹੀਂ ਮੁਫ਼ਤ ਦਵਾਈ ਮੁਹੱਈਆ ਕਰਵਾਈ ਜਾ ਰਹੀ ਹੈ।

ਇਸ ਮੌਕੇ ਕੌਂਸਲਰ ਸ੍ਰੀ ਗੁਰਵਿੰਦਰ ਸਿੰਘ ਢੀਂਡਸਾ, ਓ ਓ ਏ ਟੀ, ਭਵਾਨੀਗੜ੍ਹ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਓ ਏ ਟੀ ਅਤੇ ਨਸ਼ਾ ਛੁਡਾਊ ਕੇਂਦਰਾਂ ਰਾਹੀਂ ਪੀੜ੍ਹਤ ਵਿਅਕਤੀਆਂ ਨੂੰ ਡਾਕਟਰੀ ਸਹਾਇਤਾ ਦੇ ਨਾਲ ਨਾਲ ਮਾਨਸਿਕ ਤੌਰ ਤੇ ਨਸ਼ਿਆਂ ਖ਼ਿਲਾਫ਼ ਤਕੜਾ ਕਰਨ ਲਈ ਮਾਹਿਰ ਕੌਂਸਲਰਾਂ ਦੀ ਸੇਵਾ ਵੀ ਮੁਹੱਈਆ ਕਰਵਾਈ ਜਾਂਦੀ ਹੈ।

ਉਨ੍ਹਾਂ ਕਿਹਾ ਕਿ ਨਸ਼ਿਆਂ ਤੋਂ ਪੀੜਤ ਵਿਅਕਤੀ ਵੀ ਇੱਕ ਕਿਸਮ ਦਾ ਮਰੀਜ਼ ਹੁੰਦਾ ਹੈ ਇਸ ਲਈ ਸਮਾਜ ਨੂੰ ਉਸ ਪ੍ਰਤੀ ਨਫਰਤ ਦੀ ਬਜਾਏ ਹਮਦਰਦੀ ਦੀ ਭਾਵਨਾ ਅਪਨਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਤੋਂ ਪੀੜਤ ਵਿਅਕਤੀਆਂ ਨੂੰ ਸਮਝਾ ਕੇ ਮੁੱਖ ਧਾਰਾ ਵਿੱਚ ਲਿਆਉਣ ਦਾ ਯਤਨ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮਜ਼ਬੂਤ ਇੱਛਾ ਸ਼ਕਤੀ ਨਾਲ ਨਸ਼ਾ ਛੱਡਿਆ ਜਾ ਸਕਦਾ ਹੈ।

# 2021 ਰੈਜੀਡੈਂਟ ਵੀਜ਼ੇ ਰਾਹੀਂ 199,806 ਤੋਂ ਵੱਧ ਲੋਕ ਹੋ ਚੁੱਕੇ ਹਨ ਪੱਕੇ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਇਮੀਗ੍ਰੇਸ਼ਨ ਵਾਲਿਆਂ ਨੇ '2021 ਰੈਜ਼ੀਡੈਂਟ ਵੀਜ਼ਾ' ਅਰਜ਼ੀਆਂ ਦੇ ਵੱਡੇ ਪਹਾੜ ਨੂੰ ਇਕ-ਇਕ ਕਰਕੇ ਹੇਠਾਂ ਖਿਸਕਾ, ਆਪਣੇ ਕੰਪਿਊਟਰਾਂ ਦੇ ਵਿਚ ਠੀਕੇ-ਠੀਕੇ ਲਾ ਕੇ ਬੰਦ ਕਰ ਲਿਆ ਹੈ। ਜਿਵੇਂ ਕਹਿੰਦੇ ਨੇ ਹਾਥੀ ਨਿਕਲ ਗਿਆ ਅਤੇ ਪੂਛ ਹੀ ਨਿਕਲਣੀ ਬਾਕੀ ਹੈ। 10 ਜੂਨ 2023 ਤੱਕ ਪ੍ਰਾਪਤ ਹੋਏ ਅੰਕੜੇ ਦਸਦੇ ਹਨ ਕਿ ਇਸ ਵੀਜ਼ਾ ਸ਼੍ਰੇਣੀ ਤਹਿਤ ਕੁੱਲ 106,572 ਅਰਜ਼ੀਆਂ (ਅੱਪਡੇਟਿਡ) ਪ੍ਰਾਪਤ ਹੋਈਆਂ ਹਨ। ਇਨ੍ਹਾਂ ਅਰਜ਼ੀਆਂ ਦੇ ਵਿਚ ਪੱਕੇ ਹੋਣ ਵਾਲਿਆਂ ਦੀ ਅੱਪਡੇਟ ਗਿਣਤੀ 217,798 ਬਣਦੀ ਹੈ। ਉਪਰੋਕਤ ਅਰਜ਼ੀਆਂ ਦੇ ਵਿਚੋਂ ਇਮੀਗ੍ਰੇਸ਼ਨ ਵਿਭਾਗ ਵਾਲਿਆਂ ਨੇ ਬਹੁਤਾ ਕੰਮ ਖਿਚਦਿਆਂ 99,236 ਅਰਜ਼ੀਆਂ ਦਾ ਨਿਬੇੜਾ ਕਰ ਦਿੱਤਾ ਹੈ ਅਤੇ 199,806 ਲੋਕਾਂ ਨੂੰ ਰੈਜ਼ੀਡੈਂਟ ਵੀਜ਼ਾ ਦੇ ਕੇ ਉਨ੍ਹਾਂ ਦਾ ਚਾਅ ਪੂਰਾ ਕਰ ਦਿੱਤਾ ਹੈ। ਇਸ ਦੌਰਾਨ 432 ਅਰਜ਼ੀਆਂ ਅਯੋਗ ਵੀ ਪਾਈਆਂ ਗਈਆਂ ਹਨ। ਕਿੰਨੇ ਕੁ ਰਹਿ ਗਏ? ਲਗਪਗ 17,992 ਲੋਕਾਂ ਦੀ ਕਿਸਮਤ ਦਾ ਫੈਸਲਾ 6,904 ਬਚੀਆਂ ਅਰਜ਼ੀਆਂ ਦੇ ਵਿਚ ਲਪੇਟਿਆ ਪਿਆ ਹੈ, ਇਨ੍ਹਾਂ ਨੂੰ 'ਅਪਰੂਵਲ' ਵਾਲੀ ਈਮੇਲ ਆਉਣ ਦੀ ਹਮੇਸ਼ਾਂ ਬਿੜਕ ਬਣੀ ਰਹਿੰਦੀ ਹੈ, ਲਗਦਾ ਹੈ ਇਹ ਸਾਰਾ ਕਾਰਜ ਜੂਨ ਮਹੀਨੇ ਤੱਕ ਹੋ ਜਾਵੇਗਾ। ਪਹਿਲੇ ਗੇੜ ਦੀਆਂ ਅਰਜ਼ੀਆਂ 1 ਦਸੰਬਰ 2021 ਨੂੰ ਸ਼ੁਰੂ ਹੋਈਆਂ ਸਨ ਅਤੇ ਦੂਜੇ ਗੇੜ ਦੀਆਂ 1 ਮਾਰਚ 2022 ਨੂੰ ਸ਼ੁਰੂ ਹੋਈਆਂ ਸਨ ਤੇ 31 ਜੁਲਾਈ 2022 ਨੂੰ ਬੰਦ ਕਰ ਦਿੱਤੀਆਂ ਗਈਆਂ ਸਨ। ਪ੍ਰਤੀ ਅਰਜ਼ੀ ਫੀਸ 2160 ਡਾਲਰ ਰੱਖੀ ਗਈ ਸੀ।




ਭਾਰਤੀਆਂ ਦੀ ਸੰਖਿਆ: ਇਸ ਵੀਜ਼ਾ ਸ਼੍ਰੇਣੀ ਅਧੀਨ 55,500 ਅਰਜ਼ੀਆਂ ਭਾਰਤੀਆਂ ਦੀਆਂ ਸਨ ਜਿਨ੍ਹਾਂ ਵਿਚੋਂ 40,000 ਤੋਂ ਵੱਧ ਦੇ ਰੈਜੀਡੈਂਟ ਵੀਜ਼ੇ ਮਾਰਚ 2023 ਤੱਕ ਲੱਗ ਚੁੱਕੇ ਸਨ।

# 26 ਜੂਨ ਲਈ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਅਤੇ ਗੈਰ-ਕਾਨੂੰਨੀ ਤਸਕਰੀ ਵਿਰੁੱਧ ਅੰਤਰਰਾਸ਼ਟਰੀ ਦਿਵਸ ਸਬੰਧੀ ਵਿਸ਼ੇਸ਼

ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਅਤੇ ਗੈਰ-ਕਾਨੂੰਨੀ ਤਸਕਰੀ ਵਿਰੁੱਧ ਅੰਤਰਰਾਸ਼ਟਰੀ ਦਿਵਸ ਜਾਂ ਵਿਸ਼ਵ ਨਸ਼ਾ ਦਿਵਸ ਹਰ ਸਾਲ 26 ਜੂਨ ਨੂੰ ਨਸ਼ਿਆਂ ਦੀ ਦੁਰਵਰਤੋਂ ਤੋਂ ਮੁਕਤ ਵਿਸ਼ਵ ਨੂੰ ਪ੍ਰਾਪਤ ਕਰਨ ਲਈ ਕਾਰਵਾਈ ਅਤੇ ਸਹਿਯੋਗ ਨੂੰ ਮਜ਼ਬੂਤ ??ਕਰਨ ਲਈ ਮਨਾਇਆ ਜਾਂਦਾ ਹੈ। ਹਰ ਸਾਲ ਵਿਸ਼ਵ ਭਰ ਦੀਆਂ ਵੱਖ-ਵੱਖ ਸੰਗਠਨ ਇਸਨੂੰ ਮਨਾਉਣ ਲਈ ਸ਼ਾਮਲ ਹੁੰਦੇ ਹਨ ਤਾਂ ਜੋ ਸਮਾਜ ਨੂੰ ਗੈਰ-ਕਾਨੂੰਨੀ ਨਸ਼ਿਆਂਦੀ ਸਮੱਸਿਆ ਬਾਰੇ ਜਾਗਰੂਕਤਾ ਪੈਦਾ ਕਰਨ ਵਿਚ ਮੱਦਦ ਕੀਤੀ ਜਾ ਸਕੇ। ਜੇਕਰ ਇਸ ਦਿਵਸ ਦਾ ਇਤਿਹਾਸ ਵੇਖੀਏ ਤਾਂ ਵਿਸ਼ਵ ਵਿੱਚ ਨਸ਼ਿਆਂ ਦੀ ਵਧਦੀ ਵਰਤੋਂ ਅਤੇ ਸਮਾਜ ਤੇ ਪੈ ਰਹੇ ਕੁਪ੍ਰਭਾਵਾਂ ਨੂੰ ਵੇਖਦਿਆਂ ਸੰਯੁਕਤ ਰਾਸ਼ਟਰ ਸੰਗਠਨ ਵਲੋਂ ਮਿਤੀ 7 ਦਸੰਬਰ 1987 ਨੂੰ ਮੀਟਿੰਗ ਕੀਤੀ ਗਈ ਅਤੇ ਹਰ ਸਾਲ 26 ਜੂਨ ਦਾ ਦਿਹਾੜਾ ਵਿਸ਼ਵ ਭਰ ਵਿੱਚ ਨਸ਼ਾਖੋਰੀ ਅਤੇ ਨਸ਼ਿਆਂ ਦੀ ਨਜਾਇਜ਼ ਸਮਗਲਿੰਗ ਵਿਰੁੱਧ ਅੰਤਰਰਾਸ਼ਟਰੀ ਦਿਵਸ ਦੇ ਤੋਰ ਤੇ ਮਨਾਉਣ ਦਾ ਫੈਸਲਾ ਕੀਤਾ ਗਿਆ। ਭਾਰਤ ਵਿੱਚ ਵੀ ਹਰ ਸਾਲ ਇਸ ਦਿਨ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਵਿਸ਼ੇਸ਼ ਸਮਾਗਮ ਕੀਤੇ ਜਾਂਦੇ ਹਨ ਜਿਨ੍ਹਾਂ ਵਿੱਚ ਗੈਰ ਕਨੂੰਨੀ ਨਸ਼ਿਆਂ ਦੀ ਵੱਧ ਰਹੀ ਵਰਤੋਂ ਤੇ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ। ਨਸ਼ਿਆਂ ਦੀ ਸਮੱਸਿਆ ਬਹੁਤ ਹੀ ਗੰਭੀਰ ਸਮੱਸਿਆ ਹੈ ਅਤੇ ਨਸ਼ੇ ਹੀ ਬਹੁਤੇ ਅਪਰਾਧਾਂ ਦੀ ਜੜ੍ਹ ਹਨ। ਦੁਨੀਆਂ ਦਾ ਹਰ ਦੇਸ਼ ਨਸ਼ਿਆਂ ਤੋਂ ਪ੍ਰਭਾਵਿਤ ਹੈ ਅਤੇ ਨਜਾਇਜ਼ ਨਸ਼ਿਆਂ ਦੀ ਵਰਤੋਂ ਜੋਕਿ ਪ੍ਰਮੁੱਖ ਤੋਰ ਤੇ ਨੌਜਵਾਨਾਂ ਵਿੱਚ ਕੇਂਦਰਿਤ ਹੈ ਵਿਕਸਿਤ ਅਤੇ ਵਿਕਾਸਸ਼ੀਲ ਦੋਵਾਂ ਤਰਾਂ ਦੇ ਮੁਲਕਾਂ ਦੀ ਆਰਥਿਕਤਾ ਲਈ ਸਮੱਸਿਆ ਬਣ ਗਈ ਹੈ। ਵਿਸ਼ਵ ਵਿੱਚ ਹਰ ਸਾਲ ਲੱਗਭੱਗ 500 ਅਰਬ ਡਾਲਰਜ਼ ਦਾ ਗੈਰ ਕਨੂੰਨੀ ਨਸ਼ਿਆਂ ਦਾ ਵਪਾਰ ਹੁੰਦਾ ਹੈ ਜੋਕਿ ਪੈਟਰੋਲੀਅਮ ਅਤੇ ਹਥਿਆਰਾਂ ਦੇ ਵਪਾਰ ਤੋਂ ਬਾਦ ਤੀਜੇ ਨੰਬਰ ਤੇ ਆਂਦਾ ਹੈ। ਸੰਯੁਕਤ ਰਾਸ਼ਟਰ ਦੇ ਨਸ਼ਿਆਂ ਅਤੇ ਅਪਰਾਧ ਬਾਰੇ ਦਫ਼ਤਰ ਵਲੋਂ ਨਸ਼ਿਆਂ ਸਬੰਧੀ ਜਾਰੀ ਰਿਪੋਰਟ ਅਨੁਸਾਰ ਦੁਨੀਆ ਵਿੱਚ ਲੱਗਭੱਗ 275 ਮਿਲੀਅਨ ਲੋਕਾਂ ਨੇ ਨਸ਼ਿਆਂ ਦੀ ਵਰਤੋਂ ਕੀਤੀ ਹੈ ਅਤੇ 36 ਮਿਲੀਅਨ ਤੋਂ ਵੱਧ ਲੋਕ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਾਰਨ ਪੇਸ਼ ਆ ਰਹੀਆਂ ਸਮੱਸਿਆਵਾਂ ਤੋਂ ਪੀੜ੍ਹਿਤ ਹਨ। ਪਿਛਲੇ ਦੋ ਦਹਾਕਿਆਂ ਦੌਰਾਨ ਦੁਨੀਆ ਦੇ ਕੁਝ ਹਿੱਸਿਆਂ ਵਿੱਚ ਭੰਗ ਦੀ ਵਰਤੋਂ ਲੱਗਭੱਗ ਚਾਰ ਗੁਣਾ ਵੱਧ ਗਈ ਹੈ। ਭਾਵੇਂ ਕਿ ਨਸ਼ੀਲੇ ਪਦਾਰਥਾਂ ਨੂੰ ਹਾਨੀਕਾਰਕ ਮੰਨਣ ਵਾਲੇ ਕਿਸ਼ੋਰਾਂ ਦੀ ਪ੍ਰਤੀਸ਼ਤਤਾ 40 ਪ੍ਰਤੀਸ਼ਤ ਤੱਕ ਘੱਟ ਗਈ ਇਸਦੇ ਬਾਵਜੂਦ ਭੰਗ ਦੀ ਵਰਤੋਂ ਕਈ ਤਰ੍ਹਾਂ ਦੇ ਸਿਹਤ ਅਤੇ ਹੋਰ ਨੁਕਸਾਨਾਂ ਨਾਲ ਜੁੜੀ ਹੋਈ ਹੈ ਖਾਸ ਤੌਰ ਤੇ ਲੰਬੇ ਸਮੇਂ ਦੇ ਨਿਯਮਿਤ ਉਪਭੋਗਤਾਵਾਂ ਵਿੱਚ। ਸੰਯੁਕਤ ਰਾਜ ਵਿੱਚ 40 ਪ੍ਰਤੀਸ਼ਤ ਅਤੇ ਯੂਰਪ ਵਿੱਚ ਭੰਗ ਨੂੰ ਹਾਨੀਕਾਰਕ ਮੰਨਣ ਵਾਲੇ ਕਿਸ਼ੋਰਾਂ ਦੀ 25 ਪ੍ਰਤੀਸ਼ਤ ਤੱਕ ਘਟੀ ਹੈ। ਇਸ ਤੋਂ ਇਲਾਵਾ ਬਹੁਤੇ ਦੇਸ਼ਾਂ ਨੇ ਭੰਗ ਦੀ ਵਰਤੋਂ ਵਿੱਚ ਵਾਧਾ ਦਰਜ ਕੀਤਾ ਹੈ। ਕੋਰੋਨਾ ਮਹਾਂਮਾਰੀ ਦੌਰਾਨ 77 ਦੇਸ਼ਾਂ ਦੇ ਸਿਹਤ ਪੇਸ਼ੇਵਰਾਂ ਦੇ ਸਰਵੇਖਣਾਂ ਵਿੱਚ 42 ਪ੍ਰਤੀਸ਼ਤ ਨੇ ਦਾਅਵਾ ਕੀਤਾ ਕਿ ਭੰਗ ਦੀ ਵਰਤੋਂ ਵਿੱਚ ਵਾਧਾ ਹੋਇਆ ਹੈ। ਇਸ ਦੌਰਾਨ ਫਾਰਮਾਸਿਊਟੀਕਲ ਦਵਾਈਆਂ ਦੀ ਗੈਰ-ਮੈਡੀਕਲ ਵਰਤੋਂ ਵਿੱਚ ਵੀ ਵਾਧਾ ਦੇਖਿਆ ਗਿਆ ਹੈ। ਸਾਲ 2010-2019 ਦੇ ਵਿਚਕਾਰ ਨਸ਼ਿਆਂ ਦੀ ਵਰਤੋਂ ਕਰਨ ਵਾਲੇ ਲੋਕਾਂ ਦੀ ਗਿਣਤੀ ਵਿੱਚ ਲੱਗਭੱਗ 22 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਮੌਜੂਦਾ ਅਨੁਮਾਨ ਸਾਲ 2030 ਤੱਕ ਵਿਸ਼ਵ ਪੱਧਰ ਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਦੀ ਗਿਣਤੀ ਵਿੱਚ 11 ਪ੍ਰਤੀਸ਼ਤ ਦੇ ਵਾਧੇ ਵੱਲ ਇਸ਼ਾਰਾ ਕਰਦੇ ਹਨ। ਇਸ ਅਨੁਮਾਨ ਅਨੁਸਾਰ 15 ਤੋਂ 64 ਸਾਲ ਦੀ ਉਮਰ ਦੇ ਲਗਭਗ 5.5 ਪ੍ਰਤੀਸ਼ਤ ਆਬਾਦੀ ਨੇ ਪਿਛਲੇ ਸਾਲ ਘੱਟੋ-ਘੱਟ ਇੱਕ ਵਾਰ ਨਸ਼ਿਆਂ ਦੀ ਵਰਤੋਂ ਕੀਤੀ ਹੈ ਜਦੋਂ ਕਿ 36.3 ਮਿਲੀਅਨ ਲੋਕ ਜਾਂ ਨਸ਼ੇ ਦੀ ਵਰਤੋਂ ਕਰਨ ਵਾਲੇ ਵਿਅਕਤੀਆਂ ਦੀ ਕੁੱਲ ਗਿਣਤੀ ਦਾ 13 ਪ੍ਰਤੀਸ਼ਤ ਨਸ਼ੇ ਤੋਂ ਪੀੜ੍ਹਿਤ ਹਨ। ਵਿਸ਼ਵ ਪੱਧਰ ਤੇ 11 ਮਿਲੀਅਨ ਤੋਂ ਵੱਧ ਲੋਕਾਂ ਦੁਆਰਾ ਨਸ਼ੀਲੇ ਟੀਕੇ ਲਗਾਉਣ ਦਾ ਅਨੁਮਾਨ ਹੈ ਜਿਨ੍ਹਾਂ ਵਿੱਚੋਂ ਅੱਧੇ ਹੈਪੇਟਾਈਟਸ ਸੀ ਨਾਲ ਜੀ ਰਹੇ ਹਨ। ਭੰਗ ਦੇ ਕਾਨੂੰਨੀਕਰਨ ਤੋਂ ਬਾਅਦ ਰਿਪੋਰਟ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੇ ਵਾਤਾਵਰਣ ਪ੍ਰਭਾਵਾਂ ਅਤੇ ਔਰਤਾਂ ਅਤੇ ਨੌਜਵਾਨਾਂ ਵਿੱਚ ਨਸ਼ੀਲੇ ਪਦਾਰਥਾਂ ਦੀ ਵਰਤੋਂ ਬਾਰੇ ਰੁਝਾਨਾਂ ਨੂੰ ਉਜਾਗਰ ਕਰਦੀ ਹੈ। ਇਸ ਰਿਪੋਰਟ ਅਨੁਸਾਰ ਦੁਨੀਆ ਭਰ ਵਿੱਚ 15-64 ਸਾਲ ਦੀ ਉਮਰ ਦੇ ਲੱਗਭੱਗ 284 ਮਿਲੀਅਨ ਲੋਕਾਂ ਨੇ ਨਸ਼ਿਆਂ ਦੀ ਵਰਤੋਂ ਕੀਤੀ ਜੋ ਪਿਛਲੇ ਦਹਾਕੇ ਨਾਲੋਂ 26 ਪ੍ਰਤੀਸ਼ਤ ਵੱਧ ਹੈ। ਨੌਜਵਾਨ ਜ਼ਿਆਦਾ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰ ਰਹੇ ਹਨ। ਇਸ ਰਿਪੋਰਟ ਅਨੁਸਾਰ ਦੁਨੀਆਂ ਵਿੱਚ ਲੱਗਭੱਗ 11.2 ਮਿਲੀਅਨ ਲੋਕ ਨਸ਼ੇ ਦੇ ਟੀਕੇ ਲਗਾ ਰਹੇ ਸਨ ਅਤੇ ਲੱਗਭੱਗ ਅੱਧੇ ਲੋਕ ਹੈਪੇਟਾਈਟਸ ਸੀ ਤੋਂ ਪੀੜ੍ਹਿਤ ਹਨ, 1.4 ਮਿਲੀਅਨ ਐੱਚਆਈਵੀ ਨਾਲ ਜੀਅ ਰਹੇ ਹਨ ਅਤੇ 1.2 ਮਿਲੀਅਨ ਦੋਵਾਂ ਰੋਗਾਂ ਨਾਲ ਜੀਅ ਰਹੇ ਹਨ। ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੇ ਨਿਰਮਾਣ ਅਤੇ ਜ਼ਬਤ ਕੀਤੇ ਜਾਣ ਦੀ ਸੰਖਿਆ ਵੱਧ ਰਹੀ ਹੈ। ਸੰਯੁਕਤ ਰਾਜ ਵਿੱਚ ਸਾਲ 2021 ਵਿੱਚ ਲੱਗਭੱਗ 107000 ਤੋਂ ਵੱਧ ਨਸ਼ੀਲੇ ਪਦਾਰਥਾਂ ਦੀ ਓਵਰਡੋਜ਼ ਕਾਰਨ ਮੌਤਾਂ ਹੋਈਆਂ ਹਨ ਜੋਕਿ ਸਾਲ 2020 ਵਿੱਚ ਲੱਗਭੱਗ 92000 ਹੋਈਆਂ ਮੌਤਾਂ ਤੋਂ ਵੱਧ ਹਨ।ਕੋਰੋਨਾ ਕਾਰਨ ਵਧੀ ਬੇਰੋਜਗਾਰੀ, ਮਾਨਸਿਕ ਪ੍ਰੇਸ਼ਾਨੀਆਂ ਕਾਰਨ ਵੀ ਲੋਕ ਨਸ਼ਿਆਂ ਦੇ ਆਦੀ ਹੋ ਰਹੇ ਹਨ।ਨਸ਼ਿਆਂ ਦੀ ਸਮੱਸਿਆ ਇੱਕ ਗੁੰਝਲਦਾਰ ਮੁੱਦਾ ਹੈ ਜੋ ਪੂਰੀ ਦੁਨੀਆ ਨੂੰ ਪ੍ਰਭਾਵਿਤ ਕਰਦੀ ਹੈ। ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਅਤੇ ਗੈਰ-ਕਾਨੂੰਨੀ ਤਸਕਰੀ ਵਿਰੁੱਧ ਅੰਤਰਰਾਸ਼ਟਰੀ ਦਿਵਸ ਜਾਂ ਵਿਸ਼ਵ ਨਸ਼ਾ ਦਿਵਸ ਦੀ ਇਸ ਸਾਲ ਮੁਹਿੰਮ ਦਾ ਉਦੇਸ਼ "ਲੋਕ ਪਹਿਲਾਂ: ਕਲੰਕ ਅਤੇ ਵਿਤਕਰੇ ਨੂੰ ਰੋਕੋ, ਰੋਕਥਾਮ ਨੂੰ ਮਜ਼ਬੂਤ ਕਰੋ।''ਸਾਡੇ ਸਮਾਜ ਵਿੱਚ ਬੱਚੇ ਦੇ ਜਨਮ ਤੋਂ ਲੈ ਕੇ ਮੰਗਣੀ, ਵਿਆਹ, ਨੌਕਰੀ, ਰਿਟਾਇਰਮੈਂਟ ਆਦਿ ਕੋਈ ਵੀ ਰਸਮ ਨਸ਼ੇ ਬਿਨਾਂ ਪੂਰੀ ਨਹੀਂ ਹੁੰਦੀ। ਅੱਜ ਸ਼ਾਇਦ ਹੀ ਕੋਈ ਸ਼ਹਿਰ, ਪਿੰਡ, ਗਲੀ, ਮੁਹੱਲਾ ਅਜਿਹਾ ਬਚਿਆ ਹੋਵੇ ਜਿੱਥੇ ਨਸ਼ਿਆਂ ਦੀ ਭਰਮਾਰ ਨਾ ਹੋਵੇ। ਨੌਜਵਾਨ ਪੀੜ੍ਹੀ ਲਈ ਨਸ਼ਾ ਇੱਕ ਫੈਸ਼ਨ ਬਣ ਗਿਆ ਹੈ। ਨੌਜਵਾਨ ਮੁੰਡਿਆਂ ਤੋਂ ਇਲਾਵਾ ਨੌਜਵਾਨ ਕੁੜੀਆਂ ਵੀ ਨਸ਼ੇ ਦੇ ਦਲਦਲ ਵਿੱਚ ਫਸਦੀਆਂ ਜਾ ਰਹੀਆਂ ਹਨ। ਨਸ਼ਿਆਂ ਨੂੰ ਮੁੱਖ ਤੋਰ ਤੇ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ ਸਰਕਾਰ ਵਲੋਂ ਮੰਨਜੂਰ ਸ਼ੁਦਾ ਨਸ਼ੇ ਜਿਨ੍ਹਾਂ ਤੇ ਕੋਈ ਰੋਕ ਨਹੀਂ ਹੈ ਅਤੇ ਸਰਕਾਰ ਵਲੋਂ ਪਾਬੰਦੀਸ਼ੁਦਾ ਨਸ਼ੇ। ਆਮ ਤੋਰ ਤੇ ਪਾਬੰਦੀਸ਼ੁਦਾ ਨਸ਼ਿਆਂ ਨੂੰ ਹੀ ਨਸ਼ੇ ਸਮਝਿਆ ਜਾਂਦਾ ਹੈ। ਹੈਰਾਨੀ ਦੀ ਗੱਲ ਹੈ ਕੁੱਝ ਸੂਬਿਆਂ ਵਿੱਚ ਪਾਬੰਦੀਸ਼ੁਦਾ ਅਤੇ ਗੈਰ ਕਨੂੰਨੀ ਨਸ਼ੇ ਦੂਜੇ ਰਾਜਾਂ ਵਿੱਚ ਮੰਨਜੂਰਸ਼ੁਦਾ ਹਨ ਜਿਵੇਂ ਕਿ ਗੁਜਰਾਤ ਸਮੇਤ ਕੁੱਝ ਰਾਜਾਂ ਵਿੱਚ ਬੇਸ਼ੱਕ ਸ਼ਰਾਬ ਤੇ ਪਾਬੰਦੀ ਹੈ ਪਰ ਦੂਜੇ ਕਈ ਰਾਜਾਂ ਦੀ ਆਮਦਨ ਦਾ ਵੱਡਾ ਸਾਧਨ ਹੀ ਸ਼ਰਾਬ ਦੀ ਵਿਕਰੀ ਬਣਿਆ ਹੋਇਆ ਹੈ। ਇਸੇ ਤਰਾਂ ਕਈ ਰਾਜਾਂ ਵਿੱਚ ਅਫੀਮ ਤੇ ਪਾਬੰਦੀ ਹੈ ਪਰ ਕਈ ਦੂਜੇ ਰਾਜਾਂ ਵਿੱਚ ਇਸਦੀ ਖੇਤੀ ਅਤੇ ਵਿਕਰੀ ਹੁੰਦੀ ਹੈ। ਭੰਗ, ਅਫੀਮ, ਸ਼ਰਾਬ, ਡੋਡੇ, ਭੁੱਕੀ ਆਦਿ ਨਸ਼ਿਆਂ ਦੇ ਨਾਲ-ਨਾਲ ਅੱਜ ਕੱਲ ਨਸ਼ਿਆਂ ਦੇ ਆਧੁਨਿਕ ਕਈ ਨਵੇਂ ਰੂਪ ਸਾਹਮਣੇ ਆ ਰਹੇ ਹਨ ਜਿਵੇਂ ਕਿ ਬਰਾਊਨ ਸ਼ੂਗਰ, ਕੱਚੀ ਅਫੀਮ, ਚਰਸ, ਮਾਰਫੀਨ ਦੇ ਟੀਕੇ, ਕੈਪਸੂਲ, ਗੋਲੀਆਂ, ਸਮੈਕ, ਹੈਰੋਇਨ ਆਦਿ। ਕਈ ਨਸ਼ੇੜੀ ਖਾਂਸੀ ਦੀ ਦਵਾਈ, ਆਇਓਡੈਕਸ ਆਦਿ ਦਾ ਵੀ ਨਸ਼ਾ ਕਰਦੇ ਹਨ। ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲੇ ਨੇ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ (ਏਮਜ਼), ਨਵੀਂ ਦਿੱਲੀ ਦੇ ਨੈਸ਼ਨਲ ਡਰੱਗ ਡਿਪੈਂਡੈਂਸ ਟਰੀਟਮੈਂਟਸੈਂਟਰ (ਐਨ.ਡੀ.ਡੀ.ਟੀ.ਸੀ.) ਰਾਹੀਂ ਭਾਰਤ ਵਿੱਚ ਨਸ਼ੀਲੇ ਪਦਾਰਥਾਂ ਦੀ ਵਰਤੋਂ ਦੀ ਹੱਦ ਅਤੇ ਪੈਟਰਨ ਬਾਰੇ ਪਹਿਲੇ ਰਾਸ਼ਟਰੀ ਸਰਵੇਖਣ ਦੀ ਰਿਪੋਰਟ ਅਨੁਸਾਰ ਸ਼ਰਾਬ ਸਭ ਤੋਂ ਆਮ ਮਨੋਵਿਗਿਆਨਕ ਪਦਾਰਥ ਹੈ ਜਿਸਦੀ ਵਰਤੋਂ ਭਾਰਤੀਆਂ ਦੁਆਰਾ ਕੀਤੀ ਜਾਂਦੀ ਹੈ। ਰਿਪੋਰਟ ਅਨੁਸਾਰ ਦੇਸ਼ ਵਿੱਚ ਲਗਭਗ 16 ਕਰੋੜ ਵਿਅਕਤੀ ਸ਼ਰਾਬ ਦਾ ਸੇਵਨ ਕਰਦੇ ਹਨ, 3.1 ਕਰੋੜ ਵਿਅਕਤੀ ਭੰਗ ਦੇ ਉਤਪਾਦਾਂ ਅਤੇ 2.26 ਕਰੋੜ ਹੋਰ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਦੇ ਹਨ। ਲੱਗਭੱਗ 5.7 ਕਰੋੜ ਤੋਂ ਵੱਧ ਲੋਕ ਹਾਨੀਕਾਰਕ ਨਸ਼ਿਆਂ ਦੀ ਵਰਤੋਂ ਤੋਂ ਪ੍ਰਭਾਵਿਤ ਹਨ ਅਤੇ ਉਹਨਾਂ ਨੂੰ ਸ਼ਰਾਬ ਦੀ ਵਰਤੋਂ ਦੀਆਂ ਸਮੱਸਿਆਵਾਂ ਲਈ ਮੱਦਦ ਦੀ ਲੋੜ ਹੈ, ਲੱਗਭੱਗ 25 ਲੱਖ ਭੰਗ ਤੇ ਨਿਰਭਰਤਾ ਤੋਂ ਪੀੜਤ ਹਨ ਅਤੇ ਲਗਭਗ 77 ਲੱਖ ਵਿਅਕਤੀਆਂ ਨੂੰ ਉਹਨਾਂ ਦੀਆਂ ਹੋਰ ਨਸ਼ੀਲੇ ਪਦਾਰਥਾਂ ਦੀ ਵਰਤੋਂ ਸਬੰਧੀ ਸਮੱਸਿਆਵਾਂ ਲਈ ਮੱਦਦ ਦੀ ਲੋੜ ਹੋਣ ਦਾ ਅਨੁਮਾਨ ਹੈ। ਨਸ਼ੀਲੇ ਪਦਾਰਥਾਂ ਦਾ ਟੀਕਾ ਲਗਾਉਣਾ ਪੂਰੇ ਦੇਸ਼ ਵਿੱਚ ਕਾਫ਼ੀ ਫੈਲਿਆ ਹੋਇਆ ਹੈ। ਪੰਜਾਬ ਰਾਜ ਨੂੰ ਬੇਸ਼ੱਕ ਪੰਜ ਦਰਿਆਵਾਂ ਦੀ ਧਰਤੀ ਕਿਹਾ ਜਾਂਦਾ ਹੈ ਪਰ ਹੁਣ ਪੰਜਾਬ ਵਿੱਚ ਨਸ਼ਿਆ ਦਾ ਛੇਵਾਂ ਦਰਿਆ ਵਗ ਰਿਹਾ ਹੈ। ਕਈ ਵੱਡੇ-ਵੱਡੇ ਸਮਾਜਿਕ, ਧਾਰਮਿਕ, ਰਾਜਨੀਤਿਕ ਆਗੂ ਨਸ਼ਿਆਂ ਵਿੱਚ ਡੁੱਬੇ ਪਏ ਹਨ। ਚੋਣਾਂ ਦੌਰਾਨ ਤਾਂ ਨਸ਼ਿਆਂ ਦੀ ਵਰਤੋਂ ਕਈ ਗੁਣਾ ਵੱਧ ਜਾਂਦੀ ਹੈ। ਜਿਹੜੇ ਨੇਤਾ ਅਕਸਰ ਨਸ਼ਿਆ ਵਿਰੁੱਧ ਭਾਸ਼ਣ ਦਿੰਦੇ ਹਨ ਉਹੀ ਨੇਤਾ ਚੋਣਾਂ ਵਿੱਚ ਨਸ਼ਿਆਂ ਨੂੰ ਵੰਡਦੇ ਹਨ। ਚੋਣਾਂ ਸਮੇਂ ਵਿਕਣ ਵਾਲੀ ਜ਼ਹਿਰੀਲੀ ਸ਼ਰਾਬ ਅਤੇ ਹੋਰ ਮਿਲਾਵਟੀ ਨਸ਼ਿਆਂ ਨਾਲ ਕਈ ਵਾਰ ਆਮ ਲੋਕ ਮਾਰੇ ਜਾਂਦੇ ਹਨ। ਸਮਾਜ ਵਿੱਚ ਨਸ਼ਿਆਂ ਦੇ ਦਿਨ ਪ੍ਰਤੀ ਦਿਨ ਵਧਣ ਦੇ ਕਈ ਕਾਰਨ ਹਨ ਜਿਨ੍ਹਾਂ ਵਿੱਚ ਸਰਕਾਰ ਦੀਆਂ ਢਿੱਲਮੱਠ ਦੀਆਂ ਨੀਤੀਆਂ, ਕਨੂੰਨ ਵਿੱਚ ਲਚਕੀਲਾਪਣ, ਨਸ਼ਿਆਂ ਦੇ ਸੋਦਾਗਰਾਂ ਦੀ ਸਰਕਾਰੇ ਦਰਬਾਰੇ ਪਹੁੰਚ, ਲੋਕਾਂ ਵਿੱਚ ਵਧ ਰਿਹਾ ਤਣਾਅ ਆਦਿ ਸ਼ਾਮਲ ਹਨ। ਸਮਾਜਿਕ-ਆਰਥਿਕ ਵਿਕਾਸ ਦੇ ਨਾਂ ਤੇ ਨਵੀਆਂ ਸਕੀਮਾਂ ਦਾ ਅਸਰ ਕੁਝ ਥਾਂਵਾਂ ਤੱਕ ਹੀ ਸੀਮਿਤ ਰਹਿ ਜਾਣ ਕਰਕੇ ਪੜ੍ਹਿਆ ਲਿਖਿਆ ਅਤੇ ਅਨਪੜ੍ਹ ਖਾਸ ਕਰਕੇ ਪੇਂਡੂ ਨੌਜਵਾਨ ਆਪਣੀਆਂ ਆਸਾਂ ਦੀ ਪੂਰਤੀ ਨਾ ਹੋ ਸਕਣ ਕਾਰਨ ਨਸ਼ਿਆਂ ਦੀ ਲਪੇਟ ਵਿੱਚ ਆ ਚੁੱਕਿਆ ਹੈ।ਗੈਰ ਸਰਕਾਰੀ ਸੰਗਠਨ ਸੋਸਾਇਟੀ ਫਾਰ ਪ੍ਰਮੋਸ਼ਨ ਆਫ ਯੂਥ ਐਂਡ ਮਾਸਸ ਅਤੇ ਏਮਜ਼ ਮਾਹਿਰਾਂ ਦੁਆਰਾ ਕਰਵਾਏ ਗਏ ਸਰਵੇਖਣ ਦੀਆਂ ਰਿਪੋਰਟਾਂ ਅਨੁਸਾਰ ਪੰਜਾਬ ਵਿਚ ਲੱਗਭੱਗ 2.32 ਲੱਖ ਵਿਅਕਤੀ ਨਸ਼ਿਆਂ ਤੇ ਨਿਰਭਰ ਹਨ। ਇਸਦਾ ਮਤਲਬ ਹੈ ਕਿ ਬਾਲਗ ਆਬਾਦੀ ਦਾ 1.2ਗ ਨਸ਼ਿਆਂ ਦੀ ਆਦੀ ਹੈ। ਪੰਜਾਬ ਦੀ ਆਬਾਦੀ ਦਾ ਸਭ ਤੋਂ ਵੱਧ ਪ੍ਰਤੀਸ਼ਤ ਨਸ਼ਿਆਂ ਦੀ ਵਰਤੋਂ ਕਰ ਰਿਹਾ ਹੈ। ਜ਼ਿਆਦਾਤਰ ਨਸ਼ਿਆਂ ਦੀਆਂ ਸ਼੍ਰੇਣੀਆਂ ਲਈ, ਪੰਜਾਬ ਵਿੱਚ ਇਸਦੀ ਵਰਤੋਂ ਕਰਨ ਵਾਲੇ ਲੋਕਾਂ ਦੀ ਪ੍ਰਤੀਸ਼ਤਤਾ ਰਾਸ਼ਟਰੀ ਔਸਤ ਨਾਲੋਂ ਬਹੁਤ ਜ਼ਿਆਦਾ ਹੈ। ਪੰਜਾਬ ਵਿੱਚ ਸ਼ਰਾਬ ਦੀ ਵਰਤੋਂ 28.5ਗ ਹੈ ਜਦੋਂ ਕਿ ਰਾਸ਼ਟਰੀ ਔਸਤ 14.6ਗ ਹੈ। ਭੰਗ ਦੀ ਵਰਤੋਂ ਲਈ ਪੰਜਾਬ ਵਿੱਚ 12.5ਗ ??ਅਤੇ ਰਾਸ਼ਟਰੀ ਔਸਤ 2.8ਗ ਹੈ। ਇੰਸਟੀਚਿਊਟ ਫਾਰ ਡਿਵੈਲਪਮੈਂਟ ਐਂਡ ਕਮਿਉਨੀਕੇਸ਼ਨਜ਼ ਚੰਡੀਗੜ੍ਹ ਦੀ ਇੱਕ ਰਿਪੋਰਟ ਅਨੁਸਾਰ ਪੰਜਾਬ ਦੇ ਸਰਹੱਦੀ ਜਿਲ੍ਹਿਆਂ ਵਿੱਚ ਨਸ਼ਿਆਂ ਦੀ ਵਰਤੋਂ ਕਰਨ ਵਾਲਿਆਂ ਵਿੱਚ ਲੱਗਭੱਗ 35 ਫਿਸਦੀ 15 ਤੋਂ 25 ਸਾਲ ਦੇ ਨੌਜਵਾਨ ਸਾਮਿਲ ਹਨ। ਇੱਕ ਗੈਰ ਸਰਕਾਰੀ ਸੰਗਠਨ ਵਲੋਂ ਸਿਹਤ ਵਿਭਾਗ ਪੰਜਾਬ ਅਤੇ ਸਮਾਜਿਕ ਨਿਆਏ ਮੰਤਰਾਲਿਆ ਲਈ ਨਸ਼ਿਆਂ ਦੀ ਵਰਤੋਂ ਸਬੰਧੀ ਪੰਜਾਬ ਦੇ ਲੱਗਭੱਗ 10 ਜਿਲਿਆਂ ਬਠਿੰਡਾ, ਫਿਰੋਜਪੁਰ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਮੋਗਾ, ਪਟਿਆਲਾ, ਸੰਗਰੂਰ, ਤਰਨਤਾਰਨ ਆਦਿ ਵਿੱਚ ਸਰਵੇਖਣ ਕੀਤਾ ਗਿਆ ਜਿਸ ਵਿੱਚ ਹੈਰਾਨ ਅਤੇ ਪ੍ਰੇਸ਼ਾਨ ਕਰਨ ਵਾਲੇ ਅੰਕੜੇ ਸਾਹਮਣੇ ਆਏ ਹਨ। ਸਮਾਜਿਕ ਸੁਰਖਿਆ ਵਿਭਾਗ ਪੰਜਾਬ ਵਲੋਂ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਦਿਤੇ ਗਏ ਐਫੀਡੈਵਿਟ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਵਿੱਚ 16 ਫਿਸਦੀ ਲੋਕ ਗੰਭੀਰ ਨਸ਼ਿਆਂ ਦੇ ਆਦੀ ਹਨ। ਪੰਜਾਬ ਰਾਜ ਏਡਜ਼ ਕੰਟਰੋਲ ਸੋਸਾਇਟੀ ਵਲੋਂ ਐਚ ਆਈ ਵੀ/ਏਡਜ਼ ਕੰਟਰੋਲ ਲਈ ਚਲਾਏ ਜਾ ਰਹੇ ਜਾਗਰੂਕਤਾ ਪ੍ਰੋਗਰਾਮ ਵਿੱਚ ਇਹ ਗੱਲ ਸਪਸ਼ਟ ਹੋ ਗਈ ਹੈ ਕਿ ਬਾਕੀ ਨਸ਼ਿਆਂ ਦੇ ਨਾਲ ਨਾਲ ਪੰਜਾਬ ਵਿੱਚ ਟੀਕਿਆਂ ਦੁਆਰਾ ਨਸ਼ਾ ਕਰਨ ਦੇ ਰੁਝਾਨ ਵਿੱਚ ਵੀ ਵਾਧਾ ਹੋਇਆ ਹੈ ਜੋਕਿ ਐਚ ਆਈ ਵੀ/ਏਡਜ਼ ਫੈਲਣ ਦਾ ਵੱਡਾ ਕਾਰਨ ਬਣਿਆ ਹੋਇਆ ਹੈ। ਕੋਵਿਡ-19 ਸਬੰਧੀ ਹੋਈ ਤਾਲਾਬੰਦੀ ਦੌਰਾਨ ਸ਼ਰਾਬ ਸਮੇਤ ਹੋਰ ਨਸ਼ਿਆਂ ਦੀ ਹੋਈ ਗੈਰ ਕਨੂੰਨੀ ਵਿਕਰੀ ਅਤੇ ਸਰਕਾਰੀ ਨਸ਼ਾ ਛਡਾਉ ਕੇਂਦਰਾਂ ਅੱਗੇ ਲੱਗੀਆਂ ਲੰਬੀਆਂ ਲਾਇਨਾਂ ਪੰਜਾਬ ਵਿੱਚ ਨਸ਼ਿਆਂ ਦੀ ਗੰਭੀਰ ਸਮੱਸਿਆ ਸਬੰਧੀ ਪੋਲ ਖੋਲਦੀਆਂ ਹਨ। ਪੀਜੀਆਈ ਦੀ ਰਿਪੋਰਟ ਵਿੱਚ ਸਾਹਮਣੇ ਆਇਆ ਹੈ ਕਿ ਪੰਜਾਬ ਵਿੱਚ ਇਸ ਸਮੇਂ 3 ਮਿਲੀਅਨ ਤੋਂ ਵੱਧ ਲੋਕ ਕਿਸੇ ਨਾ ਕਿਸੇ ਕਿਸਮ ਦੇ ਨਸ਼ੇ ਦਾ ਸੇਵਨ ਕਰ ਰਹੇ ਹਨ। ਪਿਛਲੇ ਕੁੱਝ ਦਹਾਕਿਆਂ ਦੌਰਾਨ ਪੰਜਾਬ ਵਿੱਚ ਸ਼ਰਾਬ ਦੇ ਪਿਆਕੜਾਂ ਦੀ ਗਿਣਤੀ ਵਿੱਚ ਹੀ ਅਥਾਹ ਵਾਧਾ ਹੋਇਆ ਹੈ। ਪੰਜਾਬ ਵਿੱਚ ਜਹਿਰੀਲੀ ਸ਼ਰਾਬ ਅਤੇ ਮਿਲਾਵਟੀ ਨਸ਼ਿਆਂ ਕਾਰਨ ਹੋ ਰਹੀਆਂ ਮੌਤਾਂ ਸਰਕਾਰ ਦੇ ਦਾਅਵਿਆਂ ਦੀ ਪੋਲ ਖੋਲਦੀਆਂ ਹਨ। ਪੁਲਿਸ ਵਲੋਂ ਆਏ ਦਿਨ ਨਸ਼ਿਆਂ ਸਬੰਧੀ ਦਰਜ਼ ਕੀਤੇ ਜਾਂਦੇ ਮਾਮਲੇ ਆਟੇ ਵਿੱਚ ਲੂਣ ਦੇ ਬਰਾਬਰ ਹੀ ਹਨ ਪਰ ਇਹ ਮਾਮਲੇ ਇਹ ਸਾਬਤ ਕਰਦੇ ਹਨ ਕਿ ਪੰਜਾਬ ਵਿੱਚ ਨਸ਼ਿਆਂ ਦੀ ਹੋ ਰਹੀ ਸਪਲਾਈ ਤੇ ਵਰਤੋਂ ਖਤਰਨਾਕ ਪੱਧਰ ਤੇ ਪਹੁੰਚ ਚੁੱਕੀ ਹੈ। ਸਰਕਾਰ ਵਲੋਂ ਇਸ ਸਮੱਸਿਆ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਪਰੰਤੂ ਨਸ਼ਿਆਂ ਦੇ ਕਾਰੋਬਾਰ ਵਿੱਚ ਕੋਈ ਖਾਸ ਕਮੀ ਨਜ਼ਰ ਨਹੀਂ ਆ ਰਹੀ ਹੈ। ਸਰਕਾਰ ਵਲੋਂ ਇਸ ਸਬੰਧੀ ਕੀਤੀ ਜਾ ਰਹੀ ਸੱਖਤੀ ਅਤੇ ਕਾਨੂੰਨੀ ਕਾਰਵਾਈ ਦਾ ਵੀ ਜਿਆਦਾ ਅਸਰ ਵੇਖਣ ਨੂੰ ਨਹੀਂ ਮਿਲ਼ ਰਿਹਾ ਹੈ ਕਿਉਂਕਿ ਕਈ ਵਿਅਕਤੀ ਰਾਜਨੀਤੀਵਾਨਾਂ ਅਤੇ ਅਧਿਕਾਰੀਆਂ ਦੀ ਮਿਲੀਭੁੱਗਤ ਨਾਲ ਬਿਨਾਂ ਕਿਸੇ ਡਰ ਦੇ ਅਪਣਾ ਧੰਦਾ ਕਰ ਰਹੇ ਹਨ।ਸੰਯੁਕਤ ਰਾਸ਼ਟਰ ਦੇ ਨਸ਼ਿਆਂ ਅਤੇ ਅਪਰਾਧ ਬਾਰੇ ਦਫ਼ਤਰ ਵਲੋਂ ਇਸ ਸਾਲ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਅਤੇ ਗੈਰ-ਕਾਨੂੰਨੀ ਤਸਕਰੀ ਵਿਰੁੱਧ ਅੰਤਰ-ਰਾਸ਼ਟਰੀ ਦਿਵਸਲਈ ਇੱਕ ਵਿਸ਼ਵ ਪੱਧਰ ਤੇ ਵਿਸ਼ੇਸ਼ ਸੁਨੇਹਾ ਹੈ ਕਿ ਨਸ਼ਿਆਂ ਦੀ ਵਰਤੋਂ ਕਰਨ ਵਾਲੇ ਲੋਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਤੇ ਕਲੰਕ ਅਤੇ ਵਿਤਕਰੇ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕਤਾ ਪੈਦਾ ਕਰੋ।ਨਸ਼ਿਆਂ ਦੀ ਵਰਤੋਂ ਕਰਨ ਵਾਲੇ ਲੋਕਾਂ ਵਿੱਚ ਏਡਜ਼ ਅਤੇ ਹੈਪੇਟਾਈਟਸ ਮਹਾਂਮਾਰੀ ਬਾਰੇ ਜਾਗਰੂਕਤਾ ਪੈਦਾ ਕਰੋ ਅਤੇ ਐੱਚਆਈਵੀ ਅਤੇ ਹੈਪੇਟਾਈਟਸ ਰੋਕਥਾਮ ਪ੍ਰੋਗਰਾਮਾਂ ਦਾ ਵਿਸਥਾਰ ਅਤੇ ਮਜ਼ਬੂਤੀ ਕਰੋ।ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨ ਵਾਲੇ ਸਾਰੇ ਲੋਕਾਂ ਲਈ ਸਬੂਤ-ਆਧਾਰਿਤ ਸਵੈ-ਇੱਛਤ ਸੇਵਾਵਾਂ ਨੂੰ ਉਤਸ਼ਾਹਿਤ ਕਰੋ।ਨਸ਼ੀਲੇ ਪਦਾਰਥਾਂ ਦੀ ਵਰਤੋਂ ਸੰਬੰਧੀ ਵਿਗਾੜਾਂ, ਉਪਲੱਬਧ ਇਲਾਜਾਂ ਅਤੇ ਸ਼ੁਰੂਆਤੀ ਦਖਲ ਅਤੇ ਸਹਾਇਤਾ ਦੀ ਮਹੱਤਤਾ ਬਾਰੇ ਸਿੱਖਿਅਤ ਕਰੋ।ਨਸ਼ੀਲੇ ਪਦਾਰਥਾਂ ਨਾਲ ਸਬੰਧਤ ਜੁਰਮਾਂ ਜਿਵੇਂ ਕਿ ਕਮਿਊਨਿਟੀ-ਆਧਾਰਿਤ ਇਲਾਜ ਅਤੇ ਸੇਵਾਵਾਂ ਲਈ ਯਾਗਰੂਕਤਾ ਪੈਦਾ ਕਰਨਾ।ਆਦਰਯੋਗ ਅਤੇ ਗੈਰ-ਨਿਰਣਾਇਕ ਭਾਸ਼ਾ ਅਤੇ ਰਵੱਈਏ ਨੂੰ ਉਤਸ਼ਾਹਿਤ ਕਰਕੇ ਕਲੰਕ ਅਤੇ ਵਿਤਕਰੇ ਦਾ ਮੁਕਾਬਲਾ ਕਰੋ।ਨਸ਼ਿਆਂ ਦੀ ਵਰਤੋਂ ਅਤੇ ਨਸ਼ਾਖੋਰੀ ਨੂੰ ਰੋਕਣ ਲਈ ਨੌਜਵਾਨਾਂ ਅਤੇ ਭਾਈਚਾਰਿਆਂ ਨੂੰ ਸ਼ਕਤੀ ਪ੍ਰਦਾਨ ਕਰੋ।ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਅਤੇ ਗੈਰ-ਕਾਨੂੰਨੀ ਤਸਕਰੀ ਵਿਰੁੱਧ ਤਸਕਰਾਂ ਤੇ ਕਾਰਵਾਈ ਕਰਨਾ। ਨਸ਼ਿਆਂ ਦੀ ਦੁਰਵਰਤੋਂ ਅਤੇ ਗੈਰ-ਕਾਨੂੰਨੀ ਤਸਕਰੀ ਵਿਰੁੱਧ ਇਸ ਸਾਲ ਦਾ ਅੰਤਰਰਾਸ਼ਟਰੀ ਦਿਵਸ ਕਲੰਕ ਅਤੇ ਵਿਤਕਰੇ ਨੂੰ ਖਤਮ ਕਰਕੇ ਅਤੇ ਰੋਕਥਾਮ ਨੂੰ ਮਜ਼ਬੂਤ ਕਰਕੇ ਲੋਕਾਂ ਨੂੰ ਪਹਿਲ ਦੇਣ ਦੀ ਲੋੜ ਤੇ ਕੇਂਦਰਿਤ ਹੈ। ਇਸਦਾ ਮਤਲਬ ਹੈ ਕਿ ਮਾਮੂਲੀ ਨਸ਼ੀਲੇ ਪਦਾਰਥਾਂ ਦੇ ਅਪਰਾਧਾਂ ਲਈ ਸਜ਼ਾ ਅਤੇ ਕੈਦ ਦੀ ਬਜਾਏ ਮੁੜ ਵਸੇਬੇ ਤੇ ਜ਼ੋਰ ਦੇਣਾ ਹੈ।ਇਸਦਾ ਮਤਲਬ ਹੈ ਰੋਕਥਾਮ ਅਤੇ ਇਲਾਜ ਪ੍ਰੋਗਰਾਮਾਂ ਅਤੇ ਸਿਹਤ ਸੇਵਾਵਾਂ ਦਾ ਵਿਸਤਾਰ ਕਰਨ ਸਮੇਤ ਨਸ਼ਿਆਂ ਦੀ ਵਰਤੋਂ ਕਰਨ ਵਾਲੇ ਲੋਕਾਂ ਦੇ ਮਨੁੱਖੀ ਅਧਿਕਾਰਾਂ ਨੂੰ ਬਰਕਰਾਰ ਰੱਖਣਾ। ਜੇਕਰ ਸਰਕਾਰ ਅਤੇ ਬੁੱਧੀਜੀਵੀ ਵਰਗ ਨੇ ਅਜੇ ਵੀ ਇਸ ਸਮੱਸਿਆ ਵੱਲ ਧਿਆਨ ਨਾਂ ਦਿਤਾ ਤਾਂ ਆਣ ਵਾਲਾ ਸਮਾਂ ਹੋਰ ਵੀ ਭਿਆਨਕ ਹੋਵੇਗਾ। ਜਰੂਰਤ ਹੈ ਕਿ ਸਰਕਾਰ ਦੇ ਨਾਲ ਨਾਲ ਧਾਰਮਿਕ, ਸਮਾਜਿਕ, ਰਾਜਨੀਤਿਕ ਆਗੂ ਵੀ ਇਸ ਸਮੱਸਿਆ ਤੋਂ ਲੋਕਾਂ ਨੂੰ ਬਚਾਉਣ ਲਈ ਖੁੱਲਕੇ ਅੱਗੇ ਆਣ ਤਾਂ ਜੋ ਦੇਸ਼ ਅਤੇ ਸਮਾਜ ਨੂੰ ਨਸ਼ਾ ਮੁੱਕਤ ਬਣਾਇਆ ਜਾਵੇ ਅਤੇ ਇਸ ਦਿਨ ਨੂੰ ਮਨਾਉਣ ਦਾ ਅਸਲੀ ਮੰਤਬ ਪੂਰਾ ਹੋਵੇਗਾ।





ਕੁਲਦੀਪ ਚੰਦ
91-9417563054

# ਗਲਾਸਗੋ: ਬੇਹੱਦ ਨਿਮਰ ਤੇ ਸੂਝਵਾਨ ਇਨਸਾਨ ਵਜੋਂ ਜਾਣੇ ਜਾਂਦੇ ਡਾ: ਇੰਦਰਜੀਤ ਸਿੰਘ ਸ਼ਾਹੀ ਪਰਿਵਾਰ ਵੱਲੋਂ ਮਿਲਣ ਵਾਲੇ ਸਨਮਾਨ ਐੱਮਬੀਈ ਲਈ ਨਾਮਜ਼ਦ

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)**- ਆਪਣੇ ਘਰ ਪਰਿਵਾਰ ਲਈ ਹਰ ਕੋਈ ਮਿਹਨਤ ਮੁਸ਼ੱਕਤ ਕਰਦਾ ਹੈ ਪਰ ਉਹਨਾਂ ਲੋਕਾਂ ਦਾ ਨਾਮ ਹੀ ਸੁਨਹਿਰੀ ਅੱਖਰਾਂ 'ਚ ਲਿਖਿਆ ਮਿਲਦਾ ਹੈ ਜੋ ਸਮਾਜ ਦੀ ਬਿਹਤਰੀ ਲਈ ਵੀ ਤਤਪਰ ਰਹਿੰਦੇ ਹਨ। ਸਕਾਟਲੈਂਡ ਵਸਦੇ ਭਾਈਚਾਰੇ ਲਈ ਮਾਣ ਵਾਲੀ ਖਬਰ ਹੈ ਕਿ ਗਲਾਸਗੋ ਦੀ ਬੇਹੱਦ ਨਿਮਰ ਸਖਸ਼ੀਅਤ ਡਾ: ਇੰਦਰਜੀਤ ਸਿੰਘ ਨੂੰ ਉਹਨਾਂ ਦੀਆਂ ਸਮਾਜ ਪ੍ਰਤੀ ਸੇਵਾਵਾਂ ਬਦਲੇ ਸ਼ਾਹੀ ਪਰਿਵਾਰ ਵੱਲੋਂ ਮੈਂਬਰ ਆਫ ਬ੍ਰਿਟਿਸ਼ ਐਂਪਾਇਰ (ਐੱਮ ਬੀ ਈ) ਦਾ ਸਨਮਾਨ ਹਾਸਲ ਹੋਇਆ ਹੈ।

ਕਿੰਗ ਚਾਰਲਸ ਤੀਜੇ ਦੇ ਜਨਮ ਦਿਨ ਮੌਕੇ ਵੱਖ-ਵੱਖ ਖੇਤਰਾਂ 'ਚ ਯੋਗਦਾਨ ਪਾਉਣ ਵਾਲੀਆਂ ਸ਼ਖ਼ਸੀਅਤਾਂ ਦੀ ਸੂਚੀ ਵਿੱਚ ਡਾ: ਇੰਦਰਜੀਤ ਸਿੰਘ ਦਾ ਨਾਮ ਵੀ ਐਮ।ਬੀ।ਈ। ਸਨਮਾਨ ਹਾਸਲ ਕਰਨ ਵਾਲਿਆਂ ਵਿਚ ਸ਼ੁਮਾਰ ਹੈ। ਜ਼ਿਕਰਯੋਗ ਹੈ ਕਿ 76 ਸਾਲਾ ਡਾ: ਇੰਦਰਜੀਤ ਸਿੰਘ ਦਾ ਜਨਮ ਭਾਰਤ ਪਾਕਿਸਤਾਨ ਵੰਡ ਤੋਂ ਪਹਿਲਾਂ ਪਾਕਿਸਤਾਨ ਦੇ ਮੌਂਟਗੁਮਰੀ 'ਚ ਹੋਇਆ ਸੀ।

ਵੰਡ ਸਮੇਂ ਉਹ ਮਹਿਜ ਕੁਝ ਕੁ ਮਹੀਨੇ ਦੇ ਸਨ ਤੇ ਉਨ੍ਹਾਂ ਦਾ ਪਰਿਵਾਰ ਲੁਧਿਆਣਾ ਸ਼ਹਿਰ 'ਚ ਆ ਵਸਿਆ। ਸੰਨ 1973 ਵਿੱਚ ਡਾ। ਇੰਦਰਜੀਤ ਸਿੰਘ ਨੇ ਸਕਾਟਲੈਂਡ ਦੇ ਸ਼ਹਿਰ ਗਲਾਸਗੋ ਨੂੰ ਆਪਣੀ ਕਰਮਭੂਮੀ ਵਜੋਂ ਚੁਣਿਆ। ਸੰਨ 2014 'ਚ ਸੇਵਾ-ਮੁਕਤ ਹੋਣ ਤੱਕ ਉਹ ਡਾਕਟਰੀ ਕਿੱਤੇ ਨੂੰ ਸਮਰਪਿਤ ਰਹੇ। ਆਪਣੀ ਰੋਜੀ ਰੋਟੀ ਦੀ ਦੌੜ ਦੇ ਨਾਲ ਨਾਲ ਉਹ ਵੱਖ-ਵੱਖ ਖੈਰਾਤੀ ਸੰਸਥਾਵਾਂ ਲਈ ਕੰਮ ਨਿਸ਼ਕਾਮ ਕਾਰਜ ਕਰਦੇ ਰਹੇ।

ਸੈਂਟਰਲ ਗੁਰਦੁਆਰਾ ਸਿੰਘ ਸਭਾ ਗਲਾਸਗੋ ਵਿਖੇ ਉਹਨਾਂ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਕਾਬਿਲੇ ਗੌਰ ਹਨ। ਇਸ ਸਨਮਾਨ ਲਈ ਨਾਮਜ਼ਦ ਹੋਣ 'ਤੇ ਇਸ ਪ੍ਰਤੀਨਿਧ ਨਾਲ ਗੱਲਬਾਤ ਕਰਦਿਆਂ ਉਹਨਾਂ ਕਿਹਾ ਕਿ ਇਸ ਸਨਮਾਨ ਨਾਲ ਉਹਨਾਂ ਦੀਆਂ ਜ਼ਿੰਮੇਵਾਰੀਆਂ 'ਚ ਹੋਰ ਵਾਧਾ ਹੋਇਆ ਹੈ। ਡਾ: ਇੰਦਰਜੀਤ ਸਿੰਘ ਨੇ ਜਿੱਥੇ ਸ਼ਾਹੀ ਪਰਿਵਾਰ ਦਾ ਧੰਨਵਾਦ ਕੀਤਾ ਹੈ, ਉੱਥੇ ਇਹ ਸਨਮਾਨ ਸਕਾਟਲੈਂਡ ਵਸਦੇ ਭਾਈਚਾਰੇ ਨੂੰ ਸਮਰਪਿਤ ਕੀਤਾ ਹੈ।

ਉਹਨਾਂ ਕਿਹਾ ਕਿ ਭਾਈਚਾਰੇ ਦੇ ਲੋਕਾਂ ਵੱਲੋਂ ਬਖਸ਼ੇ ਮੋਹ ਪਿਆਰ, ਸਤਿਕਾਰ ਤੇ ਭਰੋਸੇ ਦੀ ਬਦੌਲਤ ਹੀ ਇਹ ਸਨਮਾਨ ਪ੍ਰਾਪਤ ਹੋਣਾ ਸੰਭਵ ਹੋਇਆ ਹੈ ਤੇ ਸਮੁੱਚਾ ਭਾਈਚਾਰਾ ਹੀ ਇਸ ਸਨਮਾਨ ਦਾ ਮਾਲਕ ਹੈ।

# ਪੰਜਾਬੀ ਸੂਬਾ ਮੋਰਚਾ 1955



ਆਜ਼ਾਦ ਹਿੰਦੁਸਤਾਨ ਦੀ ਰਾਜਨੀਤੀ ਵਿਚ 'ਪੰਜਾਬੀ ਸੂਬਾ' ਦੀ ਮੰਗ ਦਾ ਰਾਹ ਬੜਾ ਸੰਘਰਸ਼ਸ਼ੀਲ ਹੈ। 'ਸਾਕਾ ਗੁਰੂ ਕਾ ਬਾਗ' ਸਿੱਖਾਂ ਦਾ ਇਕ ਲੰਮਾ ਮੋਰਚਾ ਸੀ। ਉਸੇ ਤਰਜ਼ 'ਤੇ ਸਿੱਖਾਂ ਨੇ ਇਹ ਸੰਘਰਸ਼ ਕੀਤਾ ਹੈ। ਬਰਤਾਨਵੀ ਰਾਜ ਦੀ ਵੰਡ ਸਮੇਂ ਸਿੱਖਾਂ ਨੂੰ ਤੀਜੀ ਧਿਰ ਮੰਨ ਲਿਆ ਸੀ। ਸਿੱਖ ਆਗੂਆਂ ਨੇ ਹਿੰਦੁਸਤਾਨ ਨਾਲ ਜੁੜਨ ਦਾ ਆਪ ਫੈਸਲਾ ਲਿਆ। ਵੰਡ ਤੋਂ ਬਾਅਦ ਸਿੱਖਾਂ ਨੂੰ ਬੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਜਿਵੇਂ ਪੰਜਾਬੀ ਕਿਰਸਾਨੀ ਪੱਛਮੀ ਪਾਕਿਸਤਾਨ ਤੋਂ ਆ ਕੇ ਘੱਗਰ ਦਰਿਆ ਦੇ ਦੁਆਲੇ ਆਣ ਵੱਸੀ। ਪਟਿਆਲਾ ਪੂਰਬੀ ਪੰਜਾਬ ਸਟੇਟਸ ਯੂਨੀਅਨ ਵਿਚ ਪੰਜਾਬੀਆਂ ਦੀ ਵੱਡੀ ਵੱਸੋਂ ਸੀ। ਖੇਤੀ, ਵਪਾਰ, ਮਕਾਨ, ਜਾਇਦਾਦ ਅਤੇ ਮੁੜ ਵਸੇਬੇ ਦੇ ਕੰਮਾਂ ਵਿਚ ਨਵੀਂ ਸਰਕਾਰ ਨੇ ਪ੍ਰਬੰਧਾਂ ਵਿਚ ਵਿਤਕਰਾ ਕੀਤਾ। ਸਿੱਖਾਂ ਨੂੰ ਕਾਂਗਰਸ ਦੀ ਫਿਰਕਾਪ੍ਰਸਤੀ ਦਾ ਸਾਹਮਣਾ ਕਰਨਾ ਪਿਆ। ਸਿੱਖਾਂ ਨੂੰ ਹਿੰਦੁਸਤਾਨ ਨਾਲ ਜੁੜਨ ਦਾ ਪਛਤਾਵਾ ਹੋਣ ਲੱਗਾ। ਉਹਨਾਂ ਪੰਜਾਬੀ ਸੂਬਾ ਦੀ ਮੰਗ ਉਠਾਈ। ਸੰਨ 1948 ਵਿਚ ਸਰਕਾਰ ਨੇ ਭਾਸ਼ਾ ਦੇ ਆਧਾਰ 'ਤੇ ਸੂਬਿਆਂ ਦੀ ਵੰਡ ਲਈ ਅਯੋਗ ਬਣਾਇਆ। ਜਿਸਦਾ ਅਧਿਕਾਰ ਖੇਤਰ ਦੱਖਣੀ ਰਾਜਾਂ ਤੱਕ ਹੀ ਸੀ। ਉਤਰੀ ਭਾਰਤ, ਪੰਜਾਬ ਨੂੰ ਇਸ ਤੋਂ ਬਾਹਰ ਰੱਖਿਆ ਗਿਆ। ਕੇਰਲ, ਆਂਧਰਾ, ਤਾਮਿਲ, ਕਰਨਾਟਕ ਸੂਬੇ ਹੋਂਦ ਵਿਚ ਆਏ। ਸੰਨ 1953 ਵਿਚ ਰਾਜ ਪੁਨਰਗਠਨ ਆਯੋਗਬਣਿਆ। ਕਾਂਗਰਸ ਵੱਲੋਂ ਬੋਲੀ ਦੇ ਆਧਾਰ 'ਤੇ ਸੂਬਿਆਂ ਦੀ ਨਵੀਂ ਹੱਦਬੰਦੀ ਦਾ ਅਸੂਲ ਮੰਨਿਆ ਜਾ ਚੁੱਕਾ ਸੀ। ਸ਼੍ਰੋਮਣੀ ਅਕਾਲੀ ਦਲ ਨੇ ਵਿਚਾਰਿਆ ਕਿ ਜੇਕਰ ਪੰਜਾਬ, ਪੈਪਸੂ ਤੇ ਰਾਜਸਥਾਨ ਦੇ ਪੰਜਾਬੀ ਬੋਲਦੇ ਇਲਾਕੇ ਵੱਖ ਕਰਕੇ ਪੰਜਾਬੀ ਸੂਬਾ ਬਣਾ ਦਿੱਤਾ ਜਾਵੇ ਤਾਂ ਸਿੱਖਾਂ ਦੀ ਹਾਲਤ ਕੁਝ ਸੁਧਰ ਸਕਦੀ ਹੈ। ਇਸ ਤਰ੍ਹਾਂ ਪੰਜਾਬੀ ਸੂਬਾ ਦੀ ਮੰਗ ਪੇਸ਼ ਹੋਈ ਤੇ ਪੰਜਾਬੀ ਸੂਬਾ ਜਿੰਦਾਬਾਦ ਦੇ ਨਾਅਰੇ ਗੂੰਜਣ ਲੱਗ ਪਏ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਦੇਸ਼ ਦੀ ਵੰਡ ਪਿੱਛੋਂ ਪੰਜਾਬ ਵਿਚ ਜੋ ਪਹਿਲੀਆਂ ਆਮ ਚੋਣਾਂ ਹੋਈਆਂ, ਉਸ ਸਮੇਂ ਗੁਰਦੁਆਰਾ ਚੋਣਾਂ ਵੀ ਆ ਗਈਆਂ। ਕਾਂਗਰਸੀ ਸਿੱਖਾਂ ਨੇ ਖਾਲਸਾ ਦਲ ਦੇ ਨਾਮ ਦੀ ਇਕ ਨਵੀਂ ਜਥੇਬੰਦੀ ਇਹ ਚੋਣਾਂ ਲੜਨ ਲਈ ਬਣਾ ਲਈ। ਚੋਣਾਂ ਵਿਚ 132 ਸੀਟਾਂ ਵਿਚੋਂ ਕਾਂਗਰਸੀ ਸਿੱਖ ਇਕ ਵੀ ਸੀਟ ਨਾ ਜਿੱਤ ਸਕੇ। ਸਰਦਾਰ ਈਸ਼ਰ ਸਿੰਘ ਮਝੈਲ ਵੀ ਚੋਣ ਹਾਰ ਗਏ। ਸੌ ਫੀਸਦੀ ਅਕਾਲੀ ਉਮੀਦਵਾਰ ਸਫਲ ਹੋਏ। ਨਾਲ ਹੀ ਦੇਸ਼ ਭਗਤ ਬੋਰਡ ਦੇ ਕੁਝ ਮੈਂਬਰ ਸਫਲ ਹੋਏ, ਜਿਹਨਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਹਮਾਇਤ ਪ੍ਰਾਪਤ ਸੀ। ਪੰਜਾਬੀ ਸੂਬਾ ਦੀ ਮੰਗ ਤੇ ਰੋਕਾਂ ਪਾਈਆਂ ਜਾਣ ਲੱਗੀਆਂ ਕਿ ਇਸ ਨਾਲ ਹਿੰਦੂਆਂ ਦਾ ਨੁਕਸਾਨ ਹੋਵੇਗਾ। ਹੱਦਬੰਦੀ ਆਯੋਗ ਮਾਰਚ-ਅਪ੍ਰੈਲ 1955 ਨੂੰ ਪੰਜਾਬ ਆ ਰਿਹਾ ਸੀ। ਇਸ ਲਈ ਪੰਜਾਬੀ ਸੂਬਾ ਪ੍ਰਚਾਰ ਤੇ ਰੋਕ ਲਾਉਣ ਲਈ ਨਾਅਰਿਆਂ ਤੇ ਰੋਕ ਲਗਾ ਦਿੱਤੀ। ਲੁਧਿਆਣਾ 31 ਦਸੰਬਰ, 1954 ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸਮਾਗਮ ਜਲੂਸ ਵਿਚ ਡਾਕਟਰ ਕਾਲੀਚਰਨ ਤੋਂ ਹਮਲਾ ਕਰਵਾ ਦਿੱਤਾ।ਜਿਸਨੇ ਮੰਨਿਆ ਕਿ ਅਸੀਂ ਪੰਜਾਬੀ ਸੂਬਾ ਦੀ ਫਿਰਕੂ ਮੰਗ ਨੂੰ ਰੋਕਣ ਲਈ ਮਹਾਂ ਪੰਜਾਬ ਦੀ ਲਹਿਰ ਚਲਾਈ ਹੈ। ਪਰ ਲਾਲਾ ਭੀਮ ਸੈਨ ਸੱਚਰ ਮੁੱਖ ਮੰਤਰੀ ਪੰਜਾਬ ਖਾਮੋਸ਼ ਸੀ। ਕਿਉਂਕਿ ਇਹ ਸਭ ਕੁਝ ਉਸਦੀ ਸ਼ਹਿ ਤੇ ਹੋਇਆ ਸੀ। ਉਹ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੰਮਾਂ ਵਿਚ ਵਿਘਨ ਪਾਉਣਾ ਚਾਹੁੰਦੇ ਸਨ। ਗੁਰਦੁਆਰਾ ਚੋਣਾਂ ਦੇ ਨਤੀਜਿਆਂ ਦੇ ਨਾਂ ਜਾਰੀ ਹੋਏ ਅਤੇ ਪਹਿਲੀ ਇਕੱਤਰਤਾ 4 ਜਨਵਰੀ 1955 ਨੂੰ ਰੱਖੀ ਗਈ। ਮਾਸਟਰ ਤਾਰਾ ਸਿੰਘ ਜੀ ਨੂੰ ਮੁਖੀ ਚੁਣਿਆ ਗਿਆ। ਪੰਜਾਬ ਸਰਕਾਰ ਦੇ ਗ੍ਰਹਿ ਸਕੱਤਰ ਨੇ ਨਾਮਜ਼ਦਗੀਆਂ ਦਾ ਕੰਮ ਸਿਰੇ ਨਹੀਂ ਚੜ੍ਹਨ ਦਿੱਤਾ। ਚੰਡੀਗੜ੍ਹ ਤੋਂ ਐਲਾਨ ਹੋਇਆ ਕਿ ਇਕੱਤਰਤਾ ਦੀ ਕਾਰਵਾਈ ਰੱਦ ਕੀਤੀ ਜਾਂਦੀ ਹੈ। ਅਗਲੀ ਇਕੱਤਰਤਾ ਦੀ ਤਾਰੀਖ 27 ਜਨਵਰੀ, 1955 ਰੱਖ ਦਿੱਤੀ। ਸਰਦਾਰ ਈਸ਼ਰ ਸਿੰਘ ਮਝੈਲ ਉਸ ਸਮੇਂ ਗੁਰਦੁਆਰਾ ਪ੍ਰਬੰਧ ਤੇ ਕਾਬਜ਼ ਸੀ। ਸਰਕਾਰ ਨੇ ਨਵੀਂ ਚੁਣੀ ਕਮੇਟੀ ਦੇ ਕੰਮਾਂ ਵਿਚ ਮੁਸ਼ਕਿਲਾਂ ਪਾਉਣ ਲਈ ਉਸਦੀ ਸਹਾਇਤਾ ਕੀਤੀ।

7 ਜਨਵਰੀ ਨੂੰ ਗੁਰਦੁਆਰਾ ਨਿਆਂ ਆਯੋਗ ਦੇ ਮੁਖੀ ਸਰਦਾਰ ਬੂਟਾ ਸਿੰਘ ਜੀ ਨੂੰ ਬਰਖਾਸਤ ਕਰ ਦਿੱਤਾ। ਵਕੀਲ ਸ. ਸਰਦੂਲ ਸਿੰਘ ਨੂੰ ਆਯੋਗ ਦਾ ਜੱਜ ਬਣਾ ਦਿੱਤਾ। ਨਵੀਂ ਚੁਣੀ ਕਮੇਟੀ ਵਿਚ ਗੁੱਸੇ ਦੀ ਲਹਿਰ ਪੈਦਾ ਹੋ ਗਈ ਕਿ ਇਹ ਲੋਕਤੰਤਰ ਦੇ ਖਿਲਾਫ ਹੈ। ਗੁਰਦੁਆਰਾ ਕਾਨੂੰਨ ਅਨੁਸਾਰ ਸਥਾਨਕ ਕਮੇਟੀਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰਨੀ ਸਾਰੀਆਂ ਕਮੇਟੀਆਂ ਵਿਚ ਆਪਣਾ ਇਕ-ਇਕ ਪ੍ਰਤੀਨਿਧ ਮੈਂਬਰ ਨਾਮਜ਼ਦ ਕਰਦੀ ਹੈ। ਪਰ ਸਰਕਾਰ ਨੇ 10-11 ਜਨਵਰੀ 1955 ਨੂੰ ਸਰਕਾਰ ਪੱਖੀ ਖਾਲਸਾ ਦਲ ਦੇ ਮੈਂਬਰਾਂ ਨੂੰ ਸਥਾਨਕ ਕਮੇਟੀਆਂ ਵਿਚ ਨਾਮਜ਼ਦ ਕਰ ਦਿੱਤਾ। ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਇਹ ਆਯੋਗ ਨਾਮਜ਼ਦਗੀਆਂ ਨਾ ਕੀਤੀਆਂ ਜਾਣ।

ਅਕਾਲੀ ਆਗੂਆਂ ਨੇ ਪ੍ਰਧਾਨ ਮੰਤਰੀ ਪੰਡਤ ਨਹਿਰੂ ਨਾਲ ਗੱਲ ਕਰਨੀ ਚਾਹੀ। ਪ੍ਰਧਾਨ ਮੰਤਰੀ ਨੇ ਪੰਜਾਬ ਸਰਕਾਰ ਨਾਲ ਗੱਲ ਕਰਨ ਲਈ ਕਹਿ ਦਿੱਤਾ। ਮਾਸਟਰ ਤਾਰਾ ਸਿੰਘ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਸ. ਜੋਗਿੰਦਰ ਸਿੰਘ ਰੇਖੀ, ਸ਼੍ਰੋਮਣੀ ਕਮੇਟੀ ਦੇ ਦੋਹਾਂ ਸਕੱਤਰਾਂ ਸ. ਰਵੇਲ ਸਿੰਘ ਤੇ ਸ. ਹਰਨਾਮ ਸਿੰਘ ਸਮੇਤ 21 ਜਨਵਰੀ 1955 ਨੂੰ ਲਾਲਾ ਭੀਮ ਸੈਨ ਸੱਚਰ ਮੁੱਖ ਮੰਤਰੀ ਪੰਜਾਬ ਨਾਲ ਮੁਲਾਕਾਤ ਕੀਤੀ। ਇਸ ਸਮੇਂ ਸਰਦਾਰ ਹਰਬੰਸ ਸਿੰਘ ਗੁਜਰਾਲ ਐਡਵੋਕੇਟ ਵੀ ਨਾਲ ਸਨ। ਮਾਸਟਰ ਜੀ ਨੇ ਗੁਰਦੁਆਰਾ ਪ੍ਰਬੰਧ ਵਿਚ ਸਰਕਾਰ ਦੇ ਦਖਲ ਦਾ ਇਲਜ਼ਾਮ ਲਾਇਆ। ਮੁੱਖ ਮੰਤਰੀ ਨੇ ਵਿਸ਼ੇ ਦੀ ਗੱਲਬਾਤ ਤੋਂ ਪਾਸੇ ਹੋ ਕੇ ਬਿਆਨ ਦਿੱਤਾ ਕਿ ਮਾਸਟਰ ਜੀ ਪੰਜਾਬੀ ਸੂਬਾ ਹੀ ਨਹੀਂ, ਸਗੋਂ ਸਿੱਖ ਰਾਜ ਮੰਗਦੇ ਹਨ। ਉਸ ਵੇਲੇ ਪੰਜਾਬ ਵਿਰੋਧੀ ਧਿਰ ਦਾ ਪੱਖ ਮੁੱਖ ਮੰਤਰੀ ਪੂਰ ਰਹੇ ਸਨ। ਸਿੱਖ ਕੌਮ ਨੇ ਜਾਣ ਲਿਆ ਕਿ ਇਨਸਾਫ ਲਈ ਕੁਰਬਾਨੀਆਂ ਦੀ ਲੋੜ ਹੈ। ਪਰ ਫਿਰ ਵੀ ਸਬਰ ਤੋਂ ਕੰਮ ਲਿਆ। ਸਰਕਾਰ ਦਾ ਵਤੀਰਾ ਸਿੱਖ ਵਿਰੋਧੀ ਰਿਹਾ। ਵਿਸਾਖੀ ਤੇ ਅੰਮ੍ਰਿਤਸਰ ਸੀਸ ਭੇਟ ਮੁਹੱਲੇ ਦੇ ਹੋਣ ਵਾਲੇ ਜਲੂਸ ਵਿਚ ਪੰਜਾਬੀ ਸੂਬਾ ਦੇ ਨਾਅਰਿਆਂ 'ਤੇ 14 ਅਪ੍ਰੈਲ 1955 ਨੂੰ ਪਾਬੰਦੀ ਲਗਾ ਦਿੱਤੀ। ਮਾਸਟਰ ਜੀ ਅਤੇ ਸਰਦਾਰ ਹੁਕਮ ਸਿੰਘ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਨਾਅਰੇ ਨਾ ਲਾਉਣ। ਜਲੂਸ ਘੰਟਾ ਘਰ ਚੌਂਕ ਤੱਕ ਪੁੱਜਾ। ਲੁਧਿਆਣਾ ਦੇ ਡਾਕਟਰ ਕਾਲੀਚਰਨ ਦੇ ਗੁੰਡੇ ਚੌਂਕ ਵਿਚ ਖੜ੍ਹੇ ਸਨ। ਦਸੰਬਰ 1954 ਨੂੰ ਲੁਧਿਆਣਾ ਦੇ ਫਸਾਦ ਵਾਂਗ ਅੰਮ੍ਰਿਤਸਰ ਵਿਚ ਵੀ ਜਲੂਸ ਤੇ ਇੱਟਾਂ ਪੈਣ ਲੱਗੀਆਂ। ਜਲੂਸ ਵਿਚ ਸ਼ਾਂਤੀਪੂਰਨ ਪੰਜਾਬੀ ਸੂਬਾ ਜਿੰਦਾਬਾਦ ਦੇ ਨਾਅਰੇ ਲੱਗਣ ਲੱਗੇ। ਜਲੂਸ ਅੱਗੇ ਵਧਿਆ ਪਰ ਪ੍ਰਸ਼ਾਸਨ ਅਤੇ ਪੁਲਿਸ ਦਾ ਇਕਤਰਫਾ ਇਤਰਾਜ਼ਯੋਗ ਵਤੀਰਾ ਸੀ। ਜਲੂਸ ਤੋਂ ਬਾਅਦ ਬੁਰਜ ਅਕਾਲੀ ਫੂਲਾ ਸਿੰਘ ਵਿਖੇ ਬੋਲਦਿਆਂ ਮਾਸਟਰ ਜੀ ਨੇ ਕਿਹਾ ਕਿ ਹੁਣ ਜਲੂਸ ਉਤੇ ਹਮਲੇ ਨਹੀਂ ਸਹਾਰੇ ਜਾਣਗੇ। ਸਿੱਖ ਕੌਮ ਨੇ 'ਸੱਚਰ ਮੁਰਦਾਬਾਦ' ਦੇ ਨਾਅਰੇ ਲਾਏ।

ਗੜਬੜ ਮਚਾਉਣ ਵਾਲੇ ਕੁਝ ਫੜੇ ਗਏ। ਪੁਰਅਮਨ ਸਿੱਖ ਨੌਜਵਾਨ ਵੀ ਗ੍ਰਿਫਤਾਰ ਕੀਤੇ। ਗੁਰੂ ਕਾ ਬਾਗ ਤੋਂ ਮਾਸਟਰ ਜੀ ਨੇ ਐਲਾਨ ਕੀਤਾ ਕਿ 24 ਅਪ੍ਰੈਲ 1955 ਤੱਕ ਪੰਜਾਬੀ ਸੂਬਾ ਦੇ ਨਾਅਰਿਆਂ ਤੋਂ ਪਾਬੰਦੀ ਹਟਾਈ ਜਾਵੇ। ਪਰ ਸੱਚਰ ਸਰਕਾਰ ਨੇ ਨਾ ਸੁਣੀ। ਪਾਬੰਦੀ ਹਟਾਉਣ ਦੀ ਮੰਗ ਭਾਰਤ ਸਰਕਾਰ ਕੋਲ ਰੱਖੀ ਕਿ 9 ਮਈ 1955 ਤੱਕ ਦਾ ਸਮਾਂ ਦਿੱਤਾ ਜਾਂਦਾ ਹੈ। ਨਹੀਂ ਤਾਂ ਮੋਰਚਾ ਲੱਗੇਗਾ। ਮੋਰਚੇ ਨੂੰ ਚਲਾਉਣ ਦੇ ਅਧਿਕਾਰ ਮਾਸਟਰ ਜੀ ਨੂੰ ਦਿੱਤੇ ਗਏ। ਮਈ 1, 1955 ਨੂੰ ਦੀਵਾਨ ਚਮਨ ਲਾਲ ਵੱਲੋਂ ਸੱਦੀ ਇਕੱਤਰਤਾ ਵਿਚ ਅਕਾਲੀਆਂ ਵੱਲੋਂ ਸ. ਗੋਪਾਲ ਸਿੰਘ ਖਾਲਸਾ, ਸ. ਰਾਮਦਿਆਲ ਸਿੰਘ ਤੇ ਸ. ਅਜਮੇਰ ਸਿੰਘ ਸ਼ਾਮਲ ਹੋਏ। ਮਹਾਂ ਪੰਜਾਬ ਵੱਲੋਂ ਡਾਕਟਰ ਕਾਲੀਚਰਨ ਤੇ ਸਾਥੀ ਸਨ। ਫੈਸਲਾ ਹੋਇਆ ਕਿ ਪੰਜਾਬੀ ਸੂਬਾ ਦੇ ਨਾਅਰਿਆਂ 'ਤੇ ਜਵਾਬੀ ਨਾਅਰੇ ਨਹੀਂ ਲਗਾਏ ਜਾਣਗੇ।

ਮਈ 3, 1955 ਨੂੰ ਸੱਚਰ ਮੁੱਖ ਮੰਤਰੀ ਨੇ ਸ. ਅਜਮੇਰਸਿੰਘ ਅਤੇ ਸਾਥੀਆਂ ਨਾਲ ਮੁਲਾਕਾਤ ਵਿਚ ਕਿਹਾ ਕਿ ਨਾਅਰਿਆਂ ਤੋਂ ਪਾਬੰਦੀ ਹਟਾ ਲਈ ਜਾਵੇਗੀ। ਪਰ ਦਿੱਲੀ ਦੇ ਚੱਕਰ ਲਾ ਕੇ ਆਉਂਦਿਆਂ 7 ਮਈ, 1955 ਨੂੰ ਐਲਾਨ ਕੀਤਾ ਕਿ ਇਸ ਮੋਰਚੇ ਨੂੰ ਕੁਚਲ ਦਿੱਤਾ ਜਾਵੇਗਾ। ਮਈ 9, 1955 ਲੁਧਿਆਣਾ ਵਿਖੇ ਲਾਲਾ ਕੇਦਾਰ ਨਾਥਸਹਿਗਲ ਦੀ ਪ੍ਰਧਾਨਗੀ ਹੇਠ ਹੋਈ ਇਕੱਤਰਤਾ ਵਿਚ ਮੋਰਚੇ ਦੀ ਹਮਾਇਤ ਦਾ ਐਲਾਨ ਹੋਇਆ। ਮੋਰਚੇ 'ਤੇਅਮਲ ਸ਼ੁਰੂ ਹੋਇਆ। ਮਾਸਟਰ ਜੀ ਨੇ ਸੰਗਤਾਂ ਨੂੰ ਕਿਹਾ ਕਿ ਇਹ ਸਿੱਖ ਕੌਮ ਦੀ ਅਣਖ ਦਾ ਸਵਾਲ ਹੈ। ਮੋਰਚਾ ਲਾ ਦਿਓ। ਸੰਗਤਾਂ ਵੱਲੋਂ ਵੱਡਾ ਹੁੰਗਾਰਾ ਮਿਲਿਆ। ਮਾਸਟਰ ਜੀ ਨੇ 4-4 ਦੇ ਜਥਿਆਂ ਨੂੰ ਪੰਜਾਬੀ ਸੂਬਾ ਜਿੰਦਾਬਾਦ ਦੇ ਨਾਅਰੇ ਨਾਲ ਗ੍ਰਿਫਤਾਰੀਆਂ ਦੇਣ ਲਈ ਕਿਹਾ। ਮਈ 10, 1955 ਨੂੰ ਮਾਸਟਰ ਜੀ ਦੀ ਗ੍ਰਿਫਤਾਰੀ ਮੰਜੀ ਸਾਹਿਬ ਤੋਂ ਹੋਈ। ਉਸ ਦਿਨ 10 ਹੋਰ ਸਿੰਘਾਂ ਨੇ ਵੀ ਗ੍ਰਿਫਤਾਰੀ ਦਿੱਤੀ। ਪੁਲਿਸ ਨੇ ਧੜਾਧੜ ਗ੍ਰਿਫਤਾਰੀਆਂ ਸ਼ੁਰੂ ਕਰ ਦਿੱਤੀਆਂ। ਮਾਸਟਰ ਜੀ ਨੂੰ ਪਹਿਲਾਂ ਅੰਮ੍ਰਿਤਸਰ ਫਿਰ ਰੋਹਤਕ ਜੇਲ੍ਹ ਭੇਜ ਦਿੱਤਾ।

ਮੋਰਚੇ ਦੇ ਦੂਸਰੇ ਮੁਖੀ ਪ੍ਰਿੰਸੀਪਲ ਇਕਬਾਲ ਸਿੰਘ ਜੀ ਨੇ ਇਕ ਮਹੀਨਾ ਮੋਰਚਾ ਚਲਾਇਆ। ਉਹਨਾਂ ਨੇ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਨ 25 ਮਈ 1955 ਨੂੰ ਪੰਜਾਬੀ ਸੂਬਾ ਦਿਨ ਮਨਾਉਣ ਲਈ ਚੁਣਿਆ। ਸਰਕਾਰ ਨੇ ਪ੍ਰੋਗਰਾਮ ਨੂੰ ਫੇਲ੍ਹ ਕਰਨ ਲਈ ਗ੍ਰਿਫਤਾਰੀਆਂ ਦਾ ਦੌਰ ਅੰਮ੍ਰਿਤਸਰ ਤੋਂ ਸ਼ੁਰੂ ਕਰਕੇ ਪੂਰੇ ਪੰਜਾਬ ਵਿਚ ਗ੍ਰਿਫਤਾਰਆਂ ਦੀ ਮੁਹਿੰਮ ਸ਼ੁਰੂ ਹੋ ਗਈ। ਸਰਕਾਰ ਨੇ ਅਕਾਲੀ ਦਲ ਦਾ ਇਕ ਵੀ ਮੈਂਬਰ ਅਤੇ ਆਗੂ ਜੇਲ੍ਹ ਤੋਂ ਬਾਹਰ ਨਹੀਂ ਰਹਿਣ ਦਿੱਤਾ। ਮੋਰਚਾ ਬੇਪਨਾਹ ਜੋਸ਼ ਨਾਲ ਅੱਗੇ ਵਧਣ ਲੱਗਾ। ਜੁਲਾਈ 25 ਨੂੰ ਪੰਜਾਬ ਅਸੈਂਬਲੀ ਦੇ ਸਪੀਕਰ ਸ. ਗੁਰਦਿਆਲ ਸਿੰਘ ਢਿੱਲੋਂ ਅਤੇ ਪੰਜਾਬ ਕੌਂਸਲ ਦੇ ਸਭਾਪਤੀ ਸ. ਕਪੂਰ ਸਿੰਘ ਨੇ ਅਖਬਾਰਾਂ ਰਾਹੀਂ ਸਰਕਾਰੀ ਤਜਵੀਜ਼ ਦਿੱਤੀ ਕਿ ਸਰਕਾਰ ਨਾਲ ਗੱਲਬਾਤ ਕਰ ਲੈਣੀ ਚਾਹੀਦੀ ਹੈ। ਪ੍ਰਿੰਸੀਪਲ ਇਕਬਾਲ ਸਿੰਘ ਜੀ ਵੱਲੋਂ ਇਹ ਤਜਵੀਜ਼ ਠੁਕਰਾ ਦਿੱਤੀ ਗਈ।

ਸੰਗਤਾਂ ਵਿਚ ਹੋਰ ਉਤਸ਼ਾਹ ਜਾਗ ਪਿਆ। ਪੈਪਸੂ, ਪੰਜਾਬ, ਉਤਰ ਪ੍ਰਦੇਸ਼, ਬੰਬਈ, ਕਾਨਪੁਰ ਤੇ ਕਲਕੱਤੇ ਤੱਕ ਤੋਂ ਜਥਿਆਂ ਨੇ ਅੰਮ੍ਰਿਤਸਰ ਵੱਲ ਵਹੀਰਾ ਘੱਤ ਦਿੱਤੀਆਂ। ਮੋਰਚੇ ਦੇ ਪਹਿਲੇ ਇਕ ਮਹੀਨੇ ਵਿਚ ਹੀ 5000 ਗ੍ਰਿਫਤਾਰੀਆਂ ਹੋਈਆਂ। ਮੋਰਚੇ ਵਿਚ ਆਉਂਦੀ ਤੇਜੀ ਵੇਖ ਕੇ ਕਾਂਗਰਸੀ ਅਤੇ ਆਰੀਆ ਸਮਾਜੀ ਅਖਬਾਰਾਂ ਨੇ ਕਾਂਗਰਸੀ ਸਿੱਖਾਂ ਨੂੰ ਮੋਰਚੇ ਦੇ ਮੁਕਾਬਲੇ ਵਿਚ ਆਉਣ ਦਾ ਪ੍ਰਚਾਰ ਕੀਤਾ ਕਿ ਉਹਨਾਂ ਨੂੰ ਵਜ਼ੀਰੀਆਂ ਦਿਵਾਈਆਂ ਹਨ। ਜੂਨ 1955 ਵਿਚ ਸ. ਦਰਸ਼ਨ ਸਿੰਘ ਫੇਰੂਮਾਨ ਨੇ ਅਖਬਾਰਾਂ ਵਿਚ ਬਿਆਨ ਦਿੱਤਾ ਕਿ ਗੁਰਦੁਆਰੇ ਵਿਚ ਰਾਜਨੀਤੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਮੰਜੀ ਸਾਹਿਬ ਦੇ ਦੀਵਾਨ ਵਿਚ ਜੋ ਰਾਜਸੀ ਤਕਰੀਰਾਂ ਹੁੰਦੀਆਂ ਹਨ, ਨੂੰ ਰੋਕਣ ਲਈ ਉਹ 25 ਜੂਨ 1955 ਨੂੰ 25 ਕਾਂਗਰਸੀ ਸਿੰਘਾਂ ਦਾ ਜਥਾ ਲੈ ਕੇ ਜਾਣਗੇ। ਕਾਂਗਰਸੀ ਸਿੱਖਾਂ ਨੇ ਇਸਦੀ ਹਮਾਇਤ ਦਾ ਐਲਾਨ ਕਰ ਦਿੱਤਾ।

ਸਰਦਾਰ ਪ੍ਰਤਾਪ ਸਿੰਘ ਕੈਰੋਂ, ਸ. ਈਸ਼ਰ ਸਿੰਘ ਮਝੈਲ ਨੇ ਅਕਾਲੀ ਆਗੂਆਂ ਨੂੰ ਧਮਕਾਉਣ ਦਾ ਯਤਨ ਕੀਤਾ ਕਿ ਕਾਂਗਰਸੀ ਸਿੱਖਾਂ ਦਾ ਜਥਾ ਮੰਜੀ ਸਾਹਿਬ ਦੀਵਾਨ ਵਿਚ ਜਾ ਕੇ ਫਸਾਦ ਕਰੇਗਾ। ਫਿਰ ਪੁਲਿਸ ਦੀ ਸਖਤੀ ਨਾਲ ਮੋਰਚਾ ਕੁਚਲ ਦਿੱਤਾ ਜਾਵੇਗਾ। ਜਥੇਦਾਰ ਭਾਨ ਸਿੰਘ ਨੇ ਟੱਕਰ ਲੈਣ ਦਾ ਐਲਾਨ ਕਰ ਦਿੱਤਾ। ਸ. ਸਰੂਪ ਸਿੰਘ ਵਿਧਾਇਕ ਨੇ ਕਿਹਾ ਕਿ ਮੁਕਾਬਲੇ ਦੀ ਕਮਾਨ ਮੈਂ ਸੰਭਾਲਾਂਗਾ, ਵੇਖਦੇ ਹਾਂ ਦੀਵਾਨ ਵੱਲ ਕੌਣ ਆਉਂਦਾ ਹੈ। ਸ. ਅਮਰ ਸਿੰਘ ਦੁਸਾਂਝ ਨੇ ਮੰਜੀ ਸਾਹਿਬ ਦੇ ਦੀਵਾਨ ਵਿਚ ਤਕਰੀਰ ਕਰਦੇ ਐਲਾਨ ਕੀਤਾ ਕਿ ਮੰਜੀ ਸਾਹਿਬ ਦੀਵਾਨ ਵੱਲ ਜੇਕਰ ਫੇਰੂਮਾਨ ਨੇ ਉਂਗਲ ਕੀਤੀ ਤਾਂ ਉਂਗਲ ਕੱਟ ਦਿੱਤੀ ਜਾਵੇਗੀ। ਜੇਕਰ ਅੱਖ ਚੁੱਕੀ ਤਾਂ ਉਹ ਕੱਢ ਕੇ ਸੁੱਟ ਦਿੱਤੀ ਜਾਵੇਗੀ। ਸੰਗਤਾਂ ਵਿਚ ਅਥਾਹ ਜੋਸ਼ ਭਰ ਗਿਆ। ਬਾਬਾਹਰਿਕ੍ਰਿਸ਼ਨ ਸਿੰਘ ਜੀ ਨੇ ਮਾਮਲਾ ਸੁਲਝਾਉਣ ਲਈ ਐਲਾਨ ਕੀਤਾ ਕਿ ਅੱਗੇ ਤੋਂ ਮੰਜੀ ਸਾਹਿਬ ਦੇ ਦੀਵਾਨ ਵਿਚ ਕਿਸੇ ਦਾ ਦਿਲ ਦੁਖਾਉਣ ਵਾਲੀ ਗੱਲ ਨਹੀਂ ਕੀਤੀ ਜਾਵੇਗੀ। ਕਾਂਗਰਸੀ ਸਿੱਖ ਆਗੂਆਂ ਨੇ ਕਿਹਾ ਕਿ ਉਹ ਹੁਣ ਜਵਾਬੀ ਮੋਰਚੇ ਲਈ ਜਥਾ ਲੈ ਕੇ ਨਹੀਂ ਜਾਣਗੇ।

ਮੰਜੀ ਸਾਹਿਬ ਦੇ ਦੀਵਾਨ ਤੋਂ ਤਕਰੀਰਾਂ ਹੁੰਦੀਆਂ ਰਹੀਆਂ। ਮੋਰਚਾ ਜੋਸ਼ ਨਾਲ ਅੱਗੇ ਵਧਦਾ ਗਿਆ। ਜੂਨ 15, 1955 ਤੱਕ ਗ੍ਰਿਫਤਾਰੀਆਂ ਦੀ ਗਿਣਤੀ 5000 ਤੋਂ ਉਪਰ ਸੀ। ਮਾਸਟਰ ਤਾਰਾ ਸਿੰਘ ਜੀ ਨੂੰ ਧਰਮਸ਼ਾਲਾ ਜੇਲ੍ਹ ਵਿਚ ਭੇਜ ਦਿੱਤਾ ਗਿਆ। ਅਕਾਲੀਆਂ ਨੇ ਐਲਾਨ ਕੀਤਾ ਕਿ ਮੋਰਚਾ ਉਦੋਂ ਤੱਕ ਚੱਲੇਗਾ, ਜਦੋਂ ਤੱਕ ਨਾਅਰਿਆਂ ਤੋਂ ਪਾਬੰਦੀ ਨਹੀਂ ਹਟਾ ਲਈ ਜਾਂਦੀ। ਸਿੰਘਾਂ ਨੇ ਕਈ ਖਾਸ ਦਿਨਾਂ ਤੇ ਵੀ ਗ੍ਰਿਫਤਾਰੀਆਂ ਦਿੱਤੀਆਂ। ਜਿਵੇਂ ਮਾਸਟਰ ਤਾਰਾ ਸਿੰਘ ਜੀ ਦੇ 71ਵੇਂ ਜਨਮ ਦਿਨ 271 ਗ੍ਰਿਫਤਾਰੀਆਂ ਹੋਈਆਂ। ਜੂਨ 29, 1955 ਨੂੰ ਮਹਾਰਾਜਾ ਰਣਜੀਤ ਸਿੰਘ ਜੀ ਦੀ 117ਵੀਂ ਬਰਸੀ ਤੇ ਗ੍ਰਿਫਤਾਰੀਆਂ ਹੋਈਆਂ। ਜੂਨ 29 ਆਜ਼ਾਦ ਪੰਜਾਬ ਦਿਨ, ਜੂਨ 30, 1955 ਨੂੰ ਘੱਲੂਘਾਰਾ ਦਵਸ ਤੇ ਜੁਲਾਈ 3, 1955 ਨੂੰ ਵੀ ਗ੍ਰਿਫਤਾਰੀਆਂ ਹੋਈਆਂ, ਜੋ ਸ਼ਹਿਰੀ ਆਜ਼ਾਦੀ ਦਾ ਦਿਨ ਸੀ।

ਪੰਜਾਬ ਦੇ ਮੁੱਖ ਮੰਤਰੀ ਲਾਲਾ ਭੀਮ ਸੈਨ ਸੱਚਰ ਅਤੇ ਉਪ ਇੰਸਪੈਕਟਰ ਜਨਰਲ ਪੁਲਿਸ ਨੇ ਪ੍ਰਸ਼ਾਸਨ ਨਾਲ ਮਿਲ ਕੇ ਮੋਰਚੇ ਨੂੰ ਸਖਤੀ ਨਾਲ ਦਬਾਅ ਦੇਣ ਦਾ ਫੈਸਲਾ ਕਰ ਲਿਆ। ਮੁੱਖ ਮੰਤਰੀ ਨੇ ਕਾਂਗਰਸੀ ਸਿੱਖਾਂ ਨੂੰ ਕਿਹਾ ਕਿ ਉਹ ਪਿੰਡਾਂ ਵਿਚ ਜਾ ਕੇ ਪੰਜਾਬੀ ਸੂਬਾ ਮੋਰਚਾ ਵਿਰੁੱਧ ਪ੍ਰਚਾਰ ਕਰਨ। ਪਰ ਮੋਰਚਾ ਹੋਰ ਵੀ ਤੇਜੀ ਨਾਲ ਅੱਗੇ ਵਧਦਾ ਗਿਆ। ਪੈਪਸੂ ਅਕਾਲੀ ਦਲ ਦੇ ਜਨਰਲ ਸਕੱਤਰ ਸ. ਰਾਜਿੰਦਰ ਸਿੰਘ ਪੱਤਰਕਾਰ ਵੀ ਗ੍ਰਿਫਤਾਰੀ ਦੇਣ ਅੰਮ੍ਰਿਤਸਰ ਪਹੁੰਚ ਗਏ। ਉਹਨਾਂ 2 ਜੁਲਾਈ 1955 ਨੂੰ ਮੰਜੀ ਸਾਹਿਬ ਦੀਵਾਨ ਤੋਂ ਐਲਾਨ ਕੀਤਾ ਕਿ ਸਿੱਖ ਕੌਮ ਮੋਰਚਾ ਫਤਿਹ ਕਰਨ ਤੋਂ ਬਿਨਾਂ ਪਿੱਛੇ ਨਹੀਂ ਹਟੇਗੀ।

ਸ਼੍ਰੋਮਣੀ ਅਕਾਲੀ ਦਲ ਦੇ ਨਾਲ ਸਾਰੀ ਸਿੱਖ ਕੌਮ ਖੜ੍ਹੀ ਹੋ ਗਈ ਸੀ। ਮੋਰਚਾ ਸ਼ੁਰੂ ਹੋਣ ਤੋਂ ਪਹਿਲਾਂ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੇ ਨਹਿਰੂ ਨੂੰ ਕਿਹਾ ਕਿ ਅਕਾਲੀ 1500 ਕੁ ਹੋਣਗੇ ਪਹਿਲਾਂ ਹੀ ਗ੍ਰਿਫਤਾਰ ਕਰ ਲਓ, ਮੋਰਚਾ ਖਤਮ ਹੋ ਜਾਵੇਗਾ। ਜਦੋਂ ਮੋਰਚੇ ਦੇ ਦੋ ਮਹੀਨੇ ਬੀਤੇ ਤਾਂ 8 ਹਜ਼ਾਰ ਜੇਲ੍ਹ ਜਾ ਚੁੱਕੇ ਸਨ।

ਜੂਨ ਦੇ ਅਖੀਰਲੇ ਹਫਤੇ, ਜਲੰਧਰ ਡਵੀਜ਼ਨ ਦੇ ਉਪ ਇੰਸਪੈਕਟਰ ਜਨਰਲ ਪੁਲਿਸ ਅਸ਼ਵਨੀ ਕੁਮਾਰ ਨੇ ਮੋਰਚੇ ਨੂੰ ਕੁਚਲਣਦੀ ਵਿਉਂਤ ਬਣਾਈ। ਉਸਨੇ ਮੁੱਖ ਮੰਤਰੀ ਨੂੰ ਕਿਹਾ ਕਿ ਮੈਨੂੰ 5 ਦਿਨਾਂ ਲਈ ਕਾਰਵਾਈ ਕਰਨ ਦੀ ਆਜ਼ਾਦੀ ਦੇਵੇ, ਮੈਂ ਮੋਰਚਾ ਕੁਚਲ ਦੇਵਾਂਗਾ। ਇਸ ਤਰ੍ਹਾਂ ਉਸਨੇ 4 ਜੁਲਾਈ, 9 ਜੁਲਾਈ 1955 ਤੱਕ ਛੋਟ ਮੰਗੀ ਸੀ। ਪੁਲਿਸ ਨੇ ਪ੍ਰੇਮ ਹੋਟਲ ਦੇ ਅਖੀਰ ਵਿਚ ਜੰਗਲਾ ਲਵਾ ਲਿਆ। ਜਿਸਦੀ ਨਿਗਰਾਨੀ ਅਕਾਲੀ ਦਲ ਦੇ ਸੇਵਾਦਾਰ ਕਰਦੇ ਸਨ। ਪੁਲਿਸ ਉਸ ਤੋਂ ਪਿੱਛੇ ਖੜ੍ਹੀ ਹੁੰਦੀ ਸੀ। ਜਦ ਸਤਿਆਗ੍ਰਹਿ ਨਾਅਰੇ ਮਾਰਦੇ ਜੰਗਲੇ ਤੋਂ ਅੱਗੇ ਵਧਦੇ ਤਾਂ ਪੁਲਿਸ ਗ੍ਰਿਫਤਾਰ ਕਰਦੀ ਸੀ। ਜੂਨ 1955 ਦੇ ਅਖੀਰ ਵਿਚ ਪੁਲਿਸ ਨੇ ਜੰਗਲਾ ਚੁਕਵਾ ਦਿੱਤਾ। ਪੁਲਿਸ ਗੁਰੂਰਾਮਦਾਸ ਸਰਾਂ ਤੋਂ ਅਕਾਲੀ ਦਫਤਰ ਤੱਕ ਗਸ਼ਤ ਕਰਨ ਲੱਗੀ। ਪੁਲਿਸ ਨੇ ਗੁਰਦੁਆਰਾ ਮੰਜੀ ਸਾਹਿਬ ਜਾ ਕੇ ਸੰਗਤਾਂ ਨੂੰ ਜਲੀਲ ਕਰਕੇ ਉਥੋਂ ਕੱਢ ਦਿੱਤਾ। ਸ਼੍ਰੋਮਣੀ ਕਮੇਟੀ ਦੀਆਂ ਜਾਇਜ਼ ਲਾਇਸੈਂਸੀ ਬੰਦੂਕਾਂ ਜਬਤ ਕਰ ਲਈਆਂ। ਅਕਾਲੀ ਸੇਵਾਦਾਰਾਂ ਦੀਆਂ ਬੰਦੂਕਾਂ ਵੀ ਜਬਤ ਕਰ ਲਈਆਂ।

ਪੁਲਿਸ ਦੀ ਅਸਲ ਕਾਰਵਾਈ 3-4 ਜੁਲਾਈ 1955 ਦੀ ਅੱਧੀ ਰਾਤ ਤੋਂ ਸ਼ੁਰੂ ਹੋ ਗਈ। ਬਿਨਾਂ ਵਰੰਟਾਂ ਦੇ ਗ੍ਰਿਫਤਾਰੀਆਂ ਹੋਈਆਂ। ਸਵੇਰੇ 3-4 ਵਜੇ ਹਜ਼ਾਰਾਂ ਪੁਲਿਸ ਵਾਲੇ ਲੈ ਕੇ ਅਸ਼ਵਨੀ ਕੁਮਾਰ ਨੇ ਆਪ ਧਾਵਾ ਬੋਲਿਆ। ਦਰਬਾਰ ਸਾਹਿਬ ਅਤੇ ਗੁਰੂ ਰਾਮਦਾਸ ਸਰਾਂ ਦੇ ਸਾਰੇ ਨਾਕੇ ਰੋਕ ਲਏ ਗਏ। ਪੁਲਿਸ ਦਾ ਸਖਤ ਪਹਿਰਾ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਫਤਰਾਂ 'ਤੇ ਹਮਲਾ ਕੀਤਾ ਗਿਆ। ਦਿੱਲੀ, ਕਾਨਪੁਰ, ਇੰਦੌਰ, ਰਾਜਸਥਾਨ ਦੇ ਸਤਿਆਗ੍ਰਹੀ ਗ੍ਰਿਫਤਾਰ ਕਰ ਲਏ ਅਤੇ ਹੋਰ ਮੁਸਾਫਰ ਵੀ ਟਰੱਕਾਂ ਵਿਚ ਬਿਠਾ ਕੇ ਜੇਲ੍ਹ ਵਿਚ ਲੈ ਗਏ।

ਮੰਜੀ ਸਾਹਿਬ ਦੀਵਾਨ ਤੇ ਧਾਰਾ 144 ਲਗਾ ਕੇ ਦੀਵਾਨ ਰੋਕਣ ਦਾ ਐਲਾਨ ਕਰ ਦਿੱਤਾ। ਪੁਲਿਸ ਨੇ ਗਸ਼ਤ ਤੇਜ ਕਰ ਦਿੱਤੀ। ਪੁਲਿਸ ਵਾਲੇ ਬਾਵਾ ਹਰਿਕ੍ਰਿਸ਼ਨ ਨਾਲ ਉਲਝ ਪਏ ਕਿ ਬਾਵਾ ਜੀ ਜੰਗਲੇ ਉਤੇ ਚੜ੍ਹ ਕੇ ਜੈਕਾਰੇ ਲਾਉਣ ਲੱਗ ਪਏ। ਸਰਦਾਰ ਹੁਕਮ ਸਿੰਘ ਨੇ ਕਿਹਾ ਕਿ ਫੌਜ ਨੂੰ ਵਾਪਸ ਭੇਜੋ। ਫੌਜ ਵਾਪਸ ਚਲੀ ਗਈ। ਪੁਲਿਸ ਨੂੰ ਅੱਗੇ ਵਧਾਉਣਾ ਸ਼ੁਰੂ ਕਰ ਦਿੱਤਾ। ਸਰਦਾਰ ਹੁਕਮ ਸਿੰਘ ਨੇ ਐਲਾਨ ਕੀਤਾ ਕਿ ਸਿੰਘੋ ਹੁਣ ਸਾਨੂੰ ਗੋਲੀਆਂ ਖਾਣੀਆਂ ਪੈਣੀਆਂ ਹਨ। ਜੋ ਗੋਲੀ ਖਾਣ ਲਈ ਤਿਆਰ ਹਨ। ਇੱਥੇ ਰਹਿਣ, ਬਾਕੀ ਚਲੇ ਜਾਣ। ਸਭ ਗੋਲੀਆਂ ਅੱਗੇ ਡਟ ਗਏ।

ਸੰਗਤਾਂ ਨੇ ਮੰਜੀ ਸਾਹਿਬ ਦਾ ਰਾਹ ਸ਼ਾਂਤੀਪੂਰਵਕ ਰੋਕ ਲਿਆ। ਪੁਲਿਸ ਨੇ ਅੱਥਰੂ ਗੈਸ ਅਤੇ ਡਾਂਗਾਂ ਦੀ ਵਰਤੋਂ ਕੀਤੀ। ਸੰਗਤਾਂ ਵਿਚ ਭਗਦੜ ਮੱਚ ਗਈ। ਸਿੰਘ ਡਟੇ ਰਹੇ। ਪੁਲਿਸ ਤਸ਼ੱਦਦ ਕਰਦੀ ਮੰਜੀ ਸਾਹਿਬ ਦੇ ਦੀਵਾਨ ਅਸਥਾਨ 'ਤੇ ਪੁੱਜ ਗਈ। ਬਹੁਤ ਸਾਰੀ ਸੰਗਤ ਪੁਲਿਸ ਕਾਰਵਾਈ ਵਿਚ ਜ਼ਖਮੀ ਹੋ ਗਈ। ਅਸ਼ਵਨੀ ਕੁਮਾਰ ਨੇ ਸੰਗਤਾਂ ਤੇ ਇਲਜਾਮ ਲਾਇਆ ਕਿ ਪ੍ਰਕਰਮਾ ਵਿਚੋਂ ਇੱਟਾਂ ਪੱਥਰ ਮਾਰੇ ਜਾ ਰਹੇ ਹਨ ਅਤੇ 7 ਗੋਲੀਆਂ ਵੀ ਚੱਲੀਆਂ ਹਨ। ਪਰ ਪੁਲਿਸ ਵਾਲੇ ਜ਼ਖਮੀ ਨਹੀਂ ਹੋਏ। ਆਗੂਆਂ ਨੇ ਕਿਹਾ ਕਿ ਪੱਥਰ ਤਾਂ ਭੜਕੀ ਭੀੜ ਵੱਲੋਂ ਮਾਰੇ ਜਾ ਸਕਦੇ ਹਨ ਪਰ ਗੋਲੀਆਂ ਚੱਲਣ ਦੀ ਗੱਲ ਝੂਠੀ ਹੈ। ਦਰਬਾਰ ਸਾਹਿਬ ਦੇ ਗ੍ਰੰਥੀ ਭਾਈ ਚੇਤ ਸਿੰਘ ਦੇ ਮਕਾਨ 'ਤੇ ਅੱਥਰੂ ਗੈਸ ਛੱਡੀ ਗਈ ਅਤੇ ਉਹਨਾਂ ਦਾ ਪਰਿਵਾਰ ਉਥੋਂ ਕੱਢ ਦਿੱਤਾ। ਪੁਲਿਸ ਅਫਸਰਾਂ ਦੀ ਅਗਵਾਈ ਹੇਠ ਪੁਲਿਸ ਨੇ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਇੱਟਾਂ, ਪੱਥਰ ਅਤੇ ਗੈਸ ਦੇ ਗੋਲੇ ਛੱਡੇ। ਪ੍ਰਕਰਮਾ ਵਿਚ ਇਕ ਦੀਵਾਰ ਡਿੱਗ ਪਈ। ਜਿਸ ਹੇਠ ਬਹੁਤ ਸਾਰੀ ਸੰਗਤ ਜ਼ਖਮੀ ਹੋਈ। ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਸਰਦਾਰ ਅਜਾਇਬ ਸਿੰਘ ਨੇ ਦੱਸਿਆ ਕਿ ਦੋ ਸਿੱਖ ਪੁਲਿਸ ਦੀਆਂ ਗੋਲੀਆਂ ਨਾਲ ਸ਼ਹੀਦ ਹੋਏ ਹਨ। ਪਰ ਪੁਲਿਸ ਨੇ ਤਸਦੀਕ ਨਹੀਂ ਕੀਤੀ।

ਗੈਸ ਦਰਬਾਰ ਸਾਹਿਬ ਦੀ ਮੰਜ਼ਿਲ ਵੱਲ ਪੁੱਜ ਗਈ। ਕੀਰਤਨ ਅਤੇ ਅਖੰਡ ਪਾਠ ਕਰਨ ਵਾਲੇ ਸੇਵਾਦਾਰਾਂ ਨੂੰ ਬੜੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਗੋਲੀਆਂ ਦੀ ਮਾਰ ਅਕਾਲ ਤਖਤ ਸਾਹਿਬ ਤੱਕ ਹੋਈ। ਸਾਰੀ ਕਾਰਵਾਈ ਦੀਆਂ ਤਸਵੀਰਾਂ ਲਈਆਂ ਗਈਆਂ। ਦਰਬਾਰ ਸਾਹਿਬ ਦੀ ਪਵਿੱਤਰਤਾ ਨੂੰ ਭੰਗ ਕੀਤਾ ਗਿਆ। ਪਰ ਸਤਿਆਗ੍ਰਹਿ ਨਹੀਂ ਰੁਕਿਆ। ਅਖਬਾਰਾਂ ਵਿਚ ਤਸਵੀਰਾਂ ਸਮੇਤ ਵੇਰਵਾ ਛਪਿਆ। ਮੰਜੀ ਸਾਹਿਬ ਤੇ ਪੁਲਿਸ ਦਾ ਕਬਜ਼ਾ ਸੀ। ਪ੍ਰਕਰਮਾ ਵਿਚ ਜਾਣ ਦਾ ਦਰਵਾਜ਼ਾ ਬੰਦ ਸੀ। ਅੱਥਰੂ ਗੈਸ ਦੇ ਗੋਲੇ ਛੱਡੇ ਜਾ ਰਹੇ ਸਨ। ਡਾਂਗਾਂ ਖੜਕ ਰਹੀਆਂ ਸਨ। ਪਿਸਤੌਲਾਂ ਤਣੀਆਂ ਹੋਈਆਂ ਸਨ। ਪਰ ਸਤਿਆਗ੍ਰਹਿ ਨੌਜਵਾਨ ਪਿੱਛੇ ਨਹੀਂ ਹਟੇ। ਅਕਾਲ ਤਖਤ ਸਾਹਿਬ ਦੇ ਸਾਹਮਣੇ ਦੀਵਾਨ ਲੱਗਾ। ਜਥੇਦਾਰ ਮੋਹਨ ਸਿੰਘ ਤੁੜ, ਜਥੇਦਾਰ ਬੂਟਾ ਸਿੰਘ, ਜਥੇਦਾਰ ਤਾਰਾ ਸਿੰਘ ਜੀ ਨੇ ਸਿੰਘਾਂ ਨੂੰ ਅੱਗੇ ਆਉਣ ਲਈ ਕਿਹਾ। ਸਿੰਘ ਸ਼ਾਂਤਮਈ ਡਟ ਗਏ। ਨੌਜਵਾਨ ਕੰਧ ਟੱਪ ਕੇ ਮੰਜੀ ਸਾਹਿਬ ਪਹੁੰਚੇ। ਪੰਜਾਬੀ ਸੂਬਾ ਜਿੰਦਾਬਾਦ ਦੇ ਨਾਅਰੇ ਲਾਉਂਦੇ ਡਾਂਗਾਂ ਖਾਂਦੇ ਤੇ ਉਹ ਗ੍ਰਿਫਤਾਰ ਹੋ ਜਾਂਦੇ। ਸਰਕਾਰ ਨੇ ਰੋਜ਼ਾਨਾ ਪ੍ਰਭਾਤ ਅਤੇ ਅਕਾਲੀ ਅਖਬਾਰਾਂ ਦੇ ਪ੍ਰਕਾਸ਼ਨ ਰੋਕ ਦਿੱਤੇ। ਅਜੀਤ ਅਤੇ ਅਕਾਲੀ ਪੱਤ੍ਰਿਕਾ ਤੇ ਰੋਕ ਦੀ ਕਾਰਵਾਈ ਹੋਈ। ਚਾਰੇ ਅਖਬਾਰਾਂ 4-9 ਜੁਲਾਈ 1955 ਤੱਕ ਬੰਦ ਰਹੀਆਂ ਤਾਂ ਜੋ ਪੁਲਿਸ ਤਸ਼ੱਦਦ ਦੀਆਂ ਖਬਰਾਂ ਅਖਬਾਰਾਂ ਰਾਹੀਂ ਬਾਹਰ ਨਾ ਨਿਕਲਣ। ਪੰਜ ਦਿਨਾਂ ਬਾਅਦ ਅਖਬਾਰ ਬਹਾਲ ਹੋਏ। ਭਾਵੇਂ ਬੀ. ਬੀ. ਸੀ. ਲੰਡਨ ਅਤੇ ਅਮਰੀਕਾ ਤੱਕ ਖਬਰਾਂ ਪੁੱਜ ਚੁੱਕੀਆਂ ਸਨ।

ਪੁਲਿਸ ਦਾ ਖਿਆਲ ਸੀ ਕਿ ਮੰਜੀ ਸਾਹਿਬ ਦੀਵਾਨ ਅਸਥਾਨ 'ਤੇ ਕਬਜ਼ਾ ਕਰਕੇ, ਦਰਬਾਰ ਸਾਹਿਬ ਦੀ ਨਾਕਾਬੰਦੀ ਕਰਕੇ ਉਹ ਮੋਰਚਾ ਕੁਚਲ ਦੇਣਗੇ। ਪੁਲਿਸ ਨੇ ਮੰਜੀ ਸਾਹਿਬ ਛਾਉਣੀ ਪਾ ਲਈ। ਗੁਰੂ ਰਾਮਦਾਸ ਸਰਾਂ, ਲੰਗਰ, ਪ੍ਰਕਾਸ਼ ਅਸਥਾਨ ਅਤੇ ਚਲਾਏ ਜਾ ਰਹੇ ਲੰਗਰਾਂ 'ਤੇ ਕਬਜ਼ਾ ਕਰ ਲਿਆ।

**(ਬਾਕੀ ਅਗਲੇ ਸਫੇ 'ਤੇ)**

# ਅਸ਼ਵਨਪ੍ਰੀਤ ਸਿੰਘ ਨਿਊਜ਼ੀਲੈਂਡ ਦੀ ਸੰਗੀਤਕ ਮੰਡਲੀ 'ਚ ਲਾਸ ਏਂਜਲਸ ਲਈ ਚੁਣਿਆ ਗਿਆ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਕਿਸੇ ਬੁੱਧੀਜੀਵੀ ਨੇ ਬਹੁਤ ਸੋਹਣਾ ਲਿਖਿਆ ਹੈ ਕਿ ਬੱਚੇ ਸਾਡੇ ਘਰ ਵਿੱਚ ਅਚਾਨਕ ਆਏ ਮਹਿਮਾਨ ਨਹੀਂ ਹੁੰਦੇ। ਉਨ੍ਹਾਂ ਨੂੰ ਪਿਆਰ ਕਰਨ, ਉਨ੍ਹਾਂ 'ਚ ਕਦਰਾਂ-ਕੀਮਤਾਂ ਦੀ ਨੀਂਹ ਰੱਖਣ ਦੇ ਉਦੇਸ਼ ਨਾਲ ਸਾਨੂੰ ਅਸਥਾਈ ਤੌਰ 'ਤੇ ਸਾਡੇ ਸਿਰ ਕਰਜ਼ੇ ਵਾਂਗ ਮਿਲੇ ਹੁੰਦੇ ਹਨ ਤਾਂ ਕਿ ਭਵਿੱਖ ਦੇ ਜੀਵਨ ਦਾ ਨਿਰਮਾਣ ਸ਼ਾਨਦਾਰ ਹੋ ਸਕੇ। ਗੱਲ ਹੈ ਬੱਚਿਆਂ ਦੀ ਪ੍ਰਤਿਭਾ ਪਛਾਣ ਲੈਣ ਦੀ, ਸਹੀ ਸਮੇਂ ਅਤੇ ਮੌਕੇ ਮਿਲਣ 'ਤੇ ਦਸਤਕ ਦੇਣ ਦੀ। ਇਕ ਅਜਿਹਾ ਹੀ 10 ਕੁ ਸਾਲਾ ਪੰਜਾਬੀ ਬੱਚਾ ਹੈ ਅਸ਼ਵਨਪ੍ਰੀਤ ਸਿੰਘ ਮੁਲਤਾਨੀ। ਇਹ ਬੱਚਾ ਭਾਵੇਂ ਇਥੇ ਜਨਮਿਆ ਹੈ, ਪਰ ਟਾਂਡਾ ਉੜਮੁੜ ਵਿਖੇ ਰਹਿੰਦੇ ਦਾਦਾ-ਦਾਦੀ ਮਾਸਟਰ ਸ. ਬਲਜੀਤ ਸਿੰਘ-ਸ੍ਰੀਮਤੀ ਇਕਬਾਲ ਕੌਰ ਉਨ੍ਹਾਂ ਦਾ ਅੱਗੇ ਬੇਟਾ ਅਤੇ ਨੂੰਹ ਅੰਮ੍ਰਿਤਪਾਲ ਸਿੰਘ ਤੇ ਨੀਤੂ ਸਿੰਘ ਦੇ ਰਾਹੀਂ ਨਿਊਜ਼ੀਲੈਂਡ ਦਾ ਜਮਾਂਦਰੂ ਵਾਸੀ ਹੋਣ ਦੇ ਬਾਵਜੂਦ ਵੀ ਪੰਜਾਬੀਅਤ ਦਾ ਪਿਆਰ ਹੰਢਾ ਰਿਹਾ ਹੈ। ਇਥੇ ਵਸਦੇ ਭਾਰਤੀ ਖਾਸ ਕਰ ਪੰਜਾਬੀ ਭਾਈਚਾਰੇ ਨੂੰ ਖੁਸ਼ੀ ਹੋਵੇਗੀ ਕਿ 26ਵੀਂ 'ਵਰਲਡ ਚੈਂਪੀਅਨਸ਼ਿਪ ਆਫ ਪਰਫਾਰਮਿੰਗ ਆਰਟਸ' ਲਾਸ ਏਂਜਲਸ (ਅਮਰੀਕਾ) (28 ਜੁਲਾਈ-6 ਅਗਸਤ) ਦੇ ਲਈ ਨਿਊਜ਼ੀਲੈਂਡ ਤੋਂ ਜਾ ਰਹੀ ਟੀਮ ਦੇ ਵਿਚ ਇਹ ਪੰਜਾਬੀ ਮੁੰਡਾ ਸੰਗੀਤਕ ਯੰਤਰ ਵਜਾਉਣ ਦੇ ਲਈ 24 ਜੁਲਾਈ ਨੂੰ ਅਮਰੀਕਾ ਜਾ ਰਿਹਾ ਹੈ। ਵੱਡੇ ਜੱਜਾਂ ਦੇ ਪੈਨਲ ਸਾਹਮਣੇ ਸੰਗੀਤਕ ਬੋਲਾਂ ਦੇ ਨਾਲ ਸੰਗੀਤਕ ਯੰਤਰਾਂ ਦਾ ਸੰਗਮ ਕਰਨ ਵਾਸਤੇ ਇਸ 10 ਸਾਲਾ ਬੱਚੇ ਦੀਆਂ ਉਂਗਲਾਂ ਇਕ ਨਵਾਂ ਜਾਦੂ ਕਰਨ ਦਾ ਸੁਪਨਾ ਵੇਖ ਰਹੀਆਂ ਹਨ। ਨਿਊਜ਼ੀਲੈਂਡ ਤੋਂ 15 ਬੱਚਿਆਂ ਦਾ ਇਹ ਸੰਗੀਤਕ ਦਲ ਉਥੇ ਜਾ ਰਿਹਾ ਹੈ। 60 ਵੱਖ-ਵੱਖ ਦੇਸ਼ਾਂ ਦੀਆਂ ਸੰਗੀਤਕ ਮੰਡਲੀਆਂ ਉਥੇ ਪੁੱਜਣਗੀਆਂ। ਇਸ ਵੇਲੇ ਅਸ਼ਵਨਪ੍ਰੀਤ ਸਿੰਘ 6ਵੇਂ ਸਾਲ ਦੀ ਪੜ੍ਹਾਈ ਕਰ ਰਿਹਾ ਹੈ। ਉਹ ਸੰਗੀਤਕ ਯੰਤਰਾਂ ਦੇ ਵਿਚੋਂ ਯੂ-ਨੀਵਰਸਲ ਸਾਜ਼ ਡਰੱਮ ਸੈਟ ਅਤੇ ਭਾਰਤੀ ਸਾਜ਼ਾਂ ਚੋਂ ਤਬਲਾ ਤੇ ਢੋਲ ਬਾਖੂਬੀ ਵਜਾਉਂਦਾ ਹੈ। 3 ਸਾਲ ਦੀ ਉਮਰ ਤੋਂ ਹੀ ਇਸਨੇ ਅਜਿਹੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨਾ ਸ਼ੁਰੂ ਕਰ ਦਿੱਤਾ ਸੀ। ਬਹੁਤ ਕੁਝ ਉਸਨੇ ਆਨ ਲਾਈਨ ਸਿੱਖ ਕੇ ਕੁਦਰਤੀ ਮਿਲੀ ਕਲਾ ਦੇ ਨਾਲ ਜੋੜ ਕੇ ਆਪਣੀ ਉਮੰਗ ਅਤੇ ਉਡਾਰੀ ਐਡੀ ਵੱਡੀ ਕਰ ਲਈ ਕਿ ਉਹ ਹੁਣ ਅਮਰੀਕਾ ਦੇ ਦੌਰੇ ਉਤੇ ਜਾ ਰਿਹਾ ਹੈ।





ਸੰਗੀਤ ਦੀ ਉਚ ਸਿਖਿਆ ਉਹ ਆਪਣੇ ਸੰਗੀਤਕ ਅਧਿਆਪਕ ਸ੍ਰੀ ਮਾਲਕਮ ਅਤੇ ਸ੍ਰੀ ਅਰਨੀ ਤੋਂ ਲੈ ਰਿਹਾ ਹੈ। ਉਹ ਇਸ ਵੇਲੇ ਆਪਣੇ ਮਾਪਿਆਂ ਤੋਂ ਇਲਾਵਾ ਨਾਨਾ-ਨਾਨੀ ਸ. ਅਮਰਜੀਤ ਸਿੰਘ ਅਤੇ ਸ੍ਰੀਮਤੀ ਰਾਜ ਕੌਰ ਦੇ ਨਾਲ ਵਾਇਕਾਟੋ ਵਿਖੇ ਰਹਿ ਰਿਹਾ ਹੈ।

ਸ਼ਾਲਾ! ਇਹ ਬੱਚਾ ਨਿਊਜ਼ੀਲੈਂਡ ਦੀ ਝੋਲੀ ਦੇ ਵਿਚ ਵਰਲਡ ਚੈਂਪੀਅਨਸ਼ਿਪ ਦੀ ਟ੍ਰਾਫੀ ਪਾਉਣ ਦੇ ਵਿਚ ਅਹਿਮ ਭੂਮਿਕਾ ਨਿਭਾਵੇ। ਪੰਜਾਬੀ ਮੀਡੀਆ ਅਤੇ ਕਮਿਊਨਿਟੀ ਵੱਲੋਂ ਬੱਚੇ ਲਈ ਸ਼ੁੱਭ ਇਛਾਵਾਂ!

# ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਠੇਕਾ ਆਧਾਰਤ ਨਵੇਂ ਰੈਗੂਲਰ ਹੋਏ 12700 ਅਧਿਆਪਕਾਂ ਦੀਆਂ ਤਨਖਾਹਾਂ ਵਿੱਚ 3 ਗੁਣਾ ਵਾਧਾ

**ਚੰਡੀਗੜ੍ਹ, (ਦਲਜੀਤ ਕੌਰ)-** ਸੂਬਾ ਸਰਕਾਰ ਵੱਲੋਂ ਹਾਲ ਹੀ ਵਿੱਚ ਰੈਗੂਲਰ ਹੋਏ 270 ਠੇਕਾ ਆਧਾਰਤ ਅਧਿਆਪਕਾਂ ਨੂੰ ਵੱਡਾ ਤੋਹਫ਼ਾ ਦਿੰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਇਨ੍ਹਾਂ ਅਧਿਆਪਕਾਂ ਦੀਆਂ ਸੇਵਾਵਾਂ ਰੈਗੂਲਰ ਹੋਣ ਤੋਂ ਬਾਅਦ ਉਨ੍ਹਾਂ ਦੀ ਤਨਖ਼ਾਹ ਵਿੱਚ ਤਿੰਨ ਗੁਣਾ ਵਾਧਾ ਕਰਨ ਅਤੇ ਸਰਕਾਰੀ ਨੌਕਰੀ ਦੇ ਹੋਰ ਸਾਰੇ ਲਾਭ ਦੇਣ ਦਾ ਐਲਾਨ ਕੀਤਾ ਹੈ।

ਇਸ ਬਾਰੇ ਐਲਾਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਅਧਿਆਪਕਾਂ ਨੂੰ ਐਸੋਸੀਏਟ ਟੀਚਰ, ਸਪੈਸਲ ਇਨਕਲੂਸਿਵ ਟੀਚਰਸ ਅਤੇ ਹੋਰਾਂ ਵਜੋਂ ਜਾਣਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਦੀਆਂ ਸੇਵਾਵਾਂ ਸਕੂਲ ਸਿੱਖਿਆ ਵਿਭਾਗ ਵਿੱਚ ਐਡਹਾਕ, ਕੰਟਰੈਕਟ, ਆਰਜੀ ਅਧਿਆਪਕਾਂ (ਰਾਸ਼ਟਰ ਨਿਰਮਾਤਾ) ਅਤੇ ਹੋਰ ਕਰਮਚਾਰੀਆਂ ਦੀ ਭਲਾਈ ਸਬੰਧੀ ਨੀਤੀ ਅਧੀਨ ਹੋਣਗੀਆਂ। ਉਨ੍ਹਾਂ ਕਿਹਾ ਕਿ ਇਨ੍ਹਾਂ ਦੀ ਵਿੱਦਿਅਕ ਯੋਗਤਾ ਅਤੇ ਸੇਵਾਵਾਂ ਵਿੱਚ ਦਾਖਲੇ ਲਈ ਮੁੱਢਲੀਆਂ ਸ਼ਰਤਾਂ ਦੇ ਅਧਾਰ 'ਤੇ ਇਨ੍ਹਾਂ ਦੀਆਂ ਤਨਖਾਹਾਂ 58 ਸਾਲ ਦੀ ਸੇਵਾ ਪੂਰੇ ਹੋਣ ਤੱਕ ਨਿਰਧਾਰਤ ਕੀਤੀਆਂ ਗਈਆਂ ਹਨ। ਭਗਵੰਤ ਮਾਨ ਨੇ ਕਿਹਾ ਕਿ ਇਹ ਅਧਿਆਪਕ ਹਰ ਸਾਲ ਆਪਣੀ ਤਨਖਾਹਾਂ 'ਤੇ 5 ਫੀਸਦੀ ਸਾਲਾਨਾ ਵਾਧੇ ਦੇ ਹੱਕਦਾਰ ਹੋਣਗੇ।



ਹੋਰ ਵੇਰਵੇ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਬੀ ਏ ਪਾਸ ਸਿੱਖਿਆ ਪ੍ਰੋਵਾਈਡਰ (ਐਸੋਸੀਏਟ ਟੀਚਰ, ਜੋ ਪਹਿਲਾਂ 9500 ਰੁਪਏ ਤਨਖਾਹ ਲੈ ਰਹੇ ਸਨ ਨੂੰ ਹੁਣ 20500 ਰੁਪਏ ਤਨਖਾਹ ਵਜੋ ਮਿਲਣਗੇ ਜਦਕਿ ਈ।ਟੀ।ਟੀ। ਅਤੇ ਐਨ।ਟੀ।ਟੀ। ਯੋਗਤਾ ਵਾਲੇ ਅਧਿਆਪਕਾਂ ਨੂੰ ਮੌਜੂਦਾ 10250 ਰੁਪਏ ਦੀ ਤਨਖਾਹ ਦੇ ਮੁਕਾਬਲੇ 22000 ਰੁਪਏ ਮਿਲਣਗੇ। ਉਨ੍ਹਾਂ ਕਿਹਾ ਕਿ ਇਸੇ ਤਰਾਂ ਬੀ। ਏ, ਐਮ।ਏ।ਬੀ।ਐਂਡ। ਡਿਗਰੀਆਂ ਵਾਲੇ ਅਜਿਹੇ ਅਧਿਆਪਕ ਜੋ ਹੁਣ 11000 ਰੁਪਏ ਤਨਖਾਹ ਲੈ ਰਹੇ ਹਨ, ਨੂੰ ਹੁਣ 23500 ਰੁਪਏ ਤਨਖਾਹ ਮਿਲੇਗੀ। ਭਗਵੰਤ ਮਾਨ ਨੇ ਕਿਹਾ ਕਿ ਆਈ।ਈ।ਵੀ। ਵੰਲਟੀਅਰ ਜੋ ਹੁਣ ਤੱਕ 5500 ਰੁਪਏ ਤਨਖਾਹ ਲੈ ਰਹੇ ਸਨ, ਨੂੰ ਹੁਣ 15,000 ਰੁਪਏ ਤਨਖਾਹ ਮਿਲੇਗੀ। ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਅਜੇ ਤੱਕ 3500 ਰੁਪਏ ਤਨਖਾਹ ਲੈ ਰਹੇ ਸਿੱਖਿਆ ਵਲੰਟੀਅਰਾਂ ਨੂੰ ਹੁਣ 15,000 ਰੁਪਏ ਅਤੇ 6000 ਰੁਪਏ ਤਨਖਾਹ ਲੈ ਰਹੇ ਈ-ਜੀਐਸਈਆਈਈ ਅਤੇ ਐਸਟੀਆਰ ਅਧਿਆਪਕਾਂ ਨੂੰ ਹੁਣ 18,000 ਰੁਪਏ ਮਿਲਣਗੇ। ਉਨ੍ਹਾਂ ਕਿਹਾ ਕਿ ਇਹ ਸੂਬਾ ਸਰਕਾਰ ਦਾ ਇਤਿਹਾਸਕ ਫੈਸਲਾ ਹੈ ਜੋ ਇਨ੍ਹਾਂ ਅਧਿਆਪਕਾਂ ਦੇ ਸਰਬਪੱਖੀ ਵਿਕਾਸ ਨੂੰ ਯਕੀਨੀ ਬਣਾਏਗਾ। ਭਗਵੰਤ ਮਾਨ ਨੇ ਕਿਹਾ ਕਿ ਇਨ੍ਹਾਂ ਅਧਿਆਪਕਾਂ ਨੇ ਸਿੱਖਿਆ ਵਿਭਾਗ ਵਿੱਚ 10 ਸਾਲ ਤੋਂ ਵੱਧ ਸੇਵਾ ਨਿਭਾਈ ਹੈ, ਜਿਸ ਤੋਂ ਬਾਅਦ ਸੂਬਾ ਸਰਕਾਰ ਨੇ ਇਨ੍ਹਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰ ਦਿੱਤਾ ਹੈ, ਜਦੋਂ ਕਿ ਪਿਛਲੀਆਂ ਸਰਕਾਰਾਂ ਨੇ ਇਸ ਮੁੱਦੇ 'ਤੇ ਸਿਰਫ ਗੱਲਾਂ ਤੋਂ ਸਿਵਾਏ ਕੁਝ ਨਹੀਂ ਕੀਤਾ।

# ਕੈਬਨਿਟ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਕੀਤਾ ਮਾਧੋਪੁਰ ਥਰਿਆਲ ਰੋਡ ਦੇ ਨਵੀਨੀਕਰਨ ਦਾ ਉਦਘਾਟਨ

**ਪਠਾਨਕੋਟ, 27 ਜੂਨ (ਰਾਜਿੰਦਰ ਸਿੰਘ ਰਾਜਨ)-** ਪੰਜਾਬ ਦੇ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਜੀ ਲੋਕਾਂ ਦੀਆਂ ਸਹੂਲਤਾਂ ਨੂੰ ਧਿਆਨ ਵਿੱਚ ਰੱਖ ਕੇ ਨਿਰੰਤਰ ਵਿਕਾਸ ਕਾਰਜ ਕਰਵਾਉਂਦੇ ਆ ਰਹੇ ਹਨ ਅਤੇ ਉਹ ਕੰਮ ਜਿਨ੍ਹਾਂ ਨਾਲ ਲੋਕਾਂ ਨੂੰ ਲਾਭ ਪਹੁੰਚਦਾ ਹੋਵੇ ਉਨ੍ਹਾਂ ਕਾਰਜਾਂ ਨੂੰ ਪਹਿਲ ਦੇ ਅਧਾਰ ਤੇ ਕਰਵਾਇਆ ਜਾਂਦਾ ਹੈ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਅੱਜ ਮਾਧੋਪੁਰ ਵਿਖੇ ਮਾਧੋਪੁਰ ਡਿਫੈਂਸ ਰੋਡ ਤੋਂ ਲੈ ਕੇ ਮਾਧੋਪੁਰ ਛਾਉਣੀ ਤੱਕ ਥਰਿਆਲ ਚੌਕ ਅਤੇ ਚੌਕ ਤੋਂ ਬੀ।ਐਸ।ਐਫ ਦੇ ਦਫਤਰ ਤੱਕ ਸੜਕ ਦੇ ਨਿਰਮਾਣ ਕਾਰਜ ਦਾ ਉਦਘਾਟਣ ਕਰਦਿਆਂ ਕੀਤਾ। ਇਸ ਮੋਕੇ ਤੇ ਹੋਰਨ੍ਹਾਂ ਤੋਂ ਇਲਾਵਾ ਸ। ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ ਵੀ ਹਾਜਰ ਸਨ।

ਇਸ ਮੋਕੇ ਤੇ ਸੰਬੋਧਤ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਦੱਸਿਆ ਕਿ ਪਿਛਲੇ ਦਿਨ੍ਹਾਂ ਦੋਰਾਨ ਉਨ੍ਹਾਂ ਦਾ ਇਸ ਖੇਤਰ ਅੰਦਰ ਦੋਰਾ ਸੀ ਅਤੇ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਸੜਕ ਦੀ ਬਹੁਤ ਹੀ ਮਾੜੀ ਹਾਲਤ ਹੈ ਅਤੇ ਅੱਜ ਮਾਧੋਪੁਰ ਵਿਖੇ ਮਾਧੋਪੁਰ ਡਿਫੈਂਸ ਰੋਡ ਤੋਂ ਲੈ ਕੇ ਮਾਧੋਪੁਰ ਛਾਉਣੀ ਤੱਕ ਥਰਿਆਲ ਚੋਂਕ ਅਤੇ ਚੋਂਕ ਤੋਂ ਬੀ।ਐਸ।ਐਫ ਦੇ ਦਫਤਰ ਤੱਕ ਸੜਕ ਦੇ ਨਿਰਮਾਣ ਕਾਰਜ ਦਾ ਜੋ ਕਿ ਕਰੀਬ 4 ਕਿਲੋਮੀਟਰ ਸੜਕ ਦੇ ਨਵੀਨੀਕਰਨ ਦਾ ਉ-ਦਘਾਟਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪਿਛਲੇ ਦਿਨ੍ਹਾਂ ਦੋਰਾਨ ਖੇਤਰ ਵਾਸੀਆਂ ਵੱਲੋਂ ਇਹ ਮਾਮਲਾ ਧਿਆਨ ਵਿੱਚ ਲਿਆਂਦਾ ਗਿਆ ਸੀ ਅਤੇ ਅੱਜ ਇਸ ਰੋਡ ਦਾ ਨਿਰਮਾਣ ਕਾਰਜ ਸੁਰੂ ਕਰਵਾਇਆ ਗਿਆ ਹੈ। ਜਿਸ 'ਤੇ ਲੱਖਾਂ ਰੁਪਏ ਖਰਚ ਕੀਤੇ ਜਾਣਗੇ।ਉਨ੍ਹਾਂ ਕਿਹਾ ਕਿ ਢਾਈ ਕਿਲੋਮੀਟਰ ਸੜਕ 18 ਫੁੱਟ ਦੀ ਬਣਾਈ ਜਾਵੇਗੀ ਜਦਕਿ ਡੇਢ ਕਿੱਲੋਮੀਟਰ ਨੂੰ 16 ਫੁੱਟ ਦਾ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ। ਭਗਵੰਤ ਸਿੰਘ ਮਾਨ ਜੀ ਲੋਕਾਂ ਨੂੰ ਸਹੂਲਤਾਂ ਦੇਣ ਲਈ ਦ੍ਰਿੜ ਸੰਕਲਪ ਹਨ ਅਤੇ ਇਸੇ ਲੜੀ ਤਹਿਤ ਇਸ ਸੜਕ ਦੀ ਮੁਰੰਮਤ ਦਾ ਕੰਮ ਸੁਰੂ ਕੀਤਾ ਗਿਆ । ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕਰਦਿਆਂ ਕਿਹਾ ਕਿ ਇਸ ਸੜਕ ਨੂੰ ਆਪਣੀ ਦੇਖ-ਰੇਖ ਹੇਠ ਬਣਵਾਉਣਾ ਲੋਕਾਂ ਦੀ ਜ਼ਿੰਮੇਵਾਰੀ ਹੈ ਕਿਉਂਕਿ ਜੇਕਰ ਇਸ ਨੂੰ ਸਹੀ ਢੰਗ ਨਾਲ ਬਣਾਇਆ ਜਾਵੇ ਤਾਂ ਲੋਕਾਂ ਨੂੰ ਸਹੂਲਤ ਮਿਲੇਗੀ।



ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੂਰੇ ਪੰਜਾਬ ਅੰਦਰ ਨਿਰਪੱਖ ਹੋ ਕੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਅਤੇ ਕਿਸੇ ਤਰ੍ਹਾਂ ਦੀ ਵੀ ਕੋਈ ਪੀ ਪ੍ਰੇਸਾਨੀ ਨਹੀਂ ਆਉਂਣ ਦਿੱਤੀ ਜਾਵੈਗੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਦੇ ਬਿਜਲੀ ਦੇ ਬਿੱਲ ਮੁਆਫ਼ ਕੀਤੇ ਗਏ , ਬੇਰੁਜਗਾਰ ਨੋਜਵਾਨਾਂ ਨੂੰ ਰੁਜਗਾਰ ਦੇ ਲਈ ਨੋਕਰੀਆਂ ਦਿੱਤੀਆਂ ਗਈਆਂ। ਸਿਹਤ ਸੁਵਿਧਾਵਾਂ ਅਤੇ ਸਿੱਖਿਆ ਸੇਵਾਵਾਂ ਲਈ ਵਧੀਆਂ ਉਪਰਾਲੇ ਕੀਤੇ ਗਏ ਹਨ।

ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸੁਜਾਨਪੁਰ ਨਗਰ ਕੌਂਸਲ ਪ੍ਰਧਾਨ ਅਨੁਰਾਧਾ ਬਾਲੀ, ਹਰਜੀਤ ਭਗਤ ਐਸ।ਸੀ।ਵਿੰਗ ਜਿਲ੍ਹਾ ਪ੍ਰਧਾਨ, ਸਰਪੰਚ ਸੋਹਣ ਲਾਲ ਸਾਹਪੁਰਕੰਡੀ, ਕੌਂਸਲਰ ਮਹਿੰਦਰ ਬਾਲੀ, ਕੌਂਸਲਰ ਲਕਸਮੀ ਵਰਮਾ,ਕੌਂਸਲਰ ਪੁਸਪਾ ਦੇਵੀ, ਕੌਂਸਲਰ ਸਰੋਜ ਬਾਲਾ, ਵਿਜੈ ਕਟਾਰੂਚੱਕ ਜਿਲ੍ਹਾ ਮੀਡਿਆ ਇੰਚਾਰਜ ਪਠਾਨਕੋਟ, ਨਰੇਸ ਸੈਣੀ ਐਸ।ਸੀ। ਵਿੰਗ ਪ੍ਰਧਾਨ, ਬਲਾਕ ਪ੍ਰਧਾਨ ਪਵਨ ਕੁਮਾਰ ਫੋਜੀ, ਖੁਸਬੀਰ ਕਾਟਲ, ਸਰਪੰਚ ਵਿਨੋਦ ਕੁਮਾਰ, ਸਰਪੰਚ ਪ੍ਰੇਮਚੰਦ, ਸਰਪੰਚ ਵਰਿਆਮ ਸਿੰਘ, ਬਲਵੀਰ ਸਿੰਘ ਚਰਨਦਾਸ ਲਹੌਰੀਆ, ਸੁਭਾਸ਼ ਸ਼ਰਮਾ, ਦਲਬੀਰ ਸਿੰਘ ਵਿਨੋਦ ਰਾਏ, ਨਰੇਸ਼ ਕੁਮਾਰ, ਨਿਖਲ ਮਹਾਜਨ, ਸ। ਤਰਸੇਮ ਸਿੰਘ, ਸਰਵਣ ਸਿੰਘ ਗਿਰਧਾਰੀ ਲਾਲ ਆਦਿ ਹਾਜ਼ਰ ਸਨ।

# ਪੰਜਾਬੀ ਸੂਬਾ ਮੋਰਚਾ 1955

**(ਸਫਾ 23 ਦੀ ਬਾਕੀ)**

ਲੰਗਰਾਂ ਵਿਚੋਂ ਦਾਲ, ਆਟਾ, ਘਿਓ ਅਤੇ ਭਾਂਡੇ ਪੁਲਿਸ ਚੁੱਕ ਕੇ ਲੈ ਗਈ। ਬਾਬਾ ਅਟਲ ਅਤੇ ਕੋਲਸਰ ਸਰੋਵਰ ਦੀ ਪਵਿੱਤਰਤਾ ਭੰਗ ਹੋਈ। ਜੁਲਾਈ 4, 1955 ਨੂੰ ਦਰਬਾਰ ਸਾਹਿਬ ਵਾਸਤੇ ਕੜਾਹ ਪ੍ਰਸ਼ਾਦ ਅਤੇ ਪ੍ਰਸ਼ਾਦਿਆਂ 'ਤੇ ਵੀ ਰੋਕ ਲਗਾ ਦਿੱਤੀ। ਸੇਵਾਦਾਰਾਂ ਨੂੰ ਵੀ ਬੇਇਜ਼ਤ ਕੀਤਾ ਗਿਆ। ਸਖਤੀ ਦੇ ਬਾਵਜੂਦ ਵੀ ਅਕਾਲ ਤਖਤ ਸਾਹਿਬ ਤੇ ਪ੍ਰਸ਼ਾਦੇ ਦਾ ਭੰਡਾਰ ਲੱਗ ਗਿਆ। ਸੰਗਤਾਂ ਨੂੰ ਹੋਰ ਪ੍ਰਸ਼ਾਦੇ ਲਿਆਉਣ ਤੋਂ ਰੋਕਣਾ ਪਿਆ।

ਗ੍ਰਿਫਤਾਰੀਆਂ ਜਾਰੀ ਸਨ। ਪੁਲਿਸ ਨੇ ਹਿੰਦੂ ਸਿੱਖ ਫਸਾਦ ਕਰਵਾਉਣ ਦੀ ਸਾਜਿਸ਼ ਹੇਠ ਸ਼ਰਾਰਤੀ ਖੜ੍ਹੇ ਕਰ ਲਏ ਕਿ ਫਸਾਦ ਹੋਣ ਦੇ ਬਹਾਨੇ ਕਰਫਿਊ ਲਗਾ ਕੇ ਮੋਰਚਾ ਕੁਚਲ ਦਿੱਤਾ ਜਾਵੇ। ਪਰ ਇਹ ਸਾਜਿਸ਼ ਸਫਲ ਨਾ ਹੋਈ। ਰੋਜ਼ ਸੈਂਕੜੇ ਸਿੰਘ ਅਕਾਲ ਤਖਤ ਸਾਹਿਬ 'ਤੇ ਇਕੱਠੇ ਹੁੰਦੇ ਗਏ। ਚੀਫ ਖਾਲਸਾ ਦੀਵਾਨ ਨੇ ਵੀ ਆਵਾਜ਼ ਉਠਾਈ ਕਿ ਸਰਕਾਰ ਕੋਲੋਂ ਹੋ ਰਹੇ ਤਸ਼ੱਦਦ ਦੀ ਪੜਤਾਲ ਕਰਵਾਈ ਜਾਵੇ। ਸੰਤ ਮਹਾਤਮਾ ਵੀ ਮੋਰਚੇ ਵਿਚ ਕੁੱਦ ਪਏ। ਮਤਭੇਦ ਰੱਖਣਵਾਲੇ ਕਾਂਗਰਸੀ ਵੀ ਮੋਰਚੇ ਵਿਚ ਆ ਗਏ। ਸੱਚਰ ਸਰਕਾਰ ਬੁਖਲਾ ਗਈ। ਗ੍ਰਿਫਤਾਰੀਆਂ ਤੇ ਰੋਕ ਲਗਾ ਦਿੱਤੀ ਪਰ ਥੋੜ੍ਹੇ ਚਿਰ ਬਾਅਦ ਹੀ ਗ੍ਰਿਫਤਾਰੀਆਂ ਫਿਰ ਸ਼ੁਰੂ ਹੋ ਗਈਆਂ।

ਜੁਲਾਈ 11, 1955 ਨੂੰ 600 ਗ੍ਰਿਫਤਾਰੀਆਂ ਹੋਈਆਂ। ਜੁਲਾਈ 12, 1955 ਨੂੰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਸਰਦਾਰ ਗਿਆਨ ਸਿੰਘ ਰਾੜੇਵਾਲਾ ਨੂੰ ਇਤਲਾਹ ਦਿੱਤੀ ਕਿ ਪ੍ਰਧਾਨ ਮੰਤਰੀ ਨਹਿਰੂ ਨੇ ਸਦਭਾਵਨਾ ਅਧੀਨ ਨਾਅਰਿਆਂ ਤੋਂ ਪਾਬੰਦੀ ਹਟਾ ਲਈ ਹੈ। ਜਥੇਦਾਰ ਗੁਰਬਚਨ ਸਿੰਘ ਜੀ ਫਤਿਹਗੜ੍ਹ ਦੀ ਕਮਾਨ ਹੇਠ ਸਰਕੂਲਰ ਰੋਡ ਅੰਮ੍ਰਿਤਸਰ ਤੇ 10-15 ਹਜ਼ਾਰ ਦੀ ਸੰਗਤ ਨੇ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਅਰਿਆਂ ਨਾਲ ਅਸਮਾਨ ਗੁੰਜਾ ਦਿੱਤਾ। ਸਤਿਆਗ੍ਰਹੀ ਵਾਪਸ ਮੰਜੀ ਸਾਹਿਬ ਆ ਗਏ। ਇਹ ਮੋਰਚਾ 64 ਦਿਨਾਂ ਬਾਅਦ ਪੂਰੀ ਸ਼ਾਨ ਨਾਲ ਫਤਿਹ ਹੋਇਆ।

ਸਮੇਂ ਸਮੇਂ ਮੋਰਚਾ ਸਫਲਤਾ ਪੂਰਵਕ ਚਲਾਉਣ ਲਈ ਮਾਸਟਰ ਤਾਰਾ ਸਿੰਘ ਜੀ ਦੀ ਗ੍ਰਿਫਤਾਰੀ ਤੋਂ ਬਾਅਦ ਜਿਹਨਾਂ ਆਗੂਆਂ ਨੇ ਮੋਰਚੇ ਦੀ ਅਗਵਾਈ ਸੰਭਾਲੀ ਵਿਚ ਸ਼ਾਮਲ ਸਨ। ਪ੍ਰਿੰਸੀਪਲ ਇਕਬਾਲ ਸਿੰਘ, ਸਰਦਾਰ ਭੁਪਿੰਦਰ ਸਿੰਘ ਮਾਨ, ਸਰਦਾਰ ਮੀਹਾਂ ਸਿੰਘ ਗਿੱਲ ਵਿਧਾਇਕ/ਵਜ਼ੀਰ (ਪੈਪਸੂ), ਸ. ਗੁਰਰਾਜ ਸਿੰਘ ਮੈਂਬਰ ਕੌਂਸਲ ਆਫ ਸਟੇਟ, ਸਰਦਾਰ ਨਰਿੰਦਰ ਸਿੰਘ ਭੁਲੇਰ, ਸਰਦਾਰ ਪ੍ਰੀਤਮ ਸਿੰਘ ਮੋਫਰ ਵਿਧਾਇਕ (ਪੈਪਸੂ)।

ਇਸ ਮੋਰਚੇ ਵਿਚ ਅਕਾਲੀਆਂ ਨੇ ਪੰਜਾਬ ਦੀ ਆਵਾਜ਼ ਤੇ ਸ਼ਾਨਦਾਰ ਹਿੱਸਾ ਲਿਆ। ਆਪਣੀਆਂ ਖੜ੍ਹੀਆਂ ਫਸਲਾਂ, ਚਲਦੇ ਵਪਾਰ, ਕਾਰੋਬਾਰ, ਨੌਕਰੀਆਂ, ਕੁਰਕੀਆਂ, ਪੜ੍ਹਾਈਆਂ ਦੀ ਪਰਵਾਹ ਨਾ ਕਰਦੇ ਹੋਏ 12000 ਜੇਲ੍ਹਾਂ ਵਿਚ ਗਏ। ਜੋ ਜੋਸ਼ ਰੋਹ, ਹਿੰਮਤ ਦਲੇਰੀ, ਬਹਾਦਰੀ, ਕੁਰਬਾਨੀ ਅਤੇ ਚੜ੍ਹਦੀ ਕਲਾ ਨਾਲ ਮੋਰਚੇ ਵੱਲ ਵਧੇ। ਸ਼੍ਰੋਮਣੀ ਕਮੇਟੀ ਦੇ 111 ਮੈਂਬਰ, ਸਾਰੇ ਅਕਾਲੀ ਮੈਂਬਰ ਪਾਰਲੀਮੈਂਟ, ਵਿਧਾਇਕ, ਮਿਊਂਸਪਲ ਕਮਿਸ਼ਨਰ, ਸਿਰਕੱਢ ਸਿੱਖ ਆਗੂ, ਨਿਆਂਇਕ ਅਮਲਾ, ਵਕੀਲ, ਪ੍ਰੋਫੈਸਰ, ਪ੍ਰਿੰਸੀਪਲ, ਡਾਕਟਰ, ਵਿਦਿਆਰਥੀ ਤੇ ਹਰ ਖਿੱਤੇ ਦੇ ਆਗੂ ਅਤੇ ਸੇਵਾਦਾਰ ਜੇਲ੍ਹ ਗਏ। ਬੀਬੀਆਂ ਨੇ ਵੀ ਸਰਗਰਮੀ ਨਾਲ ਮੋਰਚੇ ਵਿਚ ਹਿੱਸਾ ਲਿਆ।

ਸ਼੍ਰੋਮਣੀ ਅਕਾਲੀ ਦਲ ਨੇ ਦਰਬਾਰ ਸਾਹਿਬ ਤੇ ਹੋਏ ਪੁਲਿਸ ਹਮਲੇ ਦੀ ਅਦਾਲਤੀ ਜਾਂਚ ਦੀ ਮੰਗ ਕੀਤੀ ਪਰ ਸਰਕਾਰ ਨੇ ਕੋਈ ਕਾਰਵਾਈ ਨਾ ਕੀਤੀ। ਅਕਾਲੀ ਦਲ ਨੇ ਇਕ ਜਾਂਚ ਕਮੇਟੀ ਬਣਾਈ। ਸੇਵਾ ਮੁਕਤ ਜੱਜ ਸਰਦਾਰ ਤੇਜਾ ਸਿੰਘ, ਭਾਈ ਜੋਧ ਸਿੰਘ, ਕੰਵਰ ਦਲੀਪ ਸਿੰਘ ਮੈਂਬਰ ਸਨ। ਪੜਤਾਲੀਆ ਕਮੇਟੀ ਨੇ ਸਰਕਾਰ ਨੂੰ ਦੋਸ਼ੀ ਠਹਿਰਾਇਆ। ਮਾਸਟਰ ਜੀ ਨੂੰ 8 ਸਤੰਬਰ 1955 ਨੂੰ ਗੁੜਗਾਵਾਂ ਜੇਲ੍ਹ ਤੋਂ ਰਿਹਾਅ ਕਰ ਦਿੱਤਾ। ਮੁੱਖ ਮੰਤਰੀ ਲਾਲਾ ਭੀਮ ਸੈਨ ਸੱਚਰ ਨੇ 10 ਨਵੰਬਰ 1955 ਨੂੰ ਅਕਾਲ ਤਖਤ ਸਾਹਿਬ ਤੇ ਆ ਕੇ ਮੁਆਫੀ ਮੰਗੀ। ਜਨਵਰੀ 21, 1956 ਨੂੰ ਮੁੱਖ ਮੰਤਰੀ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੂੰ ਬਣਾਇਆ। ਕਾਂਗਰਸ ਨਾਲ ਚਲਦੇ ਟਕਰਾਅ ਦੇ ਦੌਰ ਵਿਚ ਪੰਜਾਬੀ ਸੂਬਾ ਮੋਰਚਾ 1960 ਲੱਗਿਆ।

# ਸੁਭਾਗੀ ਯਾਤਰਾ ਸ੍ਰੀ ਹਜ਼ੂਰ ਸਾਹਿਬ !



ਚਿਰਾਂ ਤੋਂ ਗੁਰਧਾਮ ਦਰਸ਼ਨਾਂ ਲਈ ਉਡੀਕਦਿਆਂ ਗੁਰੂ ਦਸਮੇਸ਼ ਪਿਤਾ ਨੇ ਸਾਡੀ ਮਨੋਕਾਮਨਾਂ ਪੂਰੀ ਕਰ ਹੀ ਦਿੱਤੀ! ਸਾਡੇ ਬੱਚਿਆਂ ਨੇ ਸ੍ਰੀ ਹਜ਼ੂਰ ਸਾਹਿਬ ਜਾਣ ਲਈ ਰੇਲਵੇ ਦੀਆਂ ਟਿਕਟਾਂ ਬੁੱਕ ਕਰਾ ਦਿੱਤੀਆਂ। ਘਰੋਂ ਤੁਰਨ ਵੇਲੇ ਅਸੀਂ ਦੋ ਟਾਈਮ ਦੀ ਰੋਟੀ ਨਾਲ ਲੈ ਕੇ ਗਏ ਸੀ ਪਰ ਸਫਰ ਦੌਰਾਨ ਅਗਲੇ ਦਿਨ ਦੁਪਹਿਰ ਤੱਕ ਸਾਨੂੰ ਬਹੁਤ ਭੁੱਖ ਲੱਗ ਗਈ ਸੀ। ਸਫਾਈ ਪੱਖੋਂ ਦੇਖਦਿਆਂ ਟ੍ਰੇਨ ਵਿਚੋਂ ਰੋਟੀ ਲੈ ਕੇ ਖਾਣ ਨੂੰ ਦਿਲ ਨਹੀਂ ਕੀਤਾ।ਏਨੇ ਨੂੰ ਮਨਵਾੜ ਸਟੇਸ਼ਨ ਤੇ ਲੰਗਰ ਆ ਗਿਆ ਤੇ ਅਸੀਂ ਰੱਜ ਕੇ ਛਕਿਆ।ਰਾਤ ਨੂੰ ਅਸੀਂ ਉੱਥੇ ਪਹੁੰਚ ਗਏ। ਕਮਰਾ ਬੁੱਕ ਸੀ, ਅਸੀਂ ਆਪਣਾ 'ਆਈਡੀ' ਪ੍ਰੂਫ ਦੇ ਕੇ ਚਾਬੀ ਲਈ ਤੇ ਸਮਾਨ ਰੱਖ ਕੇ ਸੱਚਖੰਡ ਵਿਖੇ ਚਲੇ ਗਏ। ਉਸ ਵੇਲੇ ਕਿਵਾੜ ਬੰਦ ਹੋ ਗਏ ਸੀ ਪਰ ਰਾਤ ਦੀ ਚੌਂਕੀ ਵਿੱਚ ਸੋਹਣੇ ਸਜੀਲੇ ਦੁਮਾਲਿਆਂ ਵਾਲੇ ਸਿੰਘ ਹਾਜ਼ਰੀ ਭਰ ਰਹੇ ਸੀ। ਬਿਨਾਂ ਸਪੀਕਰ ਤੋਂ ਵੀ ਉਨ੍ਹਾਂ ਦੀ ਆਵਾਜ਼ ਗਰਜਵੀਂ ਸੀ। ਅਜੇ ਵੀ ਸਾਡੇ ਕੰਨਾਂ ਵਿੱਚ ਓਹੀ ਆਵਾਜ਼ ਗੂੰਜ ਰਹੀ ਹੈ-"ਚੌਂਕੀ ਆਈ ਗੁਰ ਗੋਬਿੰਦ ਸਿੰਘ ਜੀ !"

ਅਗਲੇ ਦਿਨ ਲੋਕਲ ਗੁਰਦਵਾਰਿਆਂ ਦੇ ਦਰਸ਼ਨ ਕਰਨ ਲਈ ਅਸੀਂ ਗੱਡੀ ਬੁਕ ਕਰ ਲਈ। ਰਸਤੇ ਵਿੱਚ ਸਿੱਖ ਡਰਾਈਵਰ ਨਾਲ ਅਸੀਂ ਗੱਲਾਂ ਬਾਤਾਂ ਕਰਦੇ ਰਹੇ। ਰਸਤੇ ਵਿੱਚ ਉਸਾਰੀ ਅਧੀਨ ਇੱਕ ਇਮਾਰਤ ਨੂੰ ਵੇਖ ਕੇ ਅਸੀਂ ਪੁੱਛਿਆ ਕਿ ਇਹ ਕੀ ਬਣ ਰਿਹਾ ਹੈ? ਤਾਂ ਉਸਨੇ ਕਿਹਾ ਪੰਜਾਬ ਤੋਂ ਇੱਥੇ ਆ ਕੇ ਸਾਧ ਬਾਬੇ ਜ਼ਮੀਨਾਂ ਖਰੀਦਦੇ ਹਨ ਅਤੇ ਏਥੇ ਡੇਰੇ ਬਣਾਉਂਦੇ ਨੇ! ਸਾਨੂੰ ਜੋਰ ਦੇ ਕੇ ਕਹਿੰਦੇ ਨੇ ਕਿ ਸ਼ਰਧਾਲੂ ਯਾਤਰੀਆਂ ਨੂੰ ਸਾਡੇ ਡੇਰਿਆਂ ਵਿੱਚ ਲਿਆਇਆ ਕਰੋ !ਕਮਿਸ਼ਨ ਦਿਆਂ ਗੇ ਤੁਹਾਨੂੰ! ਜੀ ਇਹ ਲੋਕ ਗੁਰੂ ਘਰਾਂ ਦੇ ਸ਼ਰੀਕ ਬਣ ਬੈਠੇ ਨੇ! ਇਸ ਕਰਕੇ ਮੈਂ ਨੀ ਕਦੇ ਕਿਸੇ ਸ਼ਰਧਾਲੂ ਨੂੰ ਇਨ੍ਹਾਂ ਡੇਰਿਆਂ ਵਿੱਚ ਲੈ ਕੇ ਜਾਂਦਾ!' ਉਸਨੇ ਕਿਹਾ।ਸਿਕਲੀਗਰ ਸਿੱਖਾਂ ਬਾਰੇ ਪੁੱਛਣ ਤੇ ਕਹਿੰਦਾ- 'ਵੋਹ ਹੈਂ ਤੋ ਗੁਰੂ ਕੇ ਲਾਡਲੇ ਪਰ ਵੋ ਕੋਈ ਔਰ ਕਾਮ ਧੰਦਾ ਨਹੀਂ ਕਰਤੇ ਇਸ ਲੀਏ ਉਨਕਾ ਗੁਜ਼ਾਰਾ ਮੁਸ਼ਕਿਲ ਹੋਤਾ ਹੈ।'

ਡ੍ਰਾਈਵਰ ਮੂੰਹੋਂ ਲਾਲਚੀ ਡੇਰੇਦਾਰਾਂ ਬਾਰੇ ਜਾਣਕਾਰੀ ਸੁਣ ਕੇ ਸਾਡਾ ਦਿਲ ਬਹੁਤ ਦੁਖੀ ਹੋਇਆ ਕਿ ਧਾਰਮਿਕ ਪਹਿਰਾਵੇ ਵਾਲੇ ਇਹ ਲੋਕ ਅਸਲ ਵਿੱਚ ਸਾਡੇ ਧਰਮ 'ਤੇ ਕਲੰਕ ਹਨ !

ਰਸਤੇ ਵਿੱਚ ਸਾਨੂੰ ਕਿਧਰੇ ਵੀ ਕਿਤੇ ਪੰਜਾਬ ਵਾਂਗ ਕੋਈ 'ਓਿਲਠ' ਦਾ ਬੋਰਡ ਲੱਗਾ ਨਹੀਂ ਦਿਸਿਆ! ਗੱਡੀ ਵਾਲੇ ਨੇ ਦੱਸਿਆ ਕਿ ਸਾਡੇ ਇੱਥੇ ਜੇ ਕੋਈ ਨਸ਼ਾ ਕਰਦਾ ਜਾਂ ਪਤਿਤ ਹੁੰਦਾ ਤਾਂ ਸਾਡੀ ਬਰਾਦਰੀ ਵਾਲੇ ਓਹਨੂੰ ਮੂੰਹ ਨਹੀਂ ਲਾਉਂਦੇ! ਉਹ ਕਹਿੰਦੇ ਜੋ ਆਪਣੇ ਗੁਰੂ ਦਾ ਨਹੀਂ ਹੋਇਆ ਉਹ ਸਾਡਾ ਕਿਥੋਂ ਹੋ ਜਾਏਗਾ। ਇਸ ਲਈ ਤੁਹਾਨੂੰ ਏਥੇ ਪੂਰੇ ਸਰਦਾਰ ਦਿਸਣਗੇ। ਕਹਿੰਦਾ ਆਪ ਕੇ ਪੰਜਾਬ ਮੇਂ ਨਸ਼ਾ ਬਹੁਤ ਹੈ!' ਉਹ-ਦੀਆਂ ਇਹ ਗੱਲਾਂ ਸੁਣਕੇ ਅਸੀਂ ਬਹੁਤ ਹੈਰਾਨ ਹੋ ਰਹੇ ਸਾਂ!

ਉਸ ਤੋਂ ਅਗਲੇ ਦਿਨ ਅਸੀਂ ਬਿਦਰ 'ਨਾਨਕ ਝੀਰਾ' ਗਏ ਪੂਰਾ ਇਕ ਦਿਨ ਲੱਗ ਜਾਂਦਾ ਉੱਥੇ ਆਉਣ-ਜਾਣ ਨੂੰ।।ਜੰਗਲ ਵਿੱਚ ਮੰਗਲ ਲੱਗਾ ਹੋਇਆ ਹੈ ਉੱਥੇ।ਬਹੁਤ ਹੀ ਸੁਹਾਵਣਾ ਅਸਥਾਨ ਹੈ ਉਹ!

**ਕੁਲਵਿੰਦਰ ਕੌਰ**
**91-98775-28792**

ਸਾਨੂੰ ਕਿਸੇ ਨੇ ਦੱਸਿਆ ਸੀ ਕਿ ਸਵੇਰੇ ਸਿੰਘ ਸਾਹਬ ਗੋਦਾਵਰੀ ਨਦੀ ਤੋਂ ਜਲ ਭਰ ਕੇ ਲਿਆਉਂਦੇ ਨੇ ਤੇ ਸੱਚਖੰਡ ਵਿਖੇ ਰੱਖਦੇ ਨੇ। ਅਸੀਂ ਗੇਟ ਤੇ ਬੈਠੇ ਸੇਵਾਦਾਰ ਨੂੰ ਪੁੱਛਿਆ ਕਿ ਅਸੀਂ ਸਵੇਰੇ ਦਰਸ਼ਨ ਕਰਨੇ ਹਨ ਕਿੰਨੇ ਵਜੇ ਆਈਏ? ਤਾਂ ਓਹ ਕਹਿੰਦਾ 2 ਵਜੇ ਏਥੋਂ ਸੰਗਤ ਨਾਲ ਜਾਂਦੀ ਏ।ਅਸੀਂ 1,30 ਵਜੇ ਤੱਕ ਆ ਜਾਵਾਂਗੇ ਪਰ ਸਾਡੀ ਸਰਾਂ ਕਾਫੀ ਦੂਰ ਸੀ। ਮੈਂ ਵੈਸੇ ਈ ਓਹਨੂੰ ਪੁੱਛ ਲਿਆ ਕਿ ਏਨੀ ਸਵੇਰੇ ਇੱਥੇ ਕੋਈ ਡਰ ਡੁੱਕਰ ਤਾਂ ਨਹੀਂ ਰਸਤੇ ਵਿੱਚ ? ਅੱਗੋਂ ਉਹ ਕਹਿੰਦਾ-'ਬੀਬੀ ਜੀ, ਤੁਮ੍ਹਾਰੀ ਬਾਤ ਨੇ ਮੁਝੇ ਪ੍ਰੇਸ਼ਾਨ ਕਰ ਦੀਆ ਹੈ! ਯੇ ਹਮਾਰਾ ਇਲਾਕਾ ਹੈ। ਯਹਾਂ ਪਰ ਚਿੜੀ ਭੀ ਨਹੀਂ ਫਰਕਤੀ। ਆਪ ਬੇਖੌਫ ਆਉ-ਜਾਉ!' ਓਦੋਂ ਯਾਦ ਆਇਆ ਕਿ ਚੁਰਾਸੀ ਦੇ ਘੱਲੂ ਘਾਰੇ ਵੇਲੇ ਵੀ ਭਾਵੇਂ ਬਹੁਤ ਜਗ੍ਹਾ ਦੰਗੇ-ਕਤਲੋਗਾਰਤ ਹੋਈ ਸੀ ਪਰ ਸ੍ਰੀ ਹਜ਼ੂਰ ਸਾਹਿਬ ਸੁਰਖਿਅਤ ਰਿਹਾ ਸੀ।ਸਵੇਰੇ ਅਸੀਂ ਇਕ ਵਜੇ ਈ ਪਹੁੰਚ ਗਏ ਕਿ ਕਿਤੇ ਖੁੰਝ ਨਾ ਜਾਈਏ ! ਗੋਦਾਵਰੀ ਨਦੀ ਤੱਕ ਪਹੁੰਚਦਿਆਂ ਬਹੁਤ ਰੌਣਕ ਹੋ ਗਈ ਸੀ ਰਾਤ ਦੇ ਸ਼ਾਂਤ ਵਾਤਾਵਰਣ ਵਿੱਚ ਇਹ ਦ੍ਰਿਸ਼ ਬਹੁਤ ਪਿਆਰਾ ਤੇ ਰਮਣੀਕ ਲੱਗ ਰਿਹਾ ਸੀ!

ਦੁਪਹਿਰੇ ਅਸੀਂ ਬਾਬਾ ਨਿਧਾਨ ਸਿੰਘ ਦੇ ਗੁਰਦਵਾਰੇ ਚਲੇ ਗਏ। ਬੱਚਿਆਂ ਨੇ ਬਾਹਰੋਂ ਦਸਵੰਧ ਭੇਜਿਆ ਸੀ। ਓਹ ਵੀ ਭੇਟ ਕਰਨਾ ਸੀ।ਉਥੇ ਤਾਂ ਇੰਝ ਲੱਗਦਾ ਸੀ ਜਿਵੇਂ ਸਾਰਾ ਈ ਪੰਜਾਬ ਈ ਓਥੇ ਆ ਗਿਆ ਹੋਵੇ। ਸ਼ਰਧਾਲੂਆਂ ਦੀ ਰੌਣਕ ਈ ਰੌਣਕ !

ਇੱਕ ਖਾਸ ਗੱਲ ਹੋਰ-ਸੱਚਖੰਡ ਵਿਖੇ ਫੋਟੋ ਨਹੀ ਖਿੱਚਣ ਦਿੰਦੇ ! ਜੇ ਕਿਸੇ ਦੇ ਹੱਥ ਚ ਫੋਨ ਦੇਖਦੇ ਸੀ ਤਾਂ ਝੱਟ ਸੇਵਾਦਾਰ ਕੋਲ ਆ ਜਾਂਦੇ ਤੇ ਵਰਜ ਦਿੰਦੇ ਸਨ! ਅੱਗੋਂ ਕੋਈ ਚੂੰ ਵੀ ਨਹੀਂ ਸੀ ਕਰਦਾ। ਸਾਡੇ ਸਾਹਮਣੇ ਕਿਸੇ ਨੇ ਓਥੇ ਫੋਟੋ ਖਿੱਚਣੀ ਚਾਹੀ ਤਾਂ ਸੇਵਾਦਾਰ ਕਹਿੰਦਾ-'ਅਰੇ ਭਈਆ ਤੇਰੇ ਕੋ ਕਿਤਨੀ ਬਾਰ ਸਮਝਾਇਆ ਹੈ ਕਿ ਯੇ ਕੋਈ 'ਪਿਕਨਿਕ ਸਪੌਟ' ਨਹੀਂ ਹੈ,ਤੇਰੇ ਕੋ ਸਮਝ ਮੇਂ ਕਿਉਂ ਨਹੀਂ ਆਤਾ ਭਾਈ?' ਇੱਕ ਰੇਖਾ ਤੋਂ ਬਾਹਰ ਖਿਚ ਸਕਦੇ ਓ ! ਸਾਨੂੰ ਇਹ ਨਿਯਮ ਬਹੁਤ ਵਧੀਆ ਲੱਗਿਆ!

ਅਖੀਰਲੇ ਦਿਨ ਸ਼ਾਮ ਨੂੰ ਅਸੀਂ ਬਜ਼ਾਰ ਘੁੰਮਣ ਚਲੇ ਗਏ।ਹਰ ਜਗ੍ਹਾ ਅਨਾਰ ਦੇ ਜੂਸ ਦੀਆਂ ਰੇਹੜੀਆਂ ਸੀ। ਸਸਤਾ ਹੋਣ ਕਰਕੇ ਅਸੀਂ ਤਿੰਨੋਂ ਦਿਨ ਰੱਜ ਰੱਜ ਪੀਂਦੇ ਰਹੇ।

ਅਗਲੇ ਦਿਨ ਸਵੇਰੇ ਸੱਚਖੰਡ ਦਰਸ਼ਨ ਕਰਕੇ ਅਸੀਂ ਬਾਬਾ ਨਿਧਾਨ ਸਿੰਘ ਦੇ ਗੁਰਦਵਾਰੇ ਤੋਂ ਵਾਪਸੀ ਸਫਰ ਲਈ ਲੰਗਰ ਲਿਆ। ਉੱਥੇ ਪਹਿਲਾਂ ਈ ਪੈਕਟ ਬਣਾ ਕੇ ਰੱਖੇ ਹੁੰਦੇ ਹਨ ਟ੍ਰੇਨ ਵਿੱਚ ਲੈ ਕੇ ਜਾਣ ਲਈ।ਵਾਪਸੀ ਤੇ ਇਕ ਦਿਨ ਤਾਂ ਸਾਡਾ ਓਹਦੇ ਨਾਲ ਈ ਸਰ ਗਿਆ ਪਰ ਫੇਰ ਦੂਜੇ ਦਿਨ ਤਾਂ ਭੁੱਖ ਲੱਗਣ 'ਤੇ ਦੁਪਹਿਰੇ 2 ਵਜੇ ਦਿੱਲੀ ਸਟੇਸ਼ਨ ਤੇ ਗੱਡੀ ਰੁਕੀ। ਬਾਬਾ ਬਿਧੀ ਚੰਦ ਗੁਰਦਵਾਰੇ ਨਹਿਰੂ ਨਗਰ ਤੋਂ ਲੰਗਰ ਆਇਆ ਦੇਖ ਕੇ ਸਾਡੇ ਚਿਹਰੇ ਤੇ ਵੀ ਰੌਣਕ ਆ ਗਈ ਤੇ ਮੂੰਹੋਂ ਸੁਭਾਵਿਕ ਹੀ ਨਿਕਲਿਆ। 'ਧੰਨ ਨਾਨਕ ਤੇਰੀ ਵਡੀ ਕਮਾਈ!'

ਸਰਬੰਸ ਦਾਨੀ ਦਸਮੇਸ਼ ਪਿਤਾ ਦੀਆਂ ਸਾਖੀਆਂ ਸੁਣਦੇ ਸੁਣਾਉਂਦੇ ਅਸੀਂ ਰਾਤ ਨੂੰ ਆਪਣੇ ਘਰ ਜਲੰਧਰ ਪਹੁੰਚ ਗਏ!

# ਨੀਟੂ ਸ਼ਟਰਾਂ ਵਾਲਾ ਅਤੇ ਪਵਿੱਤਰ ਸ਼ਬਦ "ਬੇਗਮਪੁਰਾ"



**ਅਵਤਾਰ ਲੰਗੇਰੀ**
**+91 9463260181**

ਅੱਜ ਦੀ ਤੇਜ਼ ਰਫ਼ਤਾਰ ਜ਼ਿੰਦਗੀ ਵਿਚੋਂ ਹਾਸਾ ਕਿਧਰੇ ਖੰਭ ਲਾ ਕੇ ਗਾਇਬ ਹੋ ਗਿਆ ਜਾਪਦੈ ।ਅੱਜ ਹਰ ਵੇਲੇ ਮਨੁੱਖ ਮਣਾ ਮੂੰਹੀ ਮਾਨਸਿਕ ਬੋਝ ਚੁੱਕੀ ਹਰ ਸਮੇਂ ਤਣਾਉ ਵਿੱਚ ਜ਼ਿੰਦਗੀ ਬਸਰ ਕਰ ਰਿਹਾ ਹੈ। ਜ਼ਿੰਦਗੀ ਦੀ ਇਸ ਭੱਜ ਦੌੜ ਅੰਦਰ ਉਸ ਕੋਲ ਦੋ ਪਲ ਵੀ ਆਪਣੇ ਲਈ ਨਹੀਂ ਬਚੇ ਜਿਨ੍ਹਾਂ ਵਿੱਚ ਉਹ ਮਨੋਰੰਜਨ ਕਰਕੇ ਜ਼ਿੰਦਗੀ ਦੀ ਭੱਜ ਦੌੜ ਤੋਂ ਕੁਝ ਰਾਹਤ ਮਹਿਸੂਸ ਕਰ ਸਕੇ । ਉਸ ਕੋਲ ਜੇਕਰ ਕੋਈ ਮਨੋਰੰਜਨ ਦਾ ਇਕਲੌਤਾ ਸਾਧਨ ਬਚਿਆ ਹੈ ਤਾਂ ਉਹ ਹੈ ਮੋਬਾਇਲ ਫੋਨ ਜਿਸ ਵਿੱਚ ਉਹ ਕਦੇ ਕਦਾਈਂ ਸ਼ੋਸ਼ਲ ਮੀਡੀਏ ਤੇ ਆ ਆਪਣਾ ਮਨਪ੍ਰਚਾਵਾ ਕਰਦਾ ਹੈ। ਪੰਜਾਬੀ ਭਾਈਚਾਰੇ ਅੰਦਰ ਸ਼ੋਸ਼ਲ ਮੀਡੀਆ ਤੇ ਅੱਜਕਲ ਇੱਕ ਚਰਚਿਤ ਪਾਤਰ ਹੈ "ਨੀਟੂ ਸ਼ਟਰਾਂ ਵਾਲਾ"। ਦਿਲ ਪ੍ਰਚਾਵੇ ਲਈ ਪੰਜਾਬੀ ਲੋਕ ਉਸ ਨੂੰ ਖ਼ੂਬ ਦੇਖਦੇ ਹਨ । ਉਹ ਵੀ ਊਲ ਜਲੂਲ ਜਿਹੀਆਂ ਗੱਲਾਂ ਕਰਕੇ ਲੋਕਾਂ ਦਾ ਵਾਹਵਾ ਮਨ ਪ੍ਰਚਾਵਾ ਕਰਦਾ ਹੈ। ਉਸ ਦੇ ਪਿਛੋਕੜ ਤੇ ਝਾਤ ਮਾਰਦਿਆਂ ਪਤਾ ਲੱਗਦਾ ਹੈ ਕਿ ਉਹ ਇੱਕ ਸਧਾਰਨ ਪਰਿਵਾਰ ਵਿਚੋਂ ਹੈ ਅਤੇ ਲੋਹੇ ਦੇ ਸ਼ਟਰ ਬਣਾਉਣ ਦੀ ਦੁਕਾਨ ਕਰਦਾ ਸੀ। ਪਿਛਲੇ ਸਮੇ ਵਿੱਚ ਉਹ ਕਿਸੇ ਦੀ ਚੁੱਕਣਾ ਵਿੱਚ ਆ ਕੇ ਪਿਛਲੀਆਂ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਖੜ੍ਹਾ ਹੋ ਗਿਆ। ਨਤੀਜਾ ਆਉਣ ਤੇ ਉਸ ਨੂੰ ਕੇਵਲ ਤਿੰਨ ਵੋਟਾਂ ਹੀ ਮਿਲੀਆਂ ਜਦੋਂਕਿ ਉਸ ਦੇ ਘਰ ਦੇ ਮੈਂਬਰਾਂ ਦੀ ਗਿਣਤੀ ਤਿੰਨ ਤੋਂ ਜਿਆਦਾ ਸੀ । ਸ਼ੋਸ਼ਲ ਮੀਡੀਆ ਦੇ ਕੈਮਰਿਆਂ ਅਤੇ ਤਮਾਸ਼ਬੀਨਾ ਦੇ ਸਾਹਮਣੇ ਨੀਟੂ ਫੁੱਟ ਫੁੱਟ ਕੇ ਰੋਣ ਲੱਗਾ ਕਿ ਮੈਨੂੰ ਤਾਂ ਮੇਰੇ ਘਰਦਿਆਂ ਨੇ ਵੀ ਵੋਟ ਨਹੀਂ ਪਾਈ, ਫਿਰ ਇਸ ਤੋਂ ਬਾਅਦ ਉਹ ਕਦੇ ਸੜਕ ਤੇ ਲੇਟਿਆ, ਕਦੇ ਕੱਪੜੇ ਪਾੜੇ , ਕਦੇ ਥੱਪੜ ਖਾਧੇ, ਕਦੇ ਕਰੋਨਾ ਦੀ ਦਵਾਈ ਬਣਾ ਕੇ ਝਾੜਾਂ ਪੁਆਈਆ, ਕਦੇ ਪਹਿਲਵਾਨਾਂ ਦੇ ਅਖਾੜੇ ਜਾ ਹੱਡ ਤੁੜਵਾਏ ਅਤੇ ਕਦੇ ਹਸਤੀਮਾਨ ਬਣਕੇ ਵੱਖ ਵੱਖ ਥਾਵਾਂ ਤੇ ਗੇੜੇ ਕੱਢੇ। ਬੱਸ ਇਹੋ ਹੀ ਸੀ ਉਸ ਦੀ ਯੋਗਤਾ ਤਜ਼ਰਬਾ ਅਤੇ ਲਿਆਕਤ। ਹੁਣ ਉਹ ਵਾਰ ਵਾਰ ਹੋਣ ਵਾਲੀਆਂ ਵੱਖ ਵੱਖ ਚੋਣਾਂ ਵਿੱਚ ਖੜ੍ਹਦਾ ਤੇ ਹਾਰਦਾ । ਇਨ੍ਹਾਂ ਹਰਕਤਾਂ ਨੂੰ ਦੇਖ ਬੱਸ ਲੋਕਾਂ ਨੇ ਉਸ ਨੂੰ ਮਜਾਕ ਦਾ ਪਾਤਰ ਸਮਝਿਆ ਅਤੇ ਸ਼ੋਸ਼ਲ ਮੀਡੀਏ ਨੇ ਆਪਣੀ ਟੀ ਆਰ ਪੀ ਵਧਾਉਣ ਲਈ ਉਸ ਨੂੰ ਖ਼ੂਬ ਵਰਤਿਆ ਅਤੇ ਉਸ ਦਾ ਮਜਾਕ ਉਡਾਇਆ। ਜਿਸ ਕਰਕੇ ਅੱਜ ਵੀ ਉਹ ਲੋਕਾਂ ਦੇ ਮਜਾਕ ਦਾ ਮੁੱਖ ਪਾਤਰ ਬਣਿਆ ਹੋਇਆ ਹੈ ।

ਚਲੋ ਖੈਰ! ਇਹ ਤਾਂ ਸੀ ਉਸ ਦੀ ਨਿੱਜੀ ਜ਼ਿੰਦਗੀ ਅਤੇ ਲੋਕਾਂ ਦੇ ਮਨੋਰੰਜਨ ਦਾ ਆਮ ਵਰਤਾਰਾ ਪਰ ਮਨੋਰੰਜਨ ਲਈ ਵਰਤਿਆ ਗੀਤ ਸੰਗੀਤ, ਸ਼ਬਦਾਵਲੀ, ਸਮਾ ,ਸਥਾਨ, ਪਹਿਰਾਵਾ ਅਤੇ ਬੋਲੀ ਵੀ ਉਹੀ ਹੋਣੀ ਚਾਹੀਦੀ ਹੈ ਜਿਸ ਨਾਲ ਕਿਸੇ ਦੀਆਂ ਭਾਵਨਾਵਾਂ ਨੂੰ ਕੋਈ ਠੇਸ ਨਾ ਪਹੁੰਚੇ। ਮੈਂ ਕਾਫੀ ਸਮੇਂ ਤੋਂ ਇਸ ਦੀਆਂ ਹਰਕਤਾਂ ਨੂੰ ਨੋਟ ਕਰਦਾ ਆ ਰਿਹਾ ਹਾਂ ਅਤੇ ਅਖੀਰ ਵਿੱਚ ਅੱਜ ਮੈਨੂੰ ਇਸ ਸਬੰਧੀ ਕਲਮ ਚੁੱਕਣ ਲਈ ਮਜਬੂਰ ਹੋਣਾ ਪਿਆ । ਅੱਜ ਕੱਲ੍ਹ ਚੋਣਾਂ ਦੇ ਡਰਾਮੇ ਲਈ ਇਸ ਨੇ ਇੱਕ ਚੋਣ ਪਾਰਟੀ ਬਣਾਈ ਹੋਈ ਹੈ ਜਿਸ ਦਾ ਕੋਈ ਵਜ਼ੂਦ ਨਹੀ ਅਤੇ ਜਿਸ ਦਾ ਇਹ ਨਾਮ ਲੈਂਦਾ ਹੈ "ਬੇਗ਼ਮ ਪੁਰਾ ਸਾਂਝਾ ਫਰੰਟ ਪਾਰਟੀ"। ਮੈਨੂੰ ਫਰੰਟ ਜਾਂ ਪਾਰਟੀ ਸ਼ਬਦ ਨਾਲ ਕੋਈ ਲੈਣਾ ਦੇਣਾ ਨਹੀਂ ਅਤੇ ਨਾ ਹੀ ਇਸ ਗੱਲ ਨਾਲ ਕਿ ਕਿਸ ਨੇ ਕਿਹੜੀ ਪਾਰਟੀ ਬਣਾਈ ਹੈ। ਮੈਨੂੰ ਤਾਂ ਸਿਰਫ਼ ਸਾਡੇ ਮਹਾਨ ਰਹਿਬਰ, ਜਗਤ ਗੁਰੂ ਸ੍ਰੀ ਗੁਰੂ ਰਵਿਦਾਸ ਮਹਾਂਰਾਜ ਜੀ ਦੇ ਉਸ ਪਾਵਨ ਪਵਿੱਤਰ ਸ਼ਬਦ "ਬੇਗ਼ਮ ਪੁਰਾ" ਦੀ ਨਿੱਤ ਨਵੇਂ ਸੂਰਜ ਹੋ ਰਹੀ ਬੇਅਦਬੀ ਨਾਲ ਹੈ। ਇਸ ਕਮੇਡੀਅਨ ਨੂੰ ਕਿਸ ਨੇ ਇਹ ਅਧਿਕਾਰ ਦੇ ਦਿੱਤੇ ਕਿ ਤੂੰ ਇਸ ਪਾਕ ਪਵਿੱਤਰ ਸ਼ਬਦ ਦੀ ਆਪਣੀਆਂ ਬੇਹੂਦਾ ਵੀਡੀਓਜ ਵਿੱਚ ਵਰਤੋਂ ਕਰਦਾ ਚੱਲ । ਇਸ ਦੀਆਂ ਇਨ੍ਹਾਂ ਵੀਡੀਓਜ ਵਿੱਚ ਨਾ ਤਾਂ ਨੀਟੂ ਸ਼ਟਰਾਂ ਵਾਲੇ ਨੂੰ ਅਤੇ ਨਾ ਹੀ ਵੱਖ ਵੱਖ

ਚੈਨਲਾਂ ਵਾਲਿਆਂ ਨੂੰ ਇਹ ਪਤਾ ਲੱਗਦਾ ਹੈ ਕਿ ਕਿਸ ਤਰਾਂ ਅਸੀਂ ਮਿਲ ਕੇ ਸ੍ਰੀ ਗੁਰੂ ਰਵਿਦਾਸ ਜੀ ਦੇ ਉਸ ਮਹਾਨ ਪਵਿੱਤਰ ਸ਼ਬਦ ਦੀ ਖਿੱਲੀ ਉਡਾ ਰਹੇ ਹਾਂ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ਨੰਬਰ ੩੪੫ ਉੱਪਰ ਦਰਜ਼ ਹੈ। ਜਿਸ ਵਿੱਚ ਉਨ੍ਹਾਂ ਵੱਲੋਂ ਸਮੁੱਚੀ ਮਾਨਵਤਾ ਦੀਆਂ ਜੀਵਨ ਹਾਲਤਾਂ ਬਿਹਤਰ ਬਣਾਉਣ ਲਈ ਉਸ ਸ਼ਹਿਰ ਦੀ ਸਥਾਪਨਾ ਕਰਨ ਦਾ ਸੰਕਲਪ ਲਿਆ ਹੈ ਅਤੇ ਕਿਹਾ ਸੀ ਕਿ ਬੇਗਮ ਪੁਰਾ ਸਿਰਫ ਉਹ ਸ਼ਹਿਰ ਹੈ ਜਿਸ ਵਿੱਚ ਦੁੱਖ ਚਿੰਤਾਵਾਂ, ਨਿੱਜੀ ਮਾਲ ਅਤੇ ਟੈਕਸਾਂ ਦਾ ਕੋਈ ਡਰ ਨਾ ਹੋਵੇ ।ਹਮੇਸ਼ਾ ਅਮਨ ਸ਼ਾਂਤੀ ਦੇ ਨਾਲ ਸਥਿਰ ਪਾਤਸ਼ਾਹੀ ਹੋਵੇ ਕੋਈ ਉਚ ਨੀਚ ਜਾਂ ਜਾਤ ਪਾਤ ਦਾ ਵਿਤਕਰਾ ਨਾ ਹੋਵੇ ,ਸਦਾ ਹੀ ਅਬਾਦ ਰਹਿਣ ਵਾਲਾ ਅਜਿਹਾ ਸਮਾਜ ਹੋਵੇ ,ਜਿੱਥੇ ਸਾਰੇ ਹੀ ਲੋਕ ਖੁਸ਼ਹਾਲ ਹੋਣ, ਸਭ ਨੂੰ ਆਪਣੀ ਮਰਜ਼ੀ ਮੁਤਾਬਕ ਵਿਚਰਨ ਦਾ ਹੱਕ ਹੋਵੇ ਅਤੇ ਉਸ ਬੇਗਮ ਪੁਰਾ ਸ਼ਹਿਰ ਵਿੱਚ ਵੱਸਣ ਵਾਲੇ ਸਾਰੇ ਹੀ ਵਾਸੀ ਇਨ੍ਹਾਂ ਨਿਯਮਾਂ ਨੂੰ ਮੰਨਣ ਵਾਲੇ ਹੀ ਮੇਰੇ ਮੀਤ ਪਿਆਰੇ ਹਨ ।

ਸਾਂਝੀ ਵਾਲਤਾ, ਬਰਾਬਰਤਾ, ਇਨਕਲਾਬੀ ਸੋਚ ਰੱਖਣ ਵਾਲੇ ਅਤੇ ਇਨਸਾਨੀਅਤ ਦੇ ਪੁੰਜ ਸ੍ਰੀ ਗੁਰੂ ਰਵਿਦਾਸ ਜੀ ਦੀ ਮਹਾਨ ਫਿਲਾਸਫੀ ਵਿਚੋਂ ਲਏ ਗਏ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਗੁਰਬਾਣੀ ਵਿਚਲੇ ਸ਼ਬਦਾਂ ਨੂੰ ਲੈ ਕੇ ਜੇਕਰ ਕੋਈ ਨੀਟੂ ਵਰਗਾ ਬੰਦਾ ਕਮੇਡੀ ਕਰੇ ਤਾਂ ਸਾਡੇ ਵਰਗੇ ਬੰਦਿਆਂ ਦੇ ਮਨ ਨੂੰ ਠੇਸ ਲੱਗਣੀ ਤਾਂ ਸੁਭਾਵਿਕ ਹੀ ਹੈ। ਚੋਣ ਪ੍ਰਚਾਰ ਦੀ ਕਮੇਡੀ ਕਰਦਿਆਂ ਨੀਟੂ ਅਕਸਰ ਹੀ ਇਹ ਆਖਦਾ ਹੈ ਕਿ ਤੁਸੀਂ "ਬੇਗਮ ਪੁਰਾ" ਸਾਂਝਾ ਫਰੰਟ ਪਾਰਟੀ ਨੂੰ ਵੋਟਾਂ ਪਾਓ ਮੈਂ ਸਰਕਾਰ ਬਣਾ ਕੇ ਤੁਹਾਡੇ ਸਾਰੇ ਮਸਲੇ ਹੱਲ ਕਰ ਦਿਆਂਗਾ ਤਾਂ ਪਿੱਛੋਂ ਕੁਝ ਤਮਾਸ਼ਬੀਨ ਜ਼ੋਰ ਜ਼ੋਰ ਨਾਲ ਨਾਅਰੇ ਲਗਾਉਂਦੇ ਹਨ ਕਿ ਨੀਟੂ ਭਾਅਜੀ! ਜ਼ਿੰਦਾਬਾਦ !! ਫਿਰ ਜੋਰਦਾਰ ਹਾਸਾ ਮਜ਼ਾਕ ਅੱਗੇ ਤੋਂ ਅੱਗੇ ਚਲਦਾ ਹੈ । ਕਿਹੜੀ ਪਾਰਟੀ ? ਕਿਹੜਾ ਸੰਵਿਧਾਨ ? ਕਿਹੜੀ ਕਮੇਟੀ? ਬੱਸ ਕੁਝ ਨਹੀਂ ,ਬੱਸ ਤਮਾਸ਼ਾ।

ਇਸ ਵਰਤਾਰੇ ਤੋਂ ਤੰਗ ਆਉਂਦਿਆਂ ਅਖੀਰ ਵਿੱਚ ਮੈਂ ਇਹੀ ਕਹਾਂਗਾ ਕਿ ਭਾਵੇਂ ਅੱਜ ਅਸੀਂ ਭਾਰੀ ਤਣਾਉ ਭਰੀ ਜਿੰਦਗੀ ਬਸਰ ਕਰ ਰਹੇ ਹਾਂ ਅਤੇ ਦੋ ਘੜੀਆਂ ਤਣਾਉ ਮੁਕਤ ਹੋਣ ਲਈ ਮਨੋਰੰਜਨ ਚਾਹੁੰਦੇ ਹਾਂ ਪਰ ਸਾਨੂੰ ਮਨੋਰੰਜਨ ਲਈ ਦੇਖੇ ਗਏ ਹਰ ਪ੍ਰੋਗਰਾਮ ਵਿਚਲੇ ਸ਼ਬਦਾਂ ਦੀ ਮਰਿਆਦਾ ਵੱਲ ਵੀ ਪੂਰਾ ਪੂਰਾ ਧਿਆਨ ਰੱਖਣਾ ਚਾਹੀਦਾ ਹੈ। ਸ਼ੋਸ਼ਲ ਮੀਡੀਏ ਤੇ ਵਾਇਰਲ ਹੋਈ ਹਰ ਇੱਕ ਵੀਡੀਓ ਸਮਾਜ ਦੇ ਹਰ ਵਰਗ ਵੱਲੋਂ ਦੇਖੀ ਜਾਣੀ ਹੈ ਜਿਸ ਲਈ ਸਾਨੂੰ ਪੇਸ਼ਕਾਰੀ ਸਮੇ ਸ਼ਬਦਾਂ ਦੀ ਵਰਤੋਂ ਕਰਦਿਆਂ ਮਨੁੱਖੀ ਭਾਵਨਾਵਾਂ ,ਪੈਣ ਵਾਲੇ ਅਸਰਾਂ ਅਤੇ ਨਿਕਲਣ ਵਾਲੇ ਸਿੱਟਿਆਂ ਬਾਰੇ ਜਰੂਰ ਧਿਆਨ ਰੱਖਣਾ ਚਾਹੀਦਾ ਹੈ ।ਆਸ ਹੈ ਕਿ ਭਵਿੱਖ ਵਿੱਚ ਨੀਟੂ ਵਰਗੇ ਤਮਾਸ਼ਬੀਨਾ ਵੱਲੋਂ ਮਰਿਆਦਾ ਅੰਦਰ ਰਹਿ ਕੇ ਹੀ ਆਪਣੀ ਆਪਣੀ ਚੋਣ ਪ੍ਰਕਿਰਿਆ ਅੱਗੇ ਤੋਰੀ ਜਾਵੇਗੀ ।

# ਪੰਜਾਬੀ ਕਲਚਰਲ ਐਸੋਸ਼ੀਏਸ਼ਨ (ਪੀ ਸੀ ਏ) ਫਰਿਜ਼ਨੋ (ਯੂ ਐਸ ਏ) ਦੀ ਮੱਦਦ ਨਾਲ ਐਨ ਆਰ ਆਈ ਪ੍ਰਮੋਦ ਲੋਈ ਨੇ ਗੁਰੂ ਨਾਨਕ ਅੱਪਰਾ ਚੈਰੀਟੇਬਲ ਹਸਪਤਾਲ ਲਈ ਦੱਸ ਲੱਖ ਰੁਪਏ ਕੀਤੇ ਦਾਨ

**ਜਲੰਧਰ (ਜੱਸੀ)**--ਪ੍ਰਦੇਸ਼ੀ ਵਸਦੇ ਪੰਜਾਬੀ, ਰਹਿੰਦੇ ਬੇਸ਼ੱਕ ਬਾਹਰਲੇ ਮੁੱਲਕਾਂ ਵਿੱਚ ਹਨ, ਪਰ ਉਹਨਾਂ ਨੂੰ ਸੁੱਪਨੇ ਸਦਾ ਪੰਜਾਬ ਦੇ ਹੀ ਆਉਂਦੇ ਨੇ। ਇਹਨਾਂ ਸੁਪਨਿਆਂ ਨੂੰ ਅਮਲੀ ਜਾਮਾਂ ਪਹਿਨਾਉਣ ਲਈ ਅਮਰੀਕਾ ਵੱਸਦੇ ਐਨ ਆਰ ਆਈ ਪ੍ਰਮੋਧ ਲੋਈ ਨੇ ਪੰਜਾਬੀ ਕਲਚਰਲ ਐਸੋਸ਼ੀਏਸ਼ਨ



(ਪੀਸੀਏ) ਯੂ ਐਸ ਏ ਦੇ ਸਹਿਯੋਗ ਨਾਲ ਕਸਬਾ ਅੱਪਰਾ (ਫਿਲੌਰ) ਦੇ ਸ੍ਰੀ ਗੁਰੂ ਨਾਨਕ ਅੱਪਰਾ ਚੈਰੀਟੇਬਲ ਹਸਪਤਾਲ ਦੀ ਉਸਾਰੀ ਅਤੇ ਮੈਡੀਕਲ ਜ਼ਰੂਰਤਾਂ ਲਈ ਦਸ ਲੱਖ ਰੁੱਪਏ ਦਾ ਦਾਨ ਆਪਣੀ ਨੇਕ ਕਮਾਈ ਵਿੱਚੋਂ ਦੇਕੇ ਹੋਰ ਪੰਜਾਬੀਆ ਲਈ ਮਿਸਾਲ ਪੈਦਾ ਕੀਤੀ ਹੈ। ਪ੍ਰਮੋਦ ਲੋਈ ਜਿਹੜੇ ਕਿ ਲੰਮੇ ਸਮੇਂ ਤੋਂ ਅਮਰੀਕਾ ਦੀ ਕੈਲੀਫੋਰਨੀਆ ਸਟੇਟ ਦੇ ਸ਼ਹਿਰ ਫਰਿਜਨੋ ਵਿੱਚ ਰਹਿਕੇ ਆਪਣਾ ਸਟੋਰਾਂ ਦਾ ਕਾਰੋਬਾਰ ਸਫਲਤਾ ਪੂਰਵਕ ਚਲਾ ਰਹੇ ਹਨ। ਕਾਰੋਬਾਰੀ ਹੋਣ ਦੇ ਨਾਲ ਨਾਲ ਉਹ ਚੰਗੇ ਸਮਾਜਸੇਵੀ ਵੀ ਹਨ। ਉਹ ਪੀਸੀਏ ਦੇ ਮੋਢੀ ਮੈਂਬਰਾਂ ਵਿੱਚੋਂ ਹਨ, ਅਤੇ ਹਮੇਸ਼ਾਂ ਲੋੜਵੰਦ ਲੋਕਾਂ ਦੀ ਮੱਦਦ ਲਈ ਤਤਪਰ ਰਹਿੰਦੇ ਨੇ। ਪ੍ਰਮੋਦ ਲੋਈ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੀਸੀਏ ਸੰਸਥਾ ਜਿਹੜੀ ਕਿ ਪਿਛਲੇ ਲੰਮੇ ਅਰਸੇ ਤੋਂ ਕੈਲੀਫੋਰਨੀਆ ਵਿੱਚ ਸਮਾਜ ਭਲਾਈ ਕਾਰਜ ਕਰਨ ਕਰਕੇ ਚਰਚਾ ਵਿੱਚ ਰਹਿੰਦੀ ਹੈ, ਦੇ ਸਮੂਹ ਮੈਂਬਰਾਂ ਦੀ ਮੱਦਦ ਕਰਕੇ ਸਾਡਾ ਅੱਪਰੇ ਹਸਪਤਾਲ ਵਾ.ਲਾ ਕਾਰਜ ਨੇਪਰੇ ਚੜ ਸਕਿਆ। ਉਹਨਾਂ ਕਿਹਾ ਕਿ ਅੱਜ ਇਹ ਹਸਪਤਾਲ ਜਿੱਥੇ ਮਰੀਜ਼ ਦਾਖਲ ਕਰਨ ਦੇ ਯੋਗ ਹੋਇਆ, ਓਥੇ ਇਹ ਹਸਪਤਾਲ ਅਪ੍ਰੇਸ਼ਨ ਥੇਇਟਰ ਵਰਗੀਆਂ ਸੇਵਾਵਾਂ ਦੇ ਰਿਹਾ ਹੈ। ਉਹਨਾਂ ਕਿਹਾ ਕਿ ਪੀਸੀਏ ਦੀ ਸਾਰੀ ਟੀਮ ਹਮੇਸ਼ਾ ਲੋੜਵੰਦ ਥਾਵਾਂ ਤੇ ਪਹਿਲ ਦੇ ਅਧਾਰ ਤੇ ਕੰਮ ਕਰਦੀ ਆ ਰਹੀ ਹੈ। ਉਹਨਾਂ ਯਾਦ ਕਰਵਾਇਆ ਕਿ ਚਾਹੇ ਕਰੋਨਾਂ ਕਾਲ ਹੋਵੇ, ਜਾਂ ਫਿਰ ਕਿਸਾਨ ਮੋਰਚਾ ਹੋਵੇ, ਪੀਸੀਏ ਮੈਂਬਰ ਹਮੇਸ਼ਾਂ ਹਿੱਕ ਡਾਹਕੇ ਮੱਦਦ ਕਰਦੇ ਆ ਰਹੇ ਹਨ। ਉਹਨਾਂ ਦੱਸਿਆ ਕਿ ਅਮਰੀਕਾ ਵਿੱਚ ਵੀ ਜੈਕਾਰਾ ਮੂਵਮੈਂਟ ਅਤੇ ਸਹਾਇਤਾ ਆਦਿ ਸੰਸਥਾਵਾਂ ਦੀ ਮੱਦਦ ਲਈ ਪੀਸੀਏ ਅਕਸਰ ਢੰਡ ਰੇਜ਼ ਵਗੈਰਾ ਕਰਦੀ ਰਹਿੰਦੀ ਹੈ। ਉਹਨਾਂ ਕਿਹਾ ਕਿ ਮੈਨੂੰ ਪੀਸੀਏ ਮੈਂਬਰਾਂ ਤੇ ਹਮੇਸ਼ਾਂ ਮਾਣ ਰਹੇਗਾ ਜੋ ਬਿਨਾ ਕਿਸੇ ਧਰਮ ਜਾਂ ਜਾਤੀ ਭੇਦ-ਭਾਵ ਦੇ ਇਨਸਾਨੀਅਤ ਦੀ ਸੇਵਾ ਲਈ ਤਿਆਰ ਬਰ ਤਿਆਰ ਰਹਿੰਦੇ ਨੇ। ਇਸ ਮੌਕੇ ਗੁਰਦਾਵਰ ਸਿੰਘ ਗਾਬਾ ਨੇ ਸ੍ਰੀ ਪ੍ਰਮੋਦ ਲੋਈ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਤੇ ਕਿਹਾ ਕਿ ਉਹ ਹਮੇਸ਼ਾ ਹਰ ਲੋੜਵੰਦ ਵਿਅਕਤੀ ਦੀ ਮੱਦਦ ਲਈ ਤਤਪਰ ਰਹਿੰਦੇ ਹਨ । ਇਸ ਮੌਕੇ ਮਨੋਜ ਲੋਈ, ਦਲਜੀਤ ਲੋਈ, ਨੰਬਰਦਾਰ ਕੇਸ਼ੀ ਕਲੇਰ, ਡਾ ਰਿੰਕੂ ਲੋਈ, ਰਮਨ ਕੁਮਾਰ ਲੋਈ, ਰਵੀ ਕਜਲਾ, ਅਕਾਸ਼ਦੀਪ, ਸੁਰਜੀਤ ਕੁਮਾਰ, ਗੁਰਪ੍ਰੀਤ ਲੋਈ ਆਦਿ ਵੀ ਹਾਜ਼ਰ ਸਨ ।

# ਆਨ ਲਾਈਨ ਸਿਕਾਇਤ ਪੋਰਟਲਾਂ ਤੇ ਪੈਡਿੰਗ ਲੋਕਾਂ ਦੀਆਂ ਸਿਕਾਇਤਾਂ ਦਾ ਨਿਰਧਾਰਤ ਸਮੇਂ ਅੰਦਰ ਕੀਤਾ ਜਾਵੇ ਨਿਪਟਾਰਾ- ਡਿਪਟੀ ਕਮਿਸਨਰ

ਪਠਾਨਕੋਟ, 27 ਜੂਨ (ਰਾਜਿੰਦਰ ਸਿੰਘ ਰਾਜਨ) ਪੰਜਾਬ ਦੇ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਵੱਲੋਂ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਆਨ ਲਾਈਨ ਵੱਖ ਵੱਖ ਪਲੇਟਫਾਰਮ ਸੁਰੂ ਕੀਤੇ ਹੋਏ ਹਨ ਅਤੇ ਇਨ੍ਹਾਂ ਪਲੇਟ ਫਾਰਮਾਂ ਤੇ ਆਨ ਲਾਈਨ ਸਿਕਾਇਤਾਂ ਭੇਜਣ ਵਾਲੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਨਿਰਧਾਰਤ ਸਮੇਂ ਅੰਦਰ ਹੱਲ ਕਰਨਾਂ ਸਬੰਧਤ ਵਿਭਾਗੀ ਅਧਿਕਾਰੀਆਂ ਦਾ ਫਰਜ ਬਨਦਾ ਹੈ ਇਸ ਲਈ ਹਰੇਕ



ਅਧਿਕਾਰੀ ਨੂੰ ਅਪਣੇ ਪੀਜੀਆਰਐਸ ਅਤੇ ਹੋਰਨਾਂ ਸਿਕਾਇਤਾਂ ਸਬੰਧੀ ਪੋਰਟਲਾਂ ਤੇ ਨਜਰ ਰੱਖਣੀ ਚਾਹੀਦੀ ਹੈ ਤਾਂ ਜੋ ਲੋਕਾਂ ਨੂੰ ਅਪਣੀਆਂ ਸਿਕਾਇਤਾਂ ਹੱਲ ਕਰਵਾਉਂਣ ਲਈ ਇੰਤਜ਼ਾਰ ਨਾ ਕਰਨਾ ਪਵੇ। ਇਹ ਪ੍ਰਗਟਾਵਾ ਸ ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ ਨੇ ਅੱਜ ਵੱਖ ਵੱਖ ਸਰਕਾਰੀ ਵਿਭਾਗਾਂ ਦੇ ਜਿਲ੍ਹਾ ਅਧਿਕਾਰੀਆਂ ਨਾਲ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਦੇ ਮੀਟਿੰਗ ਹਾਲ ਵਿੱਚ ਇੱਕ ਵਿਸੇਸ ਮੀਟਿੰਗ ਦੋਰਾਨ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਜ), ਮੇਜਰ ਡਾ ਸੁਮਿਤ ਮੁਧ ਚੀਫ ਮਨਿਸਟਰ ਫੀਲਡ ਅਫਸਰ-ਕਮ-ਸਹਾਇਕ ਕਮਿਸਨਰ ਜਰਨਲ , ਪਰਮਜੀਤ ਸਿੰਘ ਵਧੀਕ ਡਿਪਟੀ ਕਮਿਸਨਰ ਵਿਕਾਸ, ਕਾਲਾ ਰਾਮ ਕਾਂਸਲ ਐਸਡੀਐਮ ਪਠਾਨਕੋਟ, ਤੇਜਦੀਪ ਸਿੰਘ ਸੈਣੀ ਐਸਡੀਐਮ ਧਾਰ ਕਲ੍ਹਾਂ, ਰਾਮ ਕਿਸਨ ਜਿਲ੍ਹਾ ਮਾਲ ਅਫਸਰ ਪਠਾਨਕੋਟ, ਯੁੱਧਵੀਰ ਸਿੰਘ ਡੀਡੀਪੀਓ ਪਠਾਨਕੋਟ, ਰਜਨੀਸ ਕੌਰ ਡੀਐਫਐਸਸੀ ਪਠਾਨਕੋਟ, ਡਾ ਰਜਿੰਦਰ ਕੁਮਾਰ ਮੁੱਖ ਖੇਤੀ ਬਾੜੀ ਅਫਸਰ ਪਠਾਨਕੋਟ , ਲਛਮਣ ਸਿੰਘ ਤਹਿਸੀਲਦਾਰ ਪਠਾਨਕੋਟ ਅਤੇ ਹੋਰ ਵਿਭਾਗਾਂ ਦੇ ਮੁੱਖੀ ਹਾਜ਼ਰ ਸਨ।

ਮੀਟਿੰਗ ਦੋਰਾਨ ਸ ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ ਨੇ ਵੱਲੋਂ ਵੱਖ ਵੱਖ ਸਰਕਾਰੀ ਵਿਭਾਗਾਂ ਅੰਦਰ ਪੈਡਿੰਗ ਪਈਆਂ ਸਿਕਾਇਤਾਂ ਦਾ ਰੀਵਿਓ ਕੀਤਾ, ਅਤੇ ਜਿਲ੍ਹਾ ਅਧਿਕਾਰੀਆਂ ਨੂੰ ਹਦਾਇਤ ਦਿੰਦਿਆਂ ਕਿਹਾ ਕਿ ਜਿਨ੍ਹਾਂ ਵਿਭਾਗਾਂ ਦੇ ਸਿਕਾਇਤ ਪੋਰਟਲਾਂ ਤੇ ਪੈਡਿੰਗ ਸਿਕਾਇਤਾਂ ਹਨ ਉਨ੍ਹਾਂ ਦਾ ਨਿਪਟਾਰਾ ਨਿਰਧਾਰਤ ਸਮੇਂ ਅੰਦਰ ਕੀਤਾ ਜਾਵੈ ਤਾਂ ਜੋ ਲੋਕਾਂ ਨੂੰ ਪ੍ਰੇਸਾਨ ਨਾ ਹੋਣਾ ਪਵੇ ਅਤੇ ਉਨ੍ਹਾਂ ਦੀਆਂ ਦਿੱਤੀਆਂ ਸਿਕਾਇਤਾਂ ਦਾ ਨਿਪਟਾਰਾ ਹੋ ਸਕੇ। ਉਨ੍ਹਾਂ ਮੀਟਿੰਗ ਦੋਰਾਨ ਜਲ ਜੀਵਨ ਮਿਸਨ, ਸਵੱਛ ਭਾਰਤ ਮਿਸਨ ਤੇ ਵੀ ਚਰਚਾ ਕੀਤੀ ਅਤੇ ਹਦਾਇਤ ਕਰਦਿਆਂ ਕਿਹਾ ਕਿ ਲੋਕਾਂ ਦੀਆਂ ਸਹੂਲਤਾਂ ਨੂੰ ਧਿਆਨ ਵਿੱਚ ਰੱਖਦਿਆਂ ਜੋ ਵੀ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਉਨ੍ਹਾਂ ਵਿਕਾਸ ਕਾਰਜਾਂ ਨੂੰ ਵੀ ਨਿਰਧਾਰਤ ਸਮੇਂ ਅੰਦਰ ਪੂਰਾ ਕੀਤਾ ਜਾਵੈ ਅਤੇ ਉਨ੍ਹਾਂ ਦੇ ਵਿਭਾਗ ਨਾਲ ਸਬੰਧਤ ਆਨ ਲਾਈਨ ਸਿਕਾਇਤਾਂ ਦਾ ਵੀ ਨਿਪਟਾਰਾ ਕੀਤਾ ਜਾਵੈ। ਮੀਟਿੰਗ ਦੋਰਾਨ ਉਨ੍ਹਾਂ ਵੱਲੋਂ ਮਗਨਰੇਗਾ, ਰੈਵਨਿਓ ਕੋਰਟ ਮੈਨਜਮੈਂਟ ਸਿਸਟਮ, ਸਟਾਮ ਡਿਊਟੀ, ਆਦਿ ਕਾਰਜਾਂ ਦਾ ਵੀ ਰੀਵਿਓ ਕੀਤਾ ਗਿਆ।

ਉਨ੍ਹਾਂ ਲੇਬਰ ਵਿਭਾਗ, ਕਾਰਪੋਰੇਸਨ ਪਠਾਨਕੋਟ ਦੇ ਅਧਿਕਾਰੀਆਂ ਨੂੰ ਵੀ ਹਦਾਇਤ ਕਰਦਿਆਂ ਕਿਹਾ ਕਿ ਪੈਡਿੰਗ ਸਿਕਾਇਤਾਂ ਦਾ ਨਿਰਧਾਰਤ ਸਮੇਂ ਅੰਦਰ ਨਿਪਟਾਰਾ ਕੀਤਾ ਜਾਵੈ। ਉਨ੍ਹਾਂ ਸਿਹਤ ਵਿਭਾਗ ਅਧਿਕਾਰੀਆਂ ਨੂੰ ਕਿਹਾ ਕਿ ਆਮ ਆਦਮੀ ਕਲੀਨਿਕਾਂ ਵਿੱਚ ਪਾਈਆਂ ਜਾ ਰਹੀਆਂ ਕਮੀਆਂ ਨੂੰ ਦੂਰ ਕੀਤਾ ਜਾਵੈ ਤਾਂ ਜੋ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਦਾ ਪੂਰਨ ਲਾਭ ਲੋਕਾਂ ਤੱਕ ਪਹੁੰਚ ਸਕੇ।

# ਬੁੱਢਾ ਦਲ ਵੱਲੋਂ ਨਿਹੰਗ ਸਿੰਘਾਂ ਦੀ ਛਾਉਣੀ ਅਮਰੀਕਾ ਵਿਖੇ ਸਥਾਪਤ

## ਬਾਣੀ ਬੋਧ, ਸੰਥਿਆ ਦੇ ਨਾਲ ਨਾਲ ਘੋੜ ਸਵਾਰੀ ਤੇ ਗਤਕਾ ਵੀ ਸਿਖਾਇਆ ਜਾਵੇਗਾ



**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)** ਬੁੱਢਾ ਦਲ ਦੇ ਛੇਵੇਂ ਮੁਖੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਰਹੇ ਸਿੰਘ ਸਾਹਿਬ ਅਕਾਲੀ ਬਾਬਾ ਫੂਲਾ ਸਿੰਘ ਜੀ ਦੀ ਸ਼ਹੀਦੀ ਦੀ ਦੂਜੀ ਸ਼ਤਾਬਦੀ ਨੂੰ ਸਮਰਪਿਤ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਚਲਦਾ ਵਹੀਰ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਵੱਲੋਂ ਜਥੇ: ਜਸਵਿੰਦਰ ਸਿੰਘ ਜੱਸੀ ਤੇ ਹੋਰ ਸੰਗਤਾਂ ਦੇ ਸਹਿਯੋਗ ਨਾਲ ਅਮਰੀਕਾ ਸਥਿਤ ਪਲੇਨਫੀਲਡ ਇੰਡਆਨਾ ਵਿਖੇ ਗੁਰਦੁਆਰਾ ਸਾਹਿਬ ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਅੱਜ ਖਾਲਸਾਈ ਜਾਹੋ ਜਲਾਲ ਨਾਲ ਖਾਲਸਾਈ ਜੈਕਾਰਿਆਂ ਦੀ ਗੂੰਜ ਵਿਚ ਨਿਸ਼ਾਨ ਸਾਹਿਬ ਲਹਿਰਾਉਣ ਉਪਰੰਤ ਗੁਰਦੁਆਰਾ ਸਾਹਿਬ ਦੀ ਮੁਕੰਮਲ ਰੂਪ ਵਿਚ ਰੋਜ਼ਾਨਾ ਦੀ ਮਰਯਾਦਾ ਲਾਗੂ ਹੋ ਗਈ ਹੈ। ਬੁੱਢਾ ਦਲ ਦੇ ਸਕੱਤਰ ਸ ਦਿਲਜੀਤ ਸਿੰਘ ਬੇਦੀ ਨੇ ਦਸਿਆ ਕਿ 22 ਜੂਨ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਦਸਮ ਗ੍ਰੰਥ ਅਤੇ ਸ੍ਰੀ ਸਰਬਲੋਹ ਗ੍ਰੰਥ ਦੇ ਪਾਠ ਅਰੰਭ ਹੋਏ ਸਨ ਜਿਨ੍ਹਾਂ ਦੇ ਭੋਗ ਬੀਤੀ ਕੱਲ 24 ਜੂਨ ਨੂੰ ਨਿਹੰਗ ਸਿੰਘਾਂ ਨੇ ਦਲ ਪੰਥ ਦੀ ਮਰਯਾਦਾ ਅਨੁਸਾਰ ਪਾਏ ਗਏ ਉਪਰੰਤ ਵੱਖ-ਵੱਖ ਨਿਹੰਗ ਸਿੰਘਾਂ ਦੇ ਰਾਗੀ ਜਥਿਆਂ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ।

ਇਸ ਤੋਂ ਪਹਿਲਾਂ ਸਿੱਖ ਰਹੁਰੀਤਾਂ ਤੇ ਪਰੰਪਰਾਵਾਂ ਤੇ ਮਰਯਾਦਾ ਅਨੁਸਾਰ ਖਾਲਸਾਈ ਜੈਕਾਰਿਆਂ ਨਾਲ ਸ੍ਰੀ ਨਿਸ਼ਾਨ ਸਾਹਿਬ ਲਹਿਰਾਏ ਗਏ।

ਗੁਰਦੁਆਰਾ ਸਾਹਿਬ ਦੇ ਸ਼ੁਭ ਅਰੰਭ ਮੌਕੇ ਗੁ: ਸਾਹਿਬ ਵਿਖੇ ਜੁੜੀਆਂ ਸੰਗਤਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਮੁਖੀ ਬੁੱਢਾ ਦਲ ਨੇ ਦਲਪੰਥ ਦੇ ਸਮੁੱਚੇ ਇਤਿਹਾਸ ਅਤੇ ਮੁਖੀ ਜਰਨੈਲਾਂ ਦੀ ਮਹਾਨ ਕੁਰਬਾਨੀ ਸਬੰਧੀ ਵਿਸਥਾਰ ਪੂਰਵਕ ਸੰਗਤਾਂ ਨਾਲ ਸਾਂਝ ਪਾਈ ਅਤੇ ਇਤਿਹਾਸਕ ਸ਼ਸਤਰਾਂ ਦੇ ਦਰਸ਼ਨ ਸੰਗਤਾਂ ਨੂੰ ਕਰਵਾਏ। ਉਨ੍ਹਾਂ ਕਿਹਾ ਕਿ ਸੈਕਸ਼ਨ ਪਲੇਨਫੀਲਡ ਇੰਡਆਨਾ ਵਿਖੇ ਗੁਰਦੁਆਰਾ ਸਾਹਿਬ ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਦੀ ਅਰੰਭਤਾ ਨਾਲ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਚਲਦਾ ਵਹੀਰ ਨਿਹੰਗ ਸਿੰਘਾਂ ਦੀ ਛਾਉਣੀ ਸਥਾਪਤ ਹੋ ਗਈ ਹੈ। ਹੁਣ ਵੱਖ-ਵੱਖ ਦੇਸ਼ਾਂ ਵਿਚ ਬੁੱਢਾ ਦਲ ਦੀਆਂ ਛਾਉਣੀਆਂ ਬਣਾਈਆਂ ਜਾਣਗੀਆਂ। ਇਸ ਧਾਰਮਿਕ ਗੁਰਮਤਿ ਸਮਾਗਮ ਮੌਕੇ ਗਿਆਨੀ ਸ਼ੇਰ ਸਿੰਘ ਅੰਬਾਲੇ ਵਾਲੇ, ਬਾਬਾ ਮਨਮੋਹਣ ਸਿੰਘ ਬਾਰਨ ਵਾਲੇ, ਬਾਬਾ ਹਰਜੀਤ ਸਿੰਘ ਖੰਡਾ ਖੜਕੇਗਾ ਬਟਾਲਾ ਵਾਲਿਆਂ ਨੇ ਦਸਮ ਦੀ ਬਾਣੀ ਦਾ ਕੀਰਤਨ ਕੀਤਾ ਅਤੇ ਨਿਹੰਗ ਸਿੰਘਾਂ ਦੀ ਸਿੱਖ ਇਤਿਹਾਸ ਵਿੱਚ ਭੂਮਿਕਾ ਸਬੰਧੀ ਵੀ ਸੰਗਤਾਂ ਨੂੰ ਚਾਨਣਾ ਪਾਇਆ।

ਇਸ ਸਮਾਗਮ ਵਿੱਚ ਸ਼ਿਕਾਗੋ ਤੋਂ ਬਾਬਾ ਦਲਜੀਤ ਸਿੰਘ, ਬਾਬਾ ਮੁਖਤਿਆਰ ਸਿੰਘ, ਜਥੇ: ਰਘਬੀਰ ਸਿੰਘ ਕਨੇਡਾ, ਭਾਈ ਅਮਰੀਕ ਸਿੰਘ ਨਿਹੰਗ ਸਿੰਘ ਅਮਰੀਕਾ, ਬਾਬਾ ਸੁਖਬੀਰ ਸਿੰਘ, ਬਾਬਾ ਗੁਰਮੇਲ ਸਿੰਘ ਕਨੇਡਾ, ਸ ਗੁਰਮੀਤ ਸਿੰਘ ਸੱਲ੍ਹਾ, ਸ ਸਰਬਜੀਤ ਸਿੰਘ ਸੱਲ੍ਹਾ, ਸ ਹਰਪਾਲ ਸਿੰਘ ਢਿੱਲੋਂ, ਸ ਬਲਦੇਵ ਸਿੰਘ ਸੱਲ੍ਹਾ, ਹੈਰੀ ਘੁੰਮਣ, ਸ ਹਜ਼ੂਰ ਸਿੰਘ, ਸ ਪ੍ਰਬੋਧ ਸਿੰਘ, ਸ ਜਸਮੀਤ ਸਿੰਘ, ਸ ਕੁਲਦੀਪ ਸਿੰਘ, ਸ ਸਿਮਰਨ ਸਿੰਘ, ਸ ਗੁਰਜੰਟ ਸਿੰਘ, ਸ। ਹਰਸਿਮਰਨ ਸਿੰਘ ਬਾਬਾ ਸਤਨਾਮ ਸਿੰਘ ਸਲੂਜਾ ਤੇ ਬੀਬੀ ਪਰਮਜੀਤ ਕੌਰ ਪਿੰਕੀ ਗੁਰੂ ਅੰਗਦ ਦੇਵ ਨਿਵਾਸ ਅੰਮ੍ਰਿਤਸਰ ਤੋਂ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਦਾ ਵੱਖ-ਵੱਖ ਗੁਰਦੁਆਰਾ ਕਮੇਟੀ, ਵੱਖ-ਵੱਖ ਸੰਸਥਾਵਾਂ ਤੇ ਸਿੱਖ ਜਥੇਬੰਦੀਆਂ ਵੱਲੋਂ ਨਿੱਘਾ ਸੁਆਗਤ ਕੀਤਾ ਜਾ ਰਿਹਾ ਹੈ ਅਤੇ ਇਤਿਹਾਸਕ ਸ਼ਸਤਰਾਂ ਦੇ ਦਰਸ਼ਨ ਲਈ ਸੰਗਤਾਂ ਹੁੰਮਹੁਮਾ ਕੇ ਪੁੱਜ ਰਹੀਆਂ ਹਨ।

# ਬੇਗਮਪੁਰਾ ਇੰਟਰਨੈਸ਼ਨਲ ਸੰਗੀਤ ਵਲੋਂ ਦਲਜੀਤ ਖਾਨਖਾਨਾ ਦਾ ਕੀਤਾ ਸਨਮਾਨ

**ਲਸਾੜਾ/ਉੜਾਪੜ (ਬੱਗਾ ਸੇਲਕੀ-ਆਣਾ)** ਸਮੁਚੇ ਸਮਾਜ ਮਹਾਨ ਰਹਿਬਰਾਂ ਦੇ ਮਿਸ਼ਨ ਨੂੰ ਪ੍ਰਫੁਲਤ ਕਰਨ ਵਾਲੀ ਬੇਗਮਪੁਰਾ ਇੰਟਰਨੈਸ਼ਨਲ ਸੰਗੀਤ ਸੰਸਥਾ ਪੰਜਾਬ ਤੇ ਜਾਗ੍ਰਤੀ ਕਲਾ ਕੇਂਦਰ ਵਲੋਂ ਪ੍ਰਸਿੱਧ ਮਿਸ਼ਨਰੀ ਗੀਤਕਾਰ ਦਲਜੀਤ ਖਾਨਖਾਨਾ ਯੁਕੇ ਦਾ ਸਨਮਾਨ ਚਿੰਨ ਲੋਈ ਤੇ ਪਹਿਚਾਣ ਪੱਤਰ ਦੇ ਕੇ ਸਨਮਾਨ ਕੀਤਾ ਗਿਆ ਜਾਣਕਾਰੀ ਦਿੰਦੇ ਹੋਏ ਸੰਸਥਾ ਦੇ ਪ੍ਰਧਾਨ ਰੂਪ ਲਾਲ ਧੀਰ ਨੇ ਦੱਸਿਆ ਕਿ ਦਲਜੀਤ ਖਾਨਖਾਨਾ ਜਿਥੇ ਮਹਾਨ ਰਹਿਬਰਾਂ



ਦੇ ਮਿਸ਼ਨ ਨੂੰ ਗੀਤਾਂ ਰਾਂਹੀ ਸੰਗਤਾਂ ਨੂੰ ਜਾਗਰੁਕ ਕਰ ਰਿਹਾ ਉਥੇ ਨਾਲ ਹੀ ਬਹੁਜਨ ਸਮਾਜ ਪਾਰਟੀ ਨੂੰ ਬੜੇ ਲੰਬੇ ਸਮੇਂ ਆਪਣਾ ਵਿਸ਼ੇਸ਼ ਸਹਿਜੋਗ ਦੇ ਰਿਹਾ ਹੈ ਤੇ ਗੀਤਕਾਰ ਦਲਜੀਤ ਖਾਨਖਾਨਾ ਯੁਕੇ ਦੇ ਅਨੇਕਾਂ ਗੀਤ ਨਾਮਵਰ ਕਲਾਕਾਰਾਂ ਦੀ ਅਵਾਜ ਚ ਰਿਕਾਰਡ ਹੋ ਚੁਕੇ ਹਨ ਤੇ ਚੰਗਾ ਨਾਮਣਾ ਵੀ ਖੱਟਿਆ ਹੈ ਦਲਜੀਤ ਗਾਇਕੀ ਦੇ ਸ਼ੋਂਕ ਨਾਲ ਨਾਲ ਫਿਲਮਾ 'ਚ ਵੀ ਵਿਸੇਸ਼ ਯੋਗਦਾਨ ਦੇ ਰਹੇ ਹਨ ਤੇ ਹੁਣ ਤੱਕ ਦਲਜੀਤ ਨੂੰ ਅਨੇਕਾਂ ਧਾਰਮਿਕ ਤੇ ਸਮਾਜਕ ਸੰਸਥਾਵਾਂ ਵਲੋਂ ਸਨਮਾਨ ਕੀਤਾ ਜਾ ਚੁਕਾ ਹੈ ਤੇ ਸਾਡ੍ਹੀ ਸੰਸਥਾ ਜੋ ਵੀ ਇਨਸਾਨ ਆਪਣੇ ਮਹਾਨ ਰਹਿਬਰਾਂ ਦੇ ਮਿਸ਼ਨ ਨੂੰ ਸਮਰਪਿਤ ਹੈ ਉਸ ਮਾਣ ਸਨਮਾਨ ਕਰਨਾ ਫਰਜ ਸਮਝਦੀ ਹੈ ਜਿਕਰਯੋਗ ਹੈ ਕਿ ਸੰਸਥਾ ਵਲੋਂ ਪਹਿਲਾਂ ਵੀ ਅਨੇਕਾਂ ਮਿਸ਼ਨਰੀ ਸ਼ਖਸ਼ੀਅਤਾਂ ਦਾ ਗੋਲਡ ਮੈਡਲ ਦੇ ਕੇ ਸਨਮਾਨ ਕੀਤਾ ਜਾ ਚੁਕਾ ਹੈ ਇਸ ਮੋਕੇ ਦਲਜੀਤ ਖਾਨਖਾਨਾ ਨੇ ਸੰਸਥਾ ਦਾ ਤਹਿ ਦਿਲੋਂ ਧੰਨਵਾਦ ਕੀਤਾ ਇਸ ਮੋਕੇ ਸੱਤਪਾਲ ਸਾਹਲੋਂ, ਢਾਡੀ ਗੁਰਦੀਪ ਸਿੰਘ ਉੜਾਪੜ, ਮੱਖਣ ਬਖਲੋਰ, ਬਲਵੀਰ ਧੀਰ, ਮੇਜਰ ਧੀਰ, ਗੁਰਨਾਮ ਦੜੋਚ, ਸੁਰਿੰਦਰ ਸਿੰਘ ਆਦਿ ਹਾਜਰ ਸਨ।

# ਫਿਲਮ 'ਮੌੜ' ਰਾਹੀਂ ਨਵੇਂ ਰੰਗਾਂ 'ਚ ਰੰਗਣ 'ਚ ਕਾਮਯਾਬ ਹੋਇਆ ਐਮੀ ਵਿਰਕ




ਪੰਜਾਬੀ ਸਿਨੇਮਾ ਵਿੱਚ ਐਮੀ ਵਿਰਕ ਦੀ ਪਹਿਚਾਣ ਇੰਨੀ ਵੱਡੀ ਬਣ ਗਈ ਹੈ ਕਿ ਉਸ ਬਾਰੇ ਕਿਸੇ ਨੂੰ ਬੋਲ ਕੇ ਦੱਸਣ ਦੀ ਲੋੜ ਨਹੀਂ, ਕਿਉਂਕਿ ਉਸਦਾ ਕੰਮ ਖੁਦ-ਬ-ਖੁਦ ਬੋਲ ਦਿੰਦਾ ਹੈ ਕਿ ਉਹ ਇੱਕ ਵਧੀਆ ਅਦਾਕਾਰ ਤੇ ਗਇਕ ਹੈ। ਹਾਲ ਹੀ ਵਿੱਚ ਰਿਲੀਜ਼ ਹੋਈ ਫ਼ਿਲਮ ਜੀਊਣਾ ਮੌੜ ਐਮੀ ਵਿਰਕ ਦੇ ਹੁਣ ਤੱਕ ਦੇ ਕਰੀਅਰ ਵਿੱਚ ਤਾਂ ਮੀਲ ਦਾ ਪੱਥਰ ਸਾਬਿਤ ਹੋਈ ਹੀ, ਸਗੋਂ ਪੰਜਾਬੀ ਸਿਨੇਮਾ ਵਿੱਚ ਵੀ ਉਸਨੇ ਆਪਣੀ ਅਲੱਗ ਛਾਪ ਛੱਡੀ ਹੈ।

ਫ਼ਿਲਮ ਦੇ ਪ੍ਰੋਡੀਊਸਰ ਕਾਰਜ ਗਿੱਲ ਦੀ ਅੱਖ ਨੇ ਪਹਿਚਾਣਿਆ ਕਿ ਐਮੀ ਵਿਰਕ, ਜੀਊਣਾ ਮੌੜ ਦੇ ਕਿਰਦਾਰ ਨੂੰ ਬਾਖੂਬੀ ਨਿਭਾਅ ਸਕਦਾ ਹੈ ਤੇ ਇਹ ਸਾਨੂੰ ਫ਼ਿਲਮ ਵਿੱਚ ਦੇਖਣ ਨੂੰ ਮਿਲਿਆ ਵੀ ਕਿ ਐਮੀ ਨੇ ਆਪਣੀ ਅਦਾਕਾਰੀ ਨਾਲ ਸਾਰਿਆਂ ਦੇ ਦਿਲਾਂ ਨੂੰ ਛੂਹਿਆ ਤੇ ਜੀਊਣਾ ਮੌੜ ਦੇ ਕਿਰਦਾਰ ਨਾਲ ਇਨਸਾਫ਼ ਕੀਤਾ ਜਿਸ ਨੇ ਉਸਦਾ ਕੱਦ ਪੰਜਾਬੀ ਸਿਨੇਮਾ ਵਿੱਚ ਹੋਰ ਵੱਡਾ ਕੀਤਾ।

ਗਿੱਲ ਦੀ ਸੁਚੱਜੀ ਟੀਮ ਨੇ ਸਾਹਿਤ ਦੇ ਇਤਿਹਾਸ ਵਿੱਚ ਡੂੰਘਾਈ ਨਾਲ ਖੋਜ ਕੀਤੀ ਤੇ ਸੰਨ 1910 ਦੀਆਂ ਹੱਥ-ਲਿਖਤਾਂ ਦਾ ਪਤਾ ਲਗਾਇਆ, ਜਿਸ ਤੋਂ ਬਾਅਦ ਜੀਊਣਾ ਮੌੜ ਦੀ ਸ਼ਖਸੀਅਤ ਨਾਲ ਮੇਲ ਖਾਂਦੇ ਐਮੀ ਵਿਰਕ ਨੂੰ ਇਸ ਕਿਰਦਾਰ ਦਾ ਪੱਲਾ ਫੜਾਇਆ। ਜੀਊਣਾ ਮੌੜ ਦੀ ਸਿਹਤ ਪੱਖੋਂ ਤੇ ਵਰਤੀਰੇ ਪੱਖੋਂ ਐਮੀ ਵਿਰਕ ਇਸ ਭੂਮਿਕਾ ਲਈ ਬਿਲਕੁਲ ਸਟੀਕ ਬੈਠਿਆ ਤੇ ਆਖਿਰਕਾਰ ਫ਼ਿਲਮ ਦੇਖਣ ਤੋਂ ਬਾਅਦ ਦਰਸ਼ਕਾਂ ਨੇ ਉਸਦੇ ਕੰਮ ਦੀ ਸਿਫ਼ਤ ਕਰਕੇ ਇਸ ਗੱਲ ਦਾ ਸਬੂਤ ਵੀ ਦਿੱਤਾ।

ਨਿਰਦੇਸ਼ਕ ਜਤਿੰਦਰ ਮੌਹਰ ਨੇ ਇੱਕ ਇੰਟਰਵਿਊ ਵਿੱਚ ਜੀਊਣਾ ਮੌੜ ਦੇ ਕਿਰਦਾਰ ਨੂੰ ਨਿਭਾਉਣ ਲਈ ਐਮੀ ਵਿਰਕ ਦੇ ਸਮਰਪਣ ਤੇ ਮਿਹਨਤ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਵਿਰਕ ਨੇ ਇਸ ਭੂਮਿਕਾ ਨੂੰ ਨਿਭਾਉਣ ਲਈ ਆਪਣੀ ਪੂਰੀ ਜਿੰਦ-ਜਾਨ ਲਾ ਦਿੱਤੀ ਤੇ ਉਸਦਾ ਨਤੀਜਾ ਤੁਹਾਨੂੰ ਪਰਦੇ 'ਤੇ ਸਾਫ਼-ਸਾਫ਼ ਦਿਖਾਈ ਦਿੱਤਾ ਹੋਵੇਗਾ ਕਿ ਕਿਸ ਤਰ੍ਹਾਂ ਐਮੀ ਵਿਰਕ ਨੇ ਜੀਊਣਾ ਮੌੜ ਦੇ ਕਿਰਦਾਰ ਨਾਲ ਵਫ਼ਾਦਾਰੀ ਕੀਤੀ ਹੈ।

ਫ਼ਿਲਮ ਦੇ ਅਖੀਰਲੇ ਦ੍ਰਿਸ਼ਾਂ ਵਿੱਚ, ਐਮੀ ਨੂੰ

**ਹਰਜਿੰਦਰ ਸਿੰਘ ਜਵੰਦਾ**

ਅਣਗਿਣਤ ਭਾਵਨਾਵਾਂ ਸਿਰਫ਼ ਆਪਣੀਆਂ ਭਾਵਪੂਰਤ ਅੱਖਾਂ ਰਾਹੀਂ ਸੰਚਾਰ ਕਰਨ ਦੀ ਡੂੰਘੀ ਜ਼ਿੰਮੇਵਾਰੀ ਸੌਂਪੀ ਗਈ ਸੀ, ਜਿਸ ਨੂੰ ਸਿਲਵਰ ਸਕਰੀਨ 'ਤੇ ਸ਼ਾਇਦ ਹੀ ਪਹਿਲਾਂ ਕਦੇ ਦੇਖਿਆ ਗਿਆ ਹੋਵੇ। ਫ਼ਿਲਮ ਦਾ ਅੰਤ ਐਮੀ ਵਿਰਕ ਦੀ ਕਲਾ ਨੂੰ ਹੋਰ ਸੋਹਣੀ ਤਰ੍ਹਾਂ ਦਰਸਾਉਂਦਾ ਹੈ ਤੇ ਉਸਦੀ ਮਿਹਨਤ ਕੀਤੀ ਦਾ ਪਤਾ ਲੱਗਦਾ ਹੈ। ਦੁਨੀਆਂ ਭਰ ਦੇ ਦਰਸ਼ਕਾਂ ਨੇ ਇਸ ਗੱਲ ਦੀ ਤਰੀਫ਼ ਕੀਤੀ ਕਿ ਫ਼ਿਲਮ ਵਿੱਚ ਜੀਊਣਾ ਮੌੜ ਦੇ ਕਿਰਦਾਰ ਨੂੰ ਐਮੀ ਵਿਰਕ ਨੇ ਹਰ ਪੱਖੋਂ ਬਾਖ਼ੂਬੀ ਨਾਲ ਨਿਭਾਇਆ ਹੈ।

ਇਸ ਫ਼ਿਲਮ ਤੋਂ ਪਹਿਲਾਂ ਐਮੀ ਵਿਰਕ ਰਾਸ਼ਟਰੀ ਪੁਰਸਕੈਰ ਜੇਤੂ ਫ਼ਿਲਮ 'ਹਰਜੀਤਾ' ਵਿੱਚ ਵੀ ਆਪਣੀ ਅਦਾਕਾਰੀ ਦਾ ਲੋਹਾ ਮਨਵਾ ਚੁੱਕਿਆ ਹੈ, ਜੋ ਕਿ ਪੰਜਾਬ ਦੇ ਹਾਕੀ ਖਿਡਾਰੀ ਦੀ ਜ਼ਿੰਦਗੀ 'ਤੇ ਆਧਾਰਿਤ ਸੀ। ਜਿਸ ਵਿੱਚ ਐਮੀ ਦੀ ਦਿੱਖ ਨੇ ਇਹ ਸਾਬਿਤ ਕੀਤਾ ਕਿ ਉਹ ਫ਼ਿਲਮ ਵਿੱਚ ਚੰਗਾ ਕਿਰਦਾਰ ਨਿਭਾਉਣ ਵਿੱਚ ਹਰ ਤਰ੍ਹਾਂ ਦੀ ਮਿਹਨਤ ਕਰਨ ਲਈ ਤਿਆਰ-ਬਰ-ਤਿਆਰ ਰਹਿੰਦਾ ਹੈ। ਉਸ ਤੋਂ ਬਾਅਦ ਐਮੀ ਦੀ ਝੋਲੀ ਸੁਫ਼ਨਾ, ਸੌਂਕਣ-ਸੌਂਕਣੇ, ਅੰਗ੍ਰੇਜ਼, ਬੰਬੂਕਾਟ ਤੇ ਨਿੱਕਾ ਜ਼ੈਲਦਾਰ ਵਰਗੀਆਂ ਸ਼ਾਨਦਾਰ ਫ਼ਿਲਮਾਂ ਪਈਆਂ, ਜਿਸ ਨਾਲ ਉਸਨੇ ਪੰਜਾਬੀ ਦਰਸ਼ਕਾਂ ਦੇ ਦਿਲਾਂ ਵਿੱਚ ਤਾਂ ਜਗ੍ਹਾ ਬਣਾਈ ਹੀ ਸਗੋਂ ਬਾੱਲੀਵੁੱਡ ਵਿੱਚ, ਸੰਨ 1983 ਵਿੱਚ ਭਾਰਤੀ ਕ੍ਰਿਕਟ ਟੀਮ ਵੱਲੋਂ ਜਿੱਤੇ ਵਿਸ਼ਵ ਕੱਪ 'ਤੇ ਬਣੀ ਫ਼ਿਲਮ 83 ਵਿੱਚ ਕ੍ਰਿਕਟਰ ਬਲਵਿੰਦਰ ਸਿੰਘ ਦਾ ਕਿਰਦਾਰ ਨਿਭਾਅ ਕੇ ਉੱਥੇ ਵੀ ਆਪਣੀ ਸ਼ਾਨਦਾਰ ਅਦਾਕਾਰੀ ਦੀ ਛਾਪ ਛੱਡੀ। ਐਮੀ ਅਦਾਕਾਰ ਤੋਂ ਪਹਿਲਾਂ ਇੱਕ ਮੰਝਿਆ ਹੋਇਆ ਗਾਇਕ ਹੈ, ਜਿਸ ਦੀ ਆਵਾਜ਼ ਨੇ ਸਭ ਤੋਂ ਪਹਿਲਾਂ ਪੰਜਾਬੀ ਦਰਸ਼ਕਾਂ ਦੇ ਦਿਲਾਂ ਵਿੱਚ ਥਾਂ ਬਣਾਈ ਸੀ ਤੇ ਉਸ ਤੋਂ ਬਾਅਦ ਉਸਦੀ ਸ਼ਾਨਦਾਰ ਅਦਾਕਾਰੀ ਨੇ ਲੋਕਾਂ ਦੇ ਦਿਲ ਜਿੱਤੇ।

ਜੀਊਣਾ ਮੌੜ ਦੇ ਕਿਰਦਾਰ ਨੂੰ ਨਿਭਾਅ ਕੇ ਐਮੀ ਵਿਰਕ ਪੰਜਾਬੀ ਸਿਨੇਮਾ ਦੇ ਇਤਿਹਾਸ ਵਿੱਚ ਅੱਗੇ ਚੱਲ ਕੇ ਹਮੇਸ਼ਾ ਆਪਣੀ ਸ਼ਾਨਦਾਰ ਅਦਾਕਾਰੀ ਲਈ ਜਾਣਿਆ ਜਾਂਦਾ ਰਹੇਗਾ। ਉਸਦੀ ਮਿਹਨਤ ਇਹ ਦੱਸਦੀ ਹੈ ਕਿ ਜੇਕਰ ਤੁਸੀਂ ਆਪਣੇ ਕੰਮ ਨਾਲ ਵਫ਼ਾਦਾਰੀ ਕਰੋ ਤਾਂ ਯਕੀਨਨ ਦਰਸ਼ਕ ਤੁਹਾਨੂੰ ਆਪਣੇ ਦਿਲਾਂ ਵਿੱਚ ਜਗ੍ਹਾ ਦਿੰਦੇ ਹਨ ਤੇ ਇਹੀ ਵਜ੍ਹਾ ਹੈ ਕਿ ਐਮੀ ਵਿਰਕ ਹਰ ਪੰਜਾਬੀ ਦੇ ਦਿਲ 'ਤੇ ਰਾਜ ਕਰਦਾ ਹੈ ਤੇ ਅੱਗੇ ਵੀ ਕਰਦਾ ਰਹੇਗਾ।

# ਪੰਜਾਬੀ ਫਿਲਮ ਚਰਚਾ

**– ਅੰਮ੍ਰਿਤ ਪਵਾਰ**



**'ਠਾਕਰ ਤਪੱਸਵੀ ਡਾਇਰੈਕਟਰ ਨੇ ਕਪਤਾਨ'**

'ਮਾਤਾ ਦਾ ਦਰਬਾਰ' ਫਿਲਮ ਬਣਾਈ, ਕੋਈ ਸੋਚ ਨਹੀਂ ਸੀ ਸਕਦਾ ਇਸ ਦੇ ਨਿਰਮਾਤਾ ਠਾਕਰ ਤਪੱਸਵੀ ਇੱਕ ਦਿਨ ਚੋਟੀ ਦੇ ਡਾਇਰੈਕਟਰ ਬਣਨਗੇ ਤੇ ਡਾਇਰੈਕਟਰ ਸੰਸਥਾ ਦੇ ਅਹਿਮ ਅਹੁਦੇਦਾਰ ਹੋਣਗੇ। ਅੱਜ 'ਰਾਜਨੀਤੀ','ਜੰਗ ਦਾ ਮੈਦਾਨ' ਸਮੇਤ ਕਈ ਹਿੰਦੀ- ਪੰਜਾਬੀ ਫ਼ਿਲਮਾਂ ਕਰ ਚੁੱਕੇ ਠਾਕਰ ਤਪੱਸਵੀ ਆਖਦੇ ਨੇ ਡਾਇਰੈਕਟਰ ਕਪਤਾਨ ਹੁੰਦਾ ਪਰ ਜਦ ਐਕਟਰ ਇਸ ਕਪਤਾਨ ਦੀ ਨਹੀਂ ਮੰਨਦੇ ਤਦ ਫਿਲਮ ਦਾ ਖਾਨਾ ਖਰਾਬ ਹੋ ਜਾਂਦਾ ਹੈ।

**'ਸੁਪਨੇ ਬਹੁਤ ਨੇ ਆਲੀਆ ਅਣਜਾਣ ਦੇ'**

ਪੱਟੀ ਦੀ ਰਹਿਣ ਵਾਲੀ ਆਲੀਆ ਅਣਜਾਣ ਦੀ ਆਵਾਜ਼ ਖੰਡ-ਮਿਸ਼ਰੀ ਜਿਹੀ ਹੈ । 'ਤਾਲੇਬਾਨ' ਗੀਤ ਨੇ ਉਸਦੇ ਵਜੂਦ ਨੂੰ ਕਾਇਮ ਕੀਤਾ ਤੇ ਫ਼ਿਲਮ ਜਾਗਰਣ, ਮੇਲੇ ਲਾਉਂਦੀ ਆਲੀਆ ਅੱਜ ਅਮਰ ਨਿਮਾਣਾ ਦੀਆਂ ਫਿਲਮਾਂ ਦੀਆਂ ਫਿਲਮਾਂ ਲਈ ਆਵਾਜ ਦੇ ਰਹੀ ਹੈ । ਆਲੀਆ ਦੇ ਸੁਪਨੇ ਬਹੁਤ ਨੇ ਕਿ ਗਾਇਕਾ ਤੇ ਨਾਇਕਾ ਬਣੇ । ਨਿਮਰਤ ਖਹਿਰਾ ਦੀ ਤਰ੍ਹਾਂ ਨਾਮ ਹੋਵੇ ਤੇ ਇਸ ਸਭ ਲਈ ਉਹ ਸੰਗੀਤ ਮਾਹਿਰ ਕ੍ਰਿਸ਼ਨ ਅਣਜਾਣ ਤੋਂ ਸੰਗੀਤ ਸਿੱਖ ਰਹੀ ਹੈ।

**'ਟਿੱਚਰਾਂ ਬਣਨ ਲੱਗੀ'**

ਜਤਿੰਦਰ-ਜਯਾ ਪ੍ਰਧਾ ਦੀ ਜੋੜੀ ਪੰਜਾਬ 'ਚ ਮੌਜੂਦ ਹੈ। ਜੀ ਹਾਂ ਇਹੀ ਦੇਖ ਕਿ ਸਵਰਗੀ ਫਿਲਮ ਸਾਜ ਚਮਨ ਲਾਲ ਸ਼ੁਗਲ ਨੂੰ ਸਮਰਪਿਤ ਫ਼ਿਲਮ 'ਟਿਚਰਾਂ' 'ਚ ਗੁਰਦੀਪ ਸੰਧੂ ਤੇ ਰੁਮਾਲੀ ਨੂੰ ਲਿਆ ਗਿਆ ਹੈ ਜੇ ਨਿਰੇ-ਪੁਰੇ ਜੀਤੂ-ਜਯਾ ਲੱਗਦੇ ਹਨ। ਸੁਰਿੰਦਰ, ਰਿਸ਼ਤਾ, ਕਾਜਲ, ਅਰਵਿੰਦਰ ਭੱਟੀ ਤੇ ਕਾਂਸੀਰਾਮ ਚੰਨ 'ਟਿੱਚਰਾਂ' 'ਚ ਦੂਸਰੇ ਅਹਿਮ ਕਲਾਕਾਰ ਹਨ।

**ਗੁਰਜੀਤ ਹੇਅਰ ਕਰੇਗਾ ਮਨੋਰੰਜਨ ਦੇ ਕਈ ਪ੍ਰੌਜੈਕਟ**

ਆਧੁਨਿਕ ਸਮੇਂ 'ਚ ਫ਼ਿਲਮ, ਟੀ.ਵੀ. ਤੇ ਸੰਗੀਤ ਲਈ ਕਈ ਕਿੱਤੇ ਬਣ ਗਏ ਹਨ। ਨੌਜਵਾਨ ਗੁਰਜੀਤ ਹੇਅਰ ਨੇ ਗਾਇਕ ਸ਼ੰਮੀ ਖਾਨ ਦੀ ਮੈਨੇਜਮੈਂਟ ਤੋਂ ਸੁਰੂਆਤ ਕਰ ਕਿ ਤੇ ਫਿਰ ਸਥਾਨਕ ਕੇਬਲ ਟੀ.ਵੀ. ਤੇ ਮਨੋਰੰਜਨ ਦੇ ਪ੍ਰੌਜੈਕਟ ਸਮੇਂ-ਸਮੇਂ ਤੇ ਚਲਾ ਕਿ ਕਾਬਲੀਅਤ ਦਿਖਾਵੀ ਪੋਸਟ ਪ੍ਰਡੋਕਸ਼ਨ ਤੱਕ ਸੰਭਾਲ ਰਿਹਾ ਹੈ । ਤਮੰਨਾ ਕੱਲ ਨੂੰ ਫ਼ਿਲਮ ਨਿਰਮਾਤਾ ਬਣਨ ਦੀ ਹੈ।

**'ਦਿਲ ਦੇ ਕਰੀਬ-ਰਸ਼ਪਿੰਦਰ ਗਿੱਲ'**

ਪੰਜਾਬੀ ਦੀ ਪੋਸਟ ਗਰੈਜੁਏਟ ਰਸ਼ਪਿੰਦਰ ਕੌਰ ਗਿੱਲ ਦੀਆਂ ਸਾਹਿਤਕ ਰਚਨਾਵਾਂ ਤੇ ਫਿਲਮਾਂ ਬਣਨ ਤਾਂ ਸਿਰੇ ਦੀ ਗੱਲ ਹੋਏਗੀ । ਉਸਦੀ ਰਚਨਾ 'ਦਿਲ ਦੇ ਕਰੀਬ' ਸ਼ਾਨਦਾਰ ਫ਼ਿਲਮ ਬਣ ਸਕਦੀ ਹੈ । ਇਸ ਸਮੇਂ ਐਕਰਿੰਗ ਦੀ ਮਲਿਕਾ ਰਸ਼ੁਪਿੰਦਰ ਦੇ ਬੋਲਾਂ 'ਚ ਰਸ ਹੈ। ਗੋਲਮਟੋਲ ਚਿਹਰੇ ਵਾਲੀ ਰਸ਼ਪਿੰਦਰ ਗਿੱਲ ਪੰਜਾਬੀਅਤ ਨੂੰ ਸਮਰਪਿਤ ਕਈ ਕਾਰਜ ਕਰ ਰਹੀ ਹੈ।

**ਹੁਣ ਫ਼ਿਲਮਾਂ ਵੱਲ- ਕੰਵਲਜੀਤ ਮਾਨਾਂਵਾਲਾ**

ਸਟੇਜ ਸੰਚਾਲਨ ਦਾ ਬਾਦਸ਼ਾਹ ਹੈ ਕੰਵਲਜੀਤ ਮਾਨਾਂਵਾਲਾ ਜਿਸ ਨੇ ਹੁਣ ਵਿਦੇਸ਼ਾਂ 'ਚ ਰੁਪਿੰਦਰ ਹਾਂਡਾ, ਪ੍ਰਭਗਿੱਲ, ਧੀਰਾ ਗਿੱਲ ਸ਼ੇਰਾ ਦੇ ਸ਼ੋਅਜ ਸੰਚਾਲਨ ਦੇ ਨਾਲ ਇਹਨਾਂ ਦਾ ਪ੍ਰਸਾਰਣ ਵੀ ਕੀਤਾ । ਕੁਝ ਪੰਜਾਬੀ ਫਿਲਮਾਂ 'ਚ ਅਭਿਨੈ ਤੋਂ ਬਾਅਦ ਖੁਦ ਵੈਬ-ਸੀਰੀਜ਼ ਤੇ ਬਾਲੀਵੁੱਡ ਫ਼ਿਲਮ ਦੇ ਨਿਰਮਾਣ ਦੀ ਵਾਗਡੋਰ ਹੁਣ ਕੰਵਲਜੀਤ ਮਾਨਾਵਾਲਾ ਨੇ ਸੰਭਾਲੀ ਹੈ।














*****

# ਸੁਪਰ ਸਟਾਰ ਏ ਪੰਜਾਬੀ ਫ਼ਿਲਮਾਂ ਦੀ, ਰਾਣੀ ਬੇਟੀ ਰਾਜ ਕਰ ਰਹੀ ਨੀਰੂ ਬਾਜਵਾ

ਸੁਰਿੰਦਰ ਕੌਰ ਬਾਜਵਾ ਦੇ ਘਰ ਜਦ ਕੈਨੇਡਾ ਜਿਹੇ ਮੁਲਕ ਵਿੱਚ ਜੰਮੀ ਬੇਟੀ ਤਦ ਪਿਤਾ ਜਸਵੰਤ ਸਿੰਘ ਦੇ ਦਿਲ ਨੇ ਕਿਹਾ ਸੀ ਕਿ ਰਾਣੀ ਬੇਟੀ ਰਾਜ ਕਰੇਗੀ। ਉਹ ਹੀ ਹੋਇਆ ਏ ਤੇ ਨੀਰੂ ਬਾਜਵਾ ਪੰਜਾਬੀ ਫ਼ਿਲਮਾਂ 'ਤੇ ਰਾਜ ਅੱਜ ਵੀ ਕਰ ਰਹੀ ਹੈ। ਗੁਰੂ ਰੰਧਾਵਾ, ਗਿੱਪੀ ਗਰੇਵਾਲ ਤੇ ਦਿਲਜੀਤ ਦੋਸਾਂਝ ਦੇ ਗੀਤ ਵੀ ਨੀਰੂ ਕਰ ਚੁੱਕੀ ਏ। ਕਹਿ ਰਹੀ ਸੀ ਕਿ ਚੋਟੀ ਦੀ ਮਾਡਲ ਵੀ ਹਾਂ, ਕੋਈ ਮਖੌਲ ਨਹੀਂ। ਤੇ ਗੱਲ ਰਾਣੀ ਬੇਟੀ ਰਾਜ ਕਰੇਗੀ ਤਾਂ ਪੰਜਾਬੀ ਫ਼ਿਲਮਾਂ ਵਿੱਚ "ਅਸਾਂ ਨੂੰ ਮਾਣ ਵਤਨਾਂ ਦਾ"ਤੋਂ "ਦਿਲ







ਨੀਰੂ ਨਾਲ ਗੱਲਾਂ ਕਰਨ ਦਾ ਮੌਕਾ ਜਿੰਨਾ ਕੁ ਮਿਲਿਆ ਆਪਾਂ ਲਾਭ ਉਠਾ ਲਿਆ। ਪੁੱਛਿਆ ਘਰ ਬਾਬਤ ਤਾਂ ਪਤਾ ਚਲਿਆ ਇੱਕ ਦੀਦੀ ਰੂਬੀਨਾ ਬਾਜਵਾ ਵੀ ਐਕਟ੍ਰੇਸ ਏ ਤੇ ਦੂਜੀ ਸਬਰੀਨਾ ਫੈਸ਼ਨ ਖੇਤਰ ਵਿੱਚ ਏ ਤੇ ਵੀਰ ਸੁਹੇਲ ਆਪਣਾ ਕੰਮ ਕਰਦਾ ਏ ਇਸ ਫਿਲਮੀ ਖੇਤਰ ਵਿੱਚ ਹੀ ਤੇ ਨੀਰੂ ਕਿਵੇਂ ਇਧਰ ਆਈ? ਜੀ ਹਾਂ ਦੇਵਾਨੰਦ ਹਰ ਨਵੀਂ ਕੁੜੀ ਨੂੰ ਪਰਦੇ ਤੇ ਲਿਆਉਣ ਦੇ ਮਾਹਿਰ ਸਨ ਤੇ "ਮੈਂ ਸੋਲਾਂ ਬਰਸ ਕੀ" ਫਿਲਮ ਨਾਲ ਓਹ ਫਿਲਮੀ ਦੁਨੀਆਂ ਦੀ ਸ਼ਾਨ ਬਣ ਗਈ, ਮਨ ਪਹਿਲਾਂ ਹੀ ਚਮਕ ਦੀ ਇਸ ਦੁਨੀਆਂ ਲਈ ਵਲਵਲੇ ਖਾਂਦਾ ਸੀ। ਆਓ ਨੀਰੂ ਤੋਂ ਓਸ ਦੇ ਟੀਵੀ ਸਫ਼ਰ ਬਾਬਤ ਜਾਣ ਲਈਏ ਤਾਂ "ਏਕ ਪ੍ਰੇਮ ਕਹਾਣੀ" "ਜੀਤ" "ਨਾਚ ਬੱਲੀਏ "ਤੇ ਦੂਰਦਰਸ਼ਨ ਦੇ "ਹਰੀ ਮਿਰਚ ਲਾਲ ਮਿਰਚੀ" ਵਿੱਚ ਓਸ ਨੇ ਕੀਤੇ। ਅੰਦਾਜਾ ਲਓ ਕਿ ਚੇਹਰੇ ਦੀ ਪਹਿਚਾਣ ਨੀਰੂ ਦੀ ਹੋ ਗਈ। ਜਨਾਬ ਨੀਰੂ ਨੇ ਅਮੋਲਕ ਅਟਵਾਲ ਦੇ ਗੀਤ ਲਈ ਕੰਮ ਕੀਤਾ ।ਕਮਲ ਹੀਰ ਦੇ "ਕੈਂਠੇ ਵਾਲਾ" ਦੀ ਮੁੱਖ ਮਾਡਲ ਨੀਰੂ ਸੀ। ਆਪਣਾ ਪੰਜਾਬੀ " "ਮੁੰਡੇ ਯੂ ਕੇ ਦੇ" ਹੀਰ ਰਾਂਝਾ, "ਮੇਲ ਕਰਾਦੇ ਰੱਬਾ"ਜੱਟ ਤੇ ਜੂਲੀਅਟ "ਤੋ ਕਈ ਫ਼ਿਲਮਾਂ ਕਰਦੀ ਨੀਰੂ "ਚੰਨੋ" "ਸ਼ਾਵਾ ਨੀ ਗਿਰਧਾਰੀ ਲਾਲ" "ਕਲੀ ਜੋਟਾ" ਸਫਲ ਦੇ ਕਿ ਰਾਜ ਕਰ ਰਹੀ ਹੈ। ਸਰਗੀ ਨੂੰ ਓਹ ਖੁਦ ਨਿਰਦੇਸ਼ਤ ਕਰ ਚੁੱਕੀ ਹੈ। ਨੀਰੂ ਬਾਜਵਾ ਰੰਗ ਦੀ ਪਿਆਰੀ, ਜਿਸਮ ਓਸ ਢੰਗ ਦਾ ਜਿਹੜਾ ਸਦਾ ਹੀ ਜਵਾਨ, ਇੱਕ ਇੱਕ ਨਕਸ਼ ਘੜਿਆ ਹੋਇਆ ਤੇ ਆਵਾਜ਼ ਅੰਦਾਜ਼ ਕਯਾ ਬਾਤ ਹੈ। ਸੁੱਖ ਭਰਿਆ ਵਿਆਹ ਜੀਵਨ ਨਿਭ ਰਿਹਾ ਏ 3 ਬੇਟੀਆਂ ਦੀ ਮਾਂ ਬਣ ਚੰਗੀ ਮਾਂ ਵੀ ਏ ਤੇ ਜਿਸਮ ਦੀ ਫਿੱਟਨੈਂਸ ਜਿਵੇਂ ਕਲ ਹੀ ਡੋਲੀ ਵਿਚੋਂ ਨਿਕਲੀ ਹੋਏ ਦੁਲਹਨ ਨੀਰੂ ਬਾਜਵਾ। ਤੇ ਅੰਤ ਵਿਚ ਰੱਬ ਦੀ ਪੂਰੀ ਬਖਸੀਸ ਨੀਰੂ ਤੇ ਹੈ, ਸਿਹਤ ਮਿਹਰਬਾਨ ਏ, ਪਰਿਵਾਰ ਵਧੀਆ ਤੇ ਕਿਸਮਤ ਬਹੁਤ ਹੀ ਚੰਗੀ ਕਿ ਅਜੇ ਵੀ ਸੋਲਵੇ ਸਾਵਨ ਦੀ ਪਹਿਲੀ ਝੜੀ ਲੱਗਦੀ ਨੀਰੂ ਬਾਜਵਾ ਕਰ ਰਹੀ ਏ ਅਭਿਨੈ ਦੀ ਪਿਆਰੀ ਵਰਖਾ।

# 'ਟੱਪੇ'

'ਛੰਨਾ' ਭਰਿਆ ਏ ਚੂਰੀ ਦਾ,
ਖਾ ਲੈ ਮਾਹੀਆ ਸ਼ੌਕ ਨਾਲ ਵੇ
ਘਿਉ ਵਿੱਚ ਮੱਝ ਬੂਰੀ ਦਾ।

ਲਿਆਦਾਂ ਛੰਨੇ ਵਿਚ ਦੁੱਧ ਭਰਕੇ,
ਲੱਥ ਜਾਉ ਥਕੇਵਾਂ ਹਾਣੀਆਂ,
ਪੀ ਲੈ ਗੱਟ-ਗੱਟ ਕਰਕੇ।

ਛੰਨਾ ਭਰਿਆ ਮਲਾਈ ਦਾ
ਮਾਹੀ ਮੇਰਾ ਖਿਆਲ ਰੱਖਦਾ,
ਮੈਂ ਰੱਖਦੀ ਹਾਂ ਮਾਹੀ ਦਾ।

ਛੰਨਾ ਭਰਿਆ ਪਾਣੀ ਦਾ
ਮਾਹੀ ਮੇਰਾ ਰੱਬ ਵਰਗਾ,
ਸਾਥੀ ਬਣਿਆ ਨਿਮਾਣੀ ਦਾ।

ਛੰਨਾ ਚਮਕਾਇਆ ਮਾਂਜ ਮਾਂਜਕੇ
ਲਿਆਦਾਂ ਵੱਡਿਆਂ ਵਡੇਰਿਆਂ ਦਾ
ਜਿਹੜਾ ਰੱਖਿਆ ਏ ਸਾਂਭ ਸਾਂਭਕੇ।

# 'ਕੁਝ ਵੀ ਕਹੇ ਸੰਵਿਧਾਨ'

ਵੋਟਾਂ ਦੇ ਲਾਲਚ ਲਈ ਵੱਡਾ ਅਹੁਦਾ ਜ਼ਰੂਰ ਦਿੱਤਾ,
ਪਰ ਇਹ ਸਮਝਦੇ ਨਹੀਂ ਉਹਨੂੰ ਇਨਸਾਨ ਭਾਈ।
ਪਹਿਲਾਂ ਨਵੀਂ ਪਾਰਲੀਮੈਂਟ ਦੇ ਮਹੂਰਤ ਸਮੇਂ ਸੱਦਿਆ ਨਾ,
ਹੁਣ ਇਕ ਮੰਦਰ ਵਿੱਚ ਨਾ ਦਿੱਤਾ ਜਾਣ ਭਾਈ।
ਇਹਨਾਂ ਜ਼ਾਤ ਅਭਿਮਾਨੀਆਂ ਤੇ ਨਾ ਅਸਰ ਕੋਈ,
ਚਾਹੇ ਸਾਡਾ ਕੁਝ ਵੀ ਕਹੇ 'ਸੰਵਿਧਾਨ' ਭਾਈ।
'ਰਾਸ਼ਟਰਪਤੀ' ਜੀ ਜਾ ਤਾਂ ਪਾਵਰ ਦੀ ਕਰੇ ਵਰਤੋਂ,
ਨਹੀਂ ਅਪਮਾਨ ਕਰਵਾਉਣ ਨਾਲ਼ੋਂ ਅਸਤੀਫ਼ਾ ਦੇ ਜਾਣ ਭਾਈ।



**ਮੇਜਰ ਸਿੰਘ 'ਬੁਢਲਾਡਾ'**
94176 42327

# ਤਰਕਸ਼ੀਲ ਸੋਸਾਇਟੀ (ਰਜਿ.) ਪੰਜਾਬ ਵਲੋਂ ਉੱਘੇ ਲੇਖਕ ਜਸਵੀਰ ਮੋਂਰੋਂ ਦਾ ਸਨਮਾਨ

**ਜਲੰਧਰ, ਨਵਾਂਸ਼ਹਿਰ, ਫਿਲੌਰ, ਬੰਗਾ, ਅੱਪਰਾ (ਜੱਸੀ)** – ਪੰਜਾਬ ਦੇ ਉੱਘੇ ਲੇਖਕ ਜਸਵੀਰ ਮੋਂਰੋਂ (ਨੇੜੇ ਅੱਪਰਾ) ਦਾ ਅੱਜ ਤਰਕਸ਼ੀਲ ਸੋਸਾਇਟੀ (ਰਜ਼ਿ.) ਪੰਜਾਬ ਵਲੋਂ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਗੌਰਕਰਨ ਯੋਗ ਹੈ ਕਿ ਲੇਖਕ ਜਸਵੀਰ ਮੋਂਰੋਂ ਆਪਣੇ ਤਰਕ ਤੇ ਅਰਥ ਭਰੀ ਲੇਖਣੀ ਲਈ ਜਾਣੇ ਜਾਂਦੇ ਹਨ। ਉਨਾਂ ਦੇ ਲੇਖ, ਕਵਿਤਾਵਾਂ ਤੇ ਨਿਬੰਧ ਵਿਅਕਤੀ ਨੂੰ ਸਮਾਜਿਕ ਬੁਰਾਈਆਂ ਦੇ ਖਿਲਾਫ਼ ਲੜਨ ਲਈ ਲਾਮਬੰਦ ਕਰਨ ਦੇ ਨਾਲ ਨਾਲ ਵਹਿਮਾਂ ਭਰਮਾਂ ਤੋਂ ਦੂਰ ਰਹਿਣ ਦਾ ਵੀ ਸੁਨੇਹਾ ਦਿੰਦੇ ਹਨ। ਅੱਪਰਾ ਦੇ ਨਜ਼ਦੀਕ ਪਿੰਡ ਮੋਂਰੋਂ ਦੇ ਵਸਨੀਕ ਜਸਵੀਰ ਮੋਂਰੋਂ ਜਲ ਤੇ ਸੈਨੀਟੇਸ਼ਨ ਵਿਭਾਗ 'ਚ ਸੇਵਾ ਨਿਭਾਉਣ ਦੇ ਨਾਲ ਨਾਲ ਸਮਾਜ ਲਈ ਵੀ ਹਮੇਸ਼ਾ ਚਿੰਤਤ ਰਹਿੰਦੇ ਹਨ। ਅੱਜ ਤਰਕਸ਼ੀਲ ਸੋਸਾਇਟੀ (ਰਜ਼ਿ.) ਪੰਜਾਬ ਦੇ ਸਮੂਹ ਅਹੁਦੇਦਾਰਾਂ ਵਲੋਂ ਉਨਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬੋਲਦਿਆਂ ਲੇਖਕ ਜਸਵੀਰ ਮੋਂਰੋਂ ਨੇ ਕਿਹਾ ਕਿ ਇਸ ਸਨਮਾਨ ਨੇ ਉਸਦੀ ਸਮਾਜ ਦੇ ਪ੍ਰਤੀ ਜਿੰਮੇਵਾਰੀ ਨੂੰ ਹੋਰ ਵਧਾ ਦਿੱਤਾ ਹੈ ਤਾਂ ਕਿ ਉਸਾਰੂ ਸਮਾਜ ਲਈ ਹੋਰ ਲੇਖ ਲਿਖ ਕੇ ਸਮਾਜ ਨੂੰ ਸੇਧ ਦਿੱਤੀ ਜਾ ਸਕੇ ਤੇ ਸਮਾਜਿਕ ਬੁਰਾਈਆਂ ਤੋਂ ਬਚਾਇਆ ਜਾ ਸਕੇ।



# ਪਿੰਡ ਛੋਕਰਾਂ ਦੇ ਬਿਜਲੀ ਵਿਭਾਗ ਦੇ ਕਰਮਚਾਰੀ ਦੀ ਕਰੰਟ ਲੱਗਣ ਕਾਰਣ ਮੌਤ

**ਜਲੰਧਰ, ਫਿਲੌਰ, ਅੱਪਰਾ (ਜੱਸੀ)**– ਕਸਬਾ ਅੱਪਰਾ ਦੇ ਨੇੜਲੇ ਪਿੰਡ ਛੋਕਰਾਂ ਦੇ ਬਿਜਲੀ ਵਿਭਾਗ 'ਚ ਡਿਊਟੀ ਨਿਭਾ ਰਹੇ ਇੱਕ ਕਰਮਚਾਰੀ ਦੀ ਬੀਤੇ ਦਿਨ ਕਰੰਟ ਲੱਗਣ ਕਾਰਣ ਮੌਤ ਹੋ ਜਾਣ ਦਾ ਦੁਖਦਾਈ ਸਮਾਚਾਰ ਪ੍ਰਾਪਤ ਹੋਇਆ ਹੈ। ਪ੍ਰਾਪਤ ਵੇਰਵਿਆਂ ਅਨੁਸਾਰ ਪਿੰਡ ਛੋਕਰਾਂ ਦਾ ਵਸਨੀਕ ਬਿਜਲੀ ਕਰਮਚਾਰੀ ਭੁਪਿੰਦਰ ਸਿੰਘ ਭਿੰਦਾ ਪਾਵਰਕਾਮ ਉੱਪ ਮੰਡਲ ਬੰ-ਸੀਆਂ ਢੱਕ ਵਿਖੇ ਡਿਊਟੀ ਨਿਭਾ ਰਿਹਾ ਸੀ। ਬੀਤੇ ਦਿਨ ਉਹ ਆਪਣੇ ਸਾਥੀਆਂ ਨਾਲ ਬਿਜਲੀ ਦੀਆਂ ਲਾਈਨਾਂ ਦੀ ਮੁਰੰਮਤ ਕਰ ਰਿਹਾ ਸੀ, ਕਿ ਅਚਾਨਕ ਕਰੰਟ ਲੱਗਣ ਕਾਰਣ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ। ਭੁਪਿੰਦਰ ਸਿੰਘ ਇੱਕ ਮਿਲਾਪੜੇ ਤੇ ਹਸਮੁੱਖ ਸੁਭਾਅ ਦਾ ਵਿਅਕਤੀ ਸੀ ਤੇ ਹਰ ਵਿਅਕਤੀ ਦਾ ਕੰਮ ਹੱਸ ਕੇ ਕਰਦਾ ਸੀ। ਉਸਦੀ ਮੌਤ ਹੋ ਜਾਣ ਕਾਰਣ ਇਲਾਕੇ 'ਚ ਸੋਗ ਦੀ ਲਹਿਰ ਫੈਲ ਗਈ ਹੈ।



## ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਪਾਵਨ ਸ਼ਹੀਦੀ ਪੁਰਬ 'ਤੇ

# 'ਸੂਰਾ ਸੋ ਪਹਿਚਾਨੀਐ, ਜੁ ਲਰੈ ਦੀਨ ਕੇ ਹੇਤੁ'



ਪ੍ਰੋ: ਐਚ.ਐਲ.ਕਪੂਰ

ਪੰਜਾਬ ਦਾ ਸਿੱਖ ਇਤਿਹਾਸ ਇਕ ਜੁਝਾਰੂ ਇਤਿਹਾਸ ਹੈ। ਇਹ ਜੰਗਾਂ-ਯੁੱਧਾਂ, ਕੁਰਬਾਨੀਆਂ, ਘੱਲੂਘਾਰਿਆਂ ਤੇ ਸ਼ਹੀਦੀਆਂ ਨਾਲ ਭਰਿਆ ਪਿਆ ਹੈ। ਮੁਗਲ ਰਾਜ ਦੇ ਜ਼ੁਲਮਾਂ ਤੇ ਤਸ਼ੱਦਦ ਦੇ ਖਿਲਾਫ ਸਿੱਖ ਜਗਤ ਨੇ ਇਸ ਨੂੰ ਖਤਮ ਕਰਨ ਲਈ ਸਿਰਤੋੜ ਯਤਨ ਤੇ ਬੜਾ ਲੰਮਾ ਸੰਘਰਸ਼ ਕੀਤਾ। ਇਸ ਸੰਘਰਸ਼ ਦੀ ਸ਼ੁਰੂਆਤ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ ਤੇ ਇਹ ਸੰਘਰਸ਼ ਬਾਬਾ ਬੰਦਾ ਸਿੰਘ ਜੀ ਬਹਾਦਰ ਦੇ ਸਮੇਂ ਤੱਕ ਪਹੁੰਚਦਿਆਂ ਆਪਣੀ ਚਰਮ ਸੀਮਾ 'ਤੇ ਪਹੁੰਚ ਗਿਆ। ਬਾਬਾ ਬੰਦਾ ਸਿੰਘ ਬਹਾਦਰ ਆਪਣੇ ਸਮੇਂ ਦਾ ਇਕ ਬਹੁਤ ਹੀ ਮਹਾਨ ਯੋਧਾ ਸੀ। ਉਨ੍ਹਾਂ ਦੀ ਬਹਾਦਰੀ ਨੂੰ ਦੇਖਦਿਆਂ ਪ੍ਰਸਿੱਧ ਇਤਿਹਾਸਕਾਰ ਮੈਕਲੋਗਰ ਲਿਖਦਾ ਹੈ ਕਿ "ਬਾਬਾ ਬੰਦਾ ਸਿੰਘ ਬਹਾਦਰ ਤਾਂ ਜਰਨੈਲਾਂ 'ਚ ਬੜੀ ਉਚੀ ਥਾਂ ਰੱਖਦਾ ਹੈ। ਉਹਨਾਂ ਦਾ ਨਾਂ ਹੀ ਪੰਜਾਬ ਤੇ ਪੰਜਾਬ ਤੋਂ ਬਾਹਰ ਮੁਗਲਾਂ 'ਚ ਦਹਿਸ਼ਤ ਫੈਲਾਉਣ ਲਈ ਕਾਫੀ ਸੀ।'' ਇਤਿਹਾਸ ਦੇ ਇਸ ਬੜੇ ਨਾਜ਼ੁਕ ਸਮੇਂ'ਚ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਸਿੱਖਾਂ ਨੂੰ ਦੁਬਾਰਾ ਲਾਮਬੰਦ ਕਰਕੇ ਇਕ ਮਜ਼ਬੂਤ ਜਥੇਬੰਦੀ ਬਣਾਈ ਤੇ ਉਨ੍ਹਾਂ ਤੇ ਬਹਾਦਰੀ ਦੀ ਅਜਿਹੀ ਪਾਣ ਚੜ੍ਹਾਈ ਤੇ ਸੰਸਾਰ ਨੂੰ ਦਿਖਾ ਦਿੱਤਾ ਕਿ ਕਿਵੇਂ ਲੜਾਈ ਲੜੀ ਦੀ ਹੈ ਤੇ ਕਿਵੇਂ ਜਿੱਤ ਪ੍ਰਾਪਤ ਕਰੀਦੀ ਹੈ। ਇਕ ਬਹੁਤ ਹੀ ਪ੍ਰਸਿੱਧ ਇਤਿਹਾਸਕਾਰ ਡਾ: ਗੋਕਲ ਚੰਦ ਨਾਰੰਗ ਲਿਖਦਾ ਹੈ ਕਿ ਇਹ ਗੱਲ ਵੱਖਰੀ ਹੈ ਕਿ ਕਹਾਣੀ ਦਾ ਪਲਾਟ ਗੁਰੂ ਗੋਬਿੰਦ ਸਿੰਘ ਜੀ ਨੇ ਬਣਾਇਆ, ਅਦਾਕਾਰ ਵੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਬੜੀ ਸਿਆਣਪਤ ਨਾਲ ਤਿਆਰ ਕੀਤੇ, ਪਰ ਇਹ ਬੰਦਾ ਬਹਾਦਰ ਹੀ ਸੀ, ਜਿਸ ਨੇ ਅਦਾਕਾਰਾਂ ਨੂੰ ਲੋਕਾਂ ਸਾਹਮਣੇ ਲਿਆਂਦਾ ਅਤੇ ਬੜੀ ਚੰਗੀ ਤਰ੍ਹਾਂ ਖਿਡਾਇਆ।''

ਬਾਬਾ ਬੰਦਾ ਸਿੰਘ ਜੀ ਬਹਾਦਰ ਨੂੰ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਪੰਜਾਬ ਦੇ ਇਤਿਹਾਸ ਦੇ ਸਭ ਤੋਂ ਮਹਾਨ ਵਿਅਕਤਿਤਵ ਦੇ ਮਾਲਕ ਮੰਨਿਆ ਜਾਂਦਾ ਹੈ। ਉਹਨਾਂ ਨੇ ਆਪਣੇ ਜੀਵਨ ਦੇ (1670-1716) ਦੇ ਪਿਛਲੇ ਸੱਤ ਸਾਲਾਂ 1709-1715 ਦੇ ਸਮੇਂ ਦੇ ਦੌਰਾਨ ਉੱਤਰੀ ਭਾਰਤ, ਖਾਸ ਤੌਰ ਤੇ ਪੰਜਾਬ ਦੀ ਇਤਿਹਾਸਕ ਸ਼ਕਲ ਹੀ ਬਦਲ ਕੇ ਰੱਖ ਦਿੱਤੀ। ਇਹਨਾਂ ਦੀ ਕਮਾਨ ਹੇਠ ਸਿੱਖਾਂ ਨੇ ਅਠਾਰਵੀਂ ਸਦੀ ਦੇ ਪਹਿਲੇ ਦਹਾਕੇ 'ਚ ਮੁਗਲਾਂ ਨੂੰ ਪਹਿਲੀ ਵਾਰ ਸਿੱਖ ਸ਼ਕਤੀ ਦਾ ਅਹਿਸਾਸ ਕਰਵਾ-ਇਆ ਤੇ ਉਹਨਾਂ ਦੇ ਸਾਨੂੰ ਕੋਈ ਜਿੱਤ ਨਹੀਂ ਸਕਦਾ, ਦੇ ਘੁਮੰਡ ਨੂੰ ਤੋੜ ਕੇ ਰੱਖ ਦਿੱਤਾ। ਉਹ ਪੰਜਾਬ ਦੇ ਇਤਿਹਾਸਕ ਰੰਗਮੰਚ ਤੇ ਅਚਾਨਕ ਇਕ ਮਹਾਨ ਯੋਧੇ ਦੇ ਰੂਪ 'ਚ ਆਉਂਦੇ ਹਨ ਤੇ ਸਭ ਨੂੰ ਹੈਰਾਨ ਕਰ ਦਿੰਦੇ ਹਨ। ਇਸ ਲਈ ਹੀ ਤਾਂ ਪ੍ਰਸਿੱਧ ਇਤਿਹਾਸਕਾਰ ਡਾ: ਹਰੀ ਰਾਮ ਗੁਪਤਾ ਲਿਖਦੇ ਹਨ ਕਿ ਬੰਦਾ ਬਹਾਦਰ, ਸਿਕੰਦਰ, ਨਪੋਲੀਅਨ, ਨਾਦਰਸ਼ਾਹ ਤੇ ਅਹਿਮਦ ਸ਼ਾਹ ਅਬਦਾਲੀ ਤੋਂ ਘੱਟ ਸ਼ਕਤੀਸ਼ਾਲੀ ਯੋਧਾ ਨਹੀਂ ਸੀ। ਉਸ ਨੇ ਆਪਣੀ ਚੜ੍ਹਤ ਦੌਰਾਨ ਤਿੰਨ ਬਾਦਸ਼ਾਹਾਂ- ਬਹਾਦਰ ਸ਼ਾਹ, ਜਹਾਂਦਾਰ ਸ਼ਾਹ ਅਤੇ ਫਾਰੁਖਸ਼ੀਅਰ ਨੂੰ ਵਖਤ ਪਾਈ ਰੱਖਿਆ। ਵੈਸੇ ਵੀ ਬੰਦਾ ਬਹਾਦਰ ਦੇ ਜੰਗੀ ਕਾਰਨਾਮਿਆਂ 'ਤੇ ਨਜ਼ਰ ਮਾ-ਰਿਆਂ ਇਹ ਤੱਥ ਸਾਡੇ ਸਾਹਮਣੇ ਆਉਂਦਾ ਹੈ ਕਿ ਉਹ ਪੰਜਾਬ ਦੇ ਇਤਿਹਾਸ ਦਾ ਇਕ ਲਾਸਾਨੀ ਨਾਇਕ ਅਤੇ ਬਹੁਤ ਹੀ ਬਹਾਦਰ, ਨਿੱਡਰ ਤੇ ਦਲੇਰ ਸੈਨਾਪਤੀ ਸੀ। ਉਸ ਨੇ ਮਹਿਮੂਦ ਗਜ਼ਨਵੀ, ਤੈਮੂਰ ਲੰਗ ਤੇ ਬਾਬਰ ਦੇ ਖਾਨਦਾਨਾਂ 'ਚੋਂ ਅਖਵਾਉਣ ਵਾਲਿਆਂ ਦੀ ਅਣਖ ਤੇ ਆਨ-ਸ਼ਾਨ ਨੂੰ ਮਿੱਟੀ 'ਚ ਰੋਲ ਕੇ ਰੱਖ ਦਿੱਤਾ।

ਬਾਬਾ ਬੰਦਾ ਸਿੰਘ ਬਹਾਦਰ ਦਾ ਜਨਮ ਜੰਮੂ ਕਸ਼ਮੀਰ ਦੀ ਇਕ ਪਹਾੜੀ ਨਦੀ ਦੇ ਕਿਨਾਰੇ ਤੇ ਵੱਸੇ ਛੋਟੇ ਜਿਹੇ ਪਿੰਡ ਰਾਜੌਰੀ ਜ਼ਿਲ੍ਹਾ ਪੁਣਛ ਵਿਖੇ ਇਕ ਸਧਾਰਨ ਕਿਸਾਨ ਪਿਤਾ ਰਾਮਦੇਵ ਰਾਜਪੂਤ ਦੇ ਘਰ ਕੱਤਕ ਸੁਦੀ 13 ਸੰਮਤ 1727 ਬਿਕਰਮੀ ਮੁਤਾਬਕ 16 ਅਕਤੂਬਰ 1670 ਈਸਵੀ ਨੂੰ ਹੋਇਆ। ਉਹਨਾਂ ਦਾ ਬਚਪਨ ਦਾ ਨਾਂ ਲਛਮਣ ਦਾਸ ਸੀ। ਉਹ ਛੋਟੀ ਉਮਰੇ ਹੀ ਇਕ ਅੱਛਾ ਘੋੜ-ਸਵਾਰ, ਪੱਕਾ ਨਿਸ਼ਾਨੇਬਾਜ਼ ਤੇ ਇਕ ਚੰਗਾ ਸ਼ਿਕਾਰੀ ਬਣ ਗਿਆ ਸੀ। ਉਹਨਾਂ ਦੇ ਜਨਮ ਉਸ ਦੌਰ 'ਚ ਹੋਇਆ ਜਦੋਂ ਮੁਸਲਮਾਨ ਸ਼ਾਸਕ ਤੇ ਉਹਨਾਂ ਦੀ ਸ਼ਾਹੀ ਫੌਜ ਹਿੰਦੂਆਂ ਦੀ ਲੁੱਟਮਾਰ ਕਰ ਰਹੀ ਸੀ ਤੇ ਉਹਨਾਂ ਨੂੰ ਜਬਰਦਸਤੀ ਮੁਸਲਮਾਨ ਬਣਾ ਰਹੀ ਸੀ।

ਲਛਮਣ ਦਾਸ 15 ਕੁ ਸਾਲਾਂ ਦੀ ਉਮਰ 'ਚ ਹੀ ਆਪਣਾ ਘਰ-ਬਾਰ ਤਿਆਗ ਕੇ ਬੈਰਾਗੀ ਸਾਧੂ ਬਣ ਗਿਆ ਸੀ ਅਤੇ ਉਸ ਦੇ ਗੁਰੂ ਨੇ ਉਸਦਾ ਨਾਂ ਬਦਲ ਕੇ ਮਾਧੋ ਦਾਸ ਰੱਖ ਦਿੱਤਾ। ਉਸ ਨੇ ਭਾਰਤ ਦੇ ਵੱਖ-ਵੱਖ ਥਾਂਵਾਂ ਦੀ ਯਾਤਰਾ ਕੀਤੀ ਤੇ ਆਖਰ ਗੁਦਾਵਰੀ ਨਦੀ ਦੇ ਕਿਨਾਰੇ, ਇਕ ਇਕਾਂਤ ਸਥਾਨ 'ਤੇ ਨਾਂਦੇੜ ਵਿਖੇ ਆਪਣਾ ਪੱਕਾ ਟਿਕਾਣਾ ਬਣਾ ਲਿਆ।

ਅਸੀਂ ਜਦੋਂ ਸਿੱਖ ਧਰਮ ਦੀਆਂ ਰਵਾਇਤਾਂ ਤੇ ਪਰੰ-ਪਰਾਵਾਂ ਦੀ ਗੱਲ ਕਰਦੇ ਹਾਂ ਤਾਂ ਇਸ ਦਾ ਇਤਿਹਾਸ ਕੁਰਬਾ-ਨੀਆਂ ਤੇ ਸ਼ਹਾਦਤਾਂ ਨਾਲ ਭਰਿਆ ਹੋਇਆ, ਸਾਡੀਆਂ ਅੱਖਾਂ ਸਾਹਮਣੇ ਆਉਂਦਾ ਹੈ। ਇਹ ਇਤਿਹਾਸ ਦੀ ਬੜੀ ਇਕ ਲੰਬੀ ਗਾਥਾ ਹੈ। ਸਿੱਖ ਗੁਰੂਆਂ ਦੇ ਬਚਨਾਂ 'ਤੇ ਪਹਿਰਾ ਦੇਣ ਵਾਲੇ ਸਿੱਖਾਂ 'ਚ ਬਾਬਾ ਬੰਦਾ ਸਿੰਘ ਬਹਾਦਰ ਦਾ ਨਾਂ ਸਿਰਮੌਰ ਰੂਪ 'ਚ, ਸਾਡੇ ਸਾਹਮਣੇ ਆਉਂਦਾ ਹੈ। ਉਹ ਗੁਰਬਾਣੀ 'ਚ ਕਬੀਰ ਸਾਹਿਬ ਦੇ ਪਵਿੱਤਰ ਮਹਾਂਵਾਕ 'ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤੁ। ਪੁਰਜਾ ਪੁਰਜਾ ਕਟਿ ਮਰੈ ਕਬਹੂ ਨਾ ਛਾਡੈ ਖੇਤੁ।।' ਵਿਚਲੀ ਯੋਧੇ ਦੀ ਪਰਿਭਾਸ਼ਾ 'ਤੇ ਖਰੇ ਉਤਰੇ। ਜਾਲਮਾਂ ਨੇ ਉਹਨਾਂ ਦਾ ਬੰਦ-ਬੰਦ ਕੱਟ ਕੇ ਤੇ ਉਹਨਾਂ ਨੂੰ ਕੋਹ-ਕੋਹ ਕੇ ਸ਼ਹੀਦ ਕੀਤਾ। ਇਸੇ ਲਈ ਹੀ ਸਿੱਖ ਇਤਿਹਾਸ 'ਚ ਬਾਬਾ ਬੰਦਾ ਸਿੰਘ ਜੀ ਬਹਾਦਰ ਦਾ ਨਾਂ ਇਕ ਮਹਾਨ ਯੋਧੇ ਅਤੇ ਜਰਨੈਲ ਦੇ ਰੂਪ 'ਚ ਜਾਣਿਆ ਜਾਂਦਾ ਹੈ। ਉਹਨਾਂ ਦੇ ਆਉਣ ਨਾਲ ਹੀ ਪੰਜਾਬ ਦੇ ਲੋਕਾਂ ਨੂੰ ਸੁੱਖ ਅਤੇ ਸ਼ਾਂਤੀ ਦਾ ਜੀਵਨ ਪ੍ਰਾਪਤ ਹੋਇਆ। ਉਹਨਾਂ ਦੇ ਸਿੰਘ ਸਜਣ ਤੋਂ ਪਹਿਲਾਂ ਦਾ ਜੀਵਨ ਸਾਡੇ ਸਾਹਮਣੇ ਇਕ ਵੈਰਾਗੀ ਸਾਧੂ ਦੇ ਰੂਪ 'ਚ ਆਉਂਦਾ ਹੈ। ਉਹਨਾਂ ਦਾ ਆਰੰਭਕ ਜੀਵਨ ਇਕ ਆਮ ਸਧਾਰਨ ਵਿਅਕਤੀ ਵਰਗਾ ਹੀ ਸੀ ਪਰ ਉਹ ਸਿੰਘ ਸਜਣ ਬਾਅਦ ਆਪਣੀ ਜ਼ਿੰਦਗੀ ਦੀ ਹਰ ਕਸੌਟੀ ਤੇ ਖਰੇ ਉਤਰੇ। ਉਹਨਾਂ ਦੀ ਪਹਿਲੀ ਮੁਲਾਕਾਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਮਿਤੀ 3 ਸਤੰਬਰ 1708 ਨੂੰ ਨੰਦੇੜ ਵਿਖੇ ਹੋਈ। ਇਸ ਤੋਂ ਬਾਅਦ ਉਹ ਅੰਮ੍ਰਿਤ ਛੱਕ ਕੇ ਮਾਧੋ ਦਾਸ ਤੋਂ ਬਾਬਾ ਬੰਦਾ ਸਿੰਘ ਬਹਾਦਰ ਬਣ ਗਏ। ਅੰਮ੍ਰਿਤ ਛਕਣ ਬਾਅਦ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਪੱਕੇ ਸਿੱਖ ਬਣ ਗਏ। ਗੁਰੂ ਸਾਹਿਬ ਜੀ ਤੋਂ ਉਨ੍ਹਾਂ ਨੇ ਮੁਗਲ ਹਕੂਮਤ ਦੇ ਜ਼ੁਲਮਾਂ ਦੀ ਸਾਰੀ ਕਹਾਣੀ ਸੁਣੀ ਕਿ ਕਿਵੇਂ ਜਹਾਂਗੀਰ ਦੇ ਹੁਕਮਾਂ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ ਗਿਆ ਤੇ ਇਵੇਂ ਹੀ ਔਰੰਗਜ਼ੇਬ ਦੇ ਹੁਕਮਾਂ ਨਾਲ ਨੌਵੇਂ ਗੁਰੂ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿਖੇ ਸ਼ਹੀਦ ਕੀਤਾ ਗਿਆ। ਸਾਹਿਬਜ਼ਾਦਿਆਂ ਨੂੰ ਕਿਵੇਂ ਤਸੀਹੇ ਦੇ ਕੇ ਕੋਹ-ਕੋਹ ਕੇ ਸ਼ਹੀਦ ਕੀਤਾ ਗਿਆ। ਇਹ ਸਾਰੀ ਦਾਸਤਾਨ ਸੁਣ ਕੇ, ਬਾਬਾ ਬੰਦਾ ਸਿੰਘ ਜੀ ਦੇ ਲੂੰ-ਕੰਡੇ ਖੜ੍ਹੇ ਹੋ ਗਏ ਤੇ ਉਹ ਤੁਰੰਤ ਇਸ ਦਾ ਬਦਲਾ ਲੈਣ ਲਈ ਤਿਆਰ ਹੋ ਗਏ ਤੇ ਉਨ੍ਹਾਂ ਨੇ ਗੁਰੂ ਸਾਹਿਬ ਤੋਂ ਇਸ ਦੀ ਆਗਿਆ ਮੰਗੀ ਕਿ ਉਹਨਾਂ ਨੂੰ ਪੰਜਾਬ ਜਾਣ ਦੀ ਆਗਿਆ ਦਿੱਤੀ ਜਾਵੇ ਤਾਂ ਜੋ ਉਹ ਜ਼ਾਲਮ ਹਕੂਮਤ ਦੇ ਰਾਜ-ਪਾਠ ਨੂੰ ਢਹਿ-ਢੇਰੀ ਕਰ ਸਕਣ ਤੇ ਪੰਥ ਦੇ ਦੁਸ਼ਮਣਾਂ ਨੂੰ ਉਹਨਾਂ ਦੇ ਕੁਕਰਮਾਂ ਦੀ ਢੁਕਵੀਂ ਸਜ਼ਾ ਦੇ ਸਕਣ।





ਬਾਬਾ ਬੰਦਾ ਸਿੰਘ ਬਹਾਦਰ ਦੀ ਬੇਨਤੀ ਮੰਨਦਿਆਂ, ਪੰਜਾਬ ਨੂੰ ਭੇਜਣ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਾਸ ਬੁਲਾਇਆ, ਫਤਿਹ ਲਈ ਸ਼ੁਭ ਕਾਮਨਾਵਾਂ ਦਿੱਤੀਆਂ ਤੇ ਬਹਾਦਰੀ ਦਾ ਥਾਪੜਾ ਵੀ ਦਿੱਤਾ। ਇਸ ਦੇ ਨਾਲ ਹੀ ਪੰਜ ਤੀਰ ਆਪਣੇ ਭੱਥੇ 'ਚੋਂ ਬਖ਼ਸ਼ੇ ਤੇ ਬੰਦੇ ਬਹਾਦਰ ਦੀ ਸਹਾਇਤਾ ਲਈ ਭਾਈ ਬਿਨੋਦ ਸਿੰਘ, ਭਾਈ ਕਾਹਨ ਸਿੰਘ, ਭਾਈ ਬਾਜ ਸਿੰਘ, ਭਾਈ ਦਇਆ ਸਿੰਘ ਤੇ ਭਾਈ ਰਣ ਸਿੰਘ ਪੰਜ ਪਿਆਰੇ ਥਾਪੇ ਅਤੇ ਵੀਹ ਕੁ ਹੋਰ ਸੂਰਬੀਰ ਸਿੰਘ ਨਾਲ ਤੋਰ ਦਿੱਤੇ। ਪੰਜਾਬ ਆ ਕੇ ਬਾਬਾ ਬੰਦਾ ਸਿੰਘ ਬਹਾਦਰ ਨੇ ਸਿੱਖਾਂ ਨੂੰ ਜਥੇਬੰਦ ਕਰਕੇ ਮੁਗਲ ਹਕੂਮਤ ਵਿਰੁੱਧ ਸੰਘਰਸ਼ ਦਾ ਬਿਗਲ ਵਜਾ ਦਿੱਤਾ। ਜਦੋਂ ਬਾਬਾ ਬੰਦਾ ਸਿੰਘ ਬਹਾਦਰ ਖਾਲਸੇ ਦੀ ਜਥੇਬੰਦਕ ਸ਼ਕਤੀ ਨੂੰ ਨਾਲ ਲੈ ਕੇ ਅੱਗੇ ਵਧਿਆ ਤਾਂ ਮੁਗਲ ਹਕੂਮਤ ਦੇ ਕਹਿੰਦੇ-ਕਹਾਉਂਦੇ ਥੰਮ੍ਹ ਹਿੱਲ ਗਏ।

ਲੜਾਈ ਦੇ ਮੈਦਾਨ 'ਚ ਮੁਗਲ ਫੌਜਾਂ ਨੂੰ ਭਾਰੀ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ। ਅੱਤਿਆਚਾਰ ਤੇ ਜ਼ੁਲਮ ਨੂੰ ਨੇਸਤੋਨਬੂਤ ਕਰਨ ਲਈ, ਬਾਬਾ ਬੰਦਾ ਸਿੰਘ ਬਹਾਦਰ ਦੀ ਯੋਗ ਅਗਵਾਈ 'ਚ ਸਿੰਘਾਂ ਨੇ ਅਜਿਹੀ ਸੰਗਠਿਤ ਸ਼ਕਤੀ ਦਿਖਾਈ, ਜਿਸ ਦੀ ਮਿਸਾਲ ਇਤਿਹਾਸ 'ਚ ਕਿਤੇ ਮਿਲਣੀ ਮੁਸ਼ਕਿਲ ਹੈ। ਬਾਬਾ ਬੰਦਾ ਸਿੰਘ ਬਹਾਦਰ ਜੀ ਜਿੱਥੇ ਵੀ ਹਮਲਾ ਕਰਦੇ ਵੈਰੀਆਂ ਦੇ ਛੱਕੇ ਛੁਡਾ ਦਿੰਦੇ ਤੇ ਜਿੱਤ ਪ੍ਰਾਪਤ ਕਰਦੇ। ਬਾਬਾ ਬੰਦਾ ਸਿੰਘ ਬਹਾਦਰ ਅਤੇ ਉਹਨਾਂ ਦੀ ਖ਼ਾਲਸਾਈ ਫੌਜਾਂ ਨੇ ਸਰਹਿੰਦ ਸ਼ਹਿਰ, ਜਿੱਥੇ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਸ਼ਹੀਦ ਹੋਏ ਸਨ, ਇੱਟ ਨਾਲ ਇੱਟ ਖੜਕਾ ਕੇ ਫਤਿਹ ਪ੍ਰਾਪਤ ਕੀਤੀ।

ਸਿੱਖ ਇਤਿਹਾਸ 'ਚ ਪਹਿਲੀ ਵਾਰ ਸਿੱਖ ਰਾਜ ਦਾ ਕੇਸਰੀ ਨਿਸ਼ਾਨ ਸਾਹਿਬ ਲਹਿਰਾ ਕੇ, ਖਾਲਸਾ ਰਾਜ ਕਾਇਮ ਕੀਤਾ। ਬਾਬਾ ਬੰਦਾ ਸਿੰਘ ਬਹਾਦਰ ਨੇ ਪਹਿਲਾਂ ਸਰਹਿੰਦ ਨੂੰ ਰਾਜਧਾਨੀ ਬਣਾਉਣ ਦੀ ਵਿਚਾਰ ਕੀਤੀ ਪਰ ਇਹ ਸ਼ਾਹਰਾਹ 'ਤੇ ਹੋਣ ਕਰਕੇ, ਬਾਦਸ਼ਾਹੀ ਫੌਜਾਂ ਦੀ ਮਾਰ ਹੇਠ ਸੀ। ਇਸ ਲਈ ਇਸਦੀ ਥਾਂ ਮੁਖ਼ਲਿਸਗੜ੍ਹ ਕਿਲ੍ਹੇ ਦੀ ਮੁਰੰਮਤ ਕਰਕੇ ਇਸ ਦਾ ਨਾਂ ਲੋਹਗੜ੍ਹ ਰੱਖਿਆ ਤੇ ਇਸ ਨੂੰ ਆਪਣੀ ਰਾਜਧਾਨੀ ਬਣਾਇਆ ਤੇ ਆਪਣਾ ਖ਼ਜ਼ਾਨਾ, ਮਾਲ-ਅਸਬਾਬ, ਜੰਗੀ ਸਮਾਨ ਤੇ ਜਿੱਤੇ ਹੋਏ ਇਲਾਕਿਆਂ ਤੇ ਉਗਰਾਹੇ ਮਾਮਲੇ ਸਭ ਇੱਥੇ ਇਕੱਠੇ ਕੀਤੇ। ਬਾਬਾ ਬੰਦਾ ਸਿੰਘ ਬਹਾਦਰ ਦੀ ਸੂਰ-ਮਗਤੀ ਤੇ ਬਹਾਦਰੀ ਦੀ ਕਹਾਣੀ ਪੰਜਾਬ ਦੇ ਇਤਿਹਾਸ 'ਚ ਇਕ ਖਾਸ ਮੁਕਾਮ ਰੱਖਦੀ ਹੈ।

ਸਰਹਿੰਦ ਦੀ ਜਿੱਤ 'ਚ ਉਥੇ ਦਾ ਸੂਬੇਦਾਰ ਵਜ਼ੀਰ ਖਾਂ, ਉਸਦਾ ਛੋਟਾ ਪੁੱਤਰ ਤੇ ਉਸ ਦਾ ਜਵਾਈ ਮਾਰੇ ਗਏ ਤੇ ਇਸ ਤੋਂ ਤੁਰੰਤ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਨੇ ਸੁਤੰਤਰ ਸਿੱਖ ਰਾਜ ਦੀ ਘੋਸ਼ਣਾ ਕਰ ਦਿੱਤੀ ਤੇ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਦੇ ਨਾਂ 'ਤੇ ਸਿੱਕਾ ਜਾਰੀ ਕੀਤਾ। ਇਸ ਤਰ੍ਹਾਂ ਜਿੱਤਾਂ ਦਾ ਸਿਲਸਿਲਾ ਲਗਾਤਾਰ ਚੱਲਦਾ ਰਿਹਾ ਤੇ ਬਾਬਾ ਬੰਦਾ ਸਿੰਘ ਬਹਾਦਰ ਨੇ ਲਾਹੌਰ ਤੋਂ ਜਮਨਾ ਪਾਰ ਸਹਾਰਨਪੁਰ ਤੱਕ ਆਪਣਾ ਰਾਜ ਸਥਾਪਤ ਕਰ ਲਿਆ।

ਬਾਬਾ ਬੰਦਾ ਸਿੰਘ ਬਹਾਦਰ ਇਕ ਬਹਾਦਰ ਯੋਧਾ ਹੋਣ ਦੇ ਨਾਲ-ਨਾਲ ਇਕ ਚੰਗਾ ਪ੍ਰਸ਼ਾਸਕ ਵੀ ਸੀ। ਉਸ ਨੇ ਲੋਕ ਭਲਾਈ ਦੇ ਕੰਮ ਵੀ ਕੀਤੇ।

ਉਸ ਨੇ ਗਰੀਬ ਤੇ ਚਿਰਾਂ ਤੋਂ ਲਤਾੜੇ ਹੋਏ ਆਦਮੀਆਂ ਨੂੰ ਆਪਣੇ ਰਾਜ 'ਚ ਉੱਚ ਅਹੁਦਿਆਂ ਤੇ ਨਿਯੁਕਤ ਵੀ ਕੀਤਾ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਐਲਾਨਨਾਮੇ "ਇਨ ਗਰੀਬ ਸਿਖਨ ਕੋ ਦੇਊਂ ਪਾਤਸ਼ਾਹੀ, ਯਾਦ ਕਰੇ ਯੇਹ ਹਮਾਰੀ ਗੁਰਿਆਈ" ਨੂੰ ਅਮਲੀ ਜਾਮਾ ਵੀ ਪਹਿਨਾਇਆ। ਸਭ ਤੋਂ ਵੱਡਾ ਕਾਰਜ ਉਸ ਨੇ ਇਹ ਕੀਤਾ ਕਿ ਜ਼ਿਮੀਂਦਾਰਾ ਪ੍ਰਬੰਧ ਨੂੰ ਸੁਧਾਰ ਕੇ ਬੇਜ਼ਮੀਨੇ ਕਾਸ਼ਤਕਾਰਾਂ ਨੂੰ ਜ਼ਮੀਨਾਂ ਦੇ ਮਾਲਕ ਬਣਾ ਦਿੱਤਾ।

ਬਾਬਾ ਬੰਦਾ ਸਿੰਘ ਬਹਾਦਰ ਦੀਆਂ ਜਿੱਤਾਂ ਨੂੰ ਦੇਖਦਿਆਂ ਮੁਗਲ ਸਮਰਾਟ ਬਹਾਦਰਸ਼ਾਹ ਆਪ ਇਕ ਵੱਡੀ ਫੌਜ ਲੈ ਕੇ ਪੰਜਾਬ ਪਹੁੰਚ ਗਿਆ। ਮੌਕੇ ਦੀ ਨਜ਼ਾਕਤ ਨੂੰ ਦੇਖਦਿਆਂ, ਸਿੱਖ ਫੌਜਾਂ ਨੂੰ ਪਿੱਛੇ ਹਟਣਾ ਪਿਆ। ਬਾਬਾ ਬੰਦਾ ਸਿੰਘ ਬਹਾਦਰ ਲੋਹਗੜ੍ਹ ਦਾ ਕਿਲ੍ਹਾ ਛੱਡ ਕੇ ਪਹਾੜਾਂ 'ਚ ਚਲਾ ਗਿਆ। ਇਸੇ ਦੌਰਾਨ ਉਸ ਨੇ ਚੰਬੇ ਦੇ ਰਾਜੇ ਦੀ ਧੀ ਨਾਲ ਵਿਆਹ ਕਰਵਾ ਲਿਆ ਤੇ ਦੂਸਰਾ ਵਿਆਹ ਵਜ਼ੀਰਾਬਾਦ ਦੇ ਖੱਤਰੀ ਸ਼ਿਵ ਰਾਮ ਦੀ ਧੀ ਨਾਲ ਕਰਵਾਇਆ।

ਮੁਗਲ ਸਮਰਾਟ ਬਹਾਦਰ ਸ਼ਾਹ ਦੀ 18 ਫਰਵਰੀ 1712 ਈਸਵੀ ਨੂੰ ਲਾਹੌਰ ਵਿਖੇ ਮੌਤ ਹੋ ਗਈ। ਮੌਕੇ ਦਾ ਫਾਇਦਾ ਉਠਾਉਂਦਿਆਂ ਆਪਣੀ ਸ਼ਕਤੀ ਨੂੰ ਸੰਗਠਿਤ ਕੀਤਾ, ਮੁੜ ਕਈ ਇਲਾਕਿਆਂ ਜਿਵੇਂ 1715 'ਚ ਕਲਾਨੌਰ ਤੇ ਬਟਾਲੇ 'ਤੇ ਕਬਜ਼ਾ ਕਰ ਲਿਆ।

ਅੰਤ 'ਚ ਬਾਬਾ ਬੰਦ ਸਿੰਘ ਬਹਾਦਰ ਆਪਣੇ ਸੈਨਿਕਾਂ ਸਮੇਤ ਗੁਰਦਾਸ ਨੰਗਲ ਦੀ ਕੱਚੀ ਗੜ੍ਹੀ 'ਚ ਮੁਗਲ ਫੌਜਾਂ ਦੇ ਘੇਰੇ 'ਚ ਆ ਗਿਆ। ਇਹ ਘੇਰਾ ਕਈ ਮਹੀਨਿਆਂ ਤੱਕ ਜਾਰੀ ਰਿਹਾ। ਸਿੰਘਾਂ ਪਾਸ ਰਾਸ਼ਨ ਮੁੱਕ ਗਿਆ ਤੇ ਉਹਨਾਂ ਨੂੰ ਕਾਫੀ ਸਮਾਂ ਫਾਕੇ ਕੱਟਣੇ ਪਏ।

ਦਸੰਬਰ 7, 1715 ਨੂੰ ਮੁਗਲ ਫੌਜਾਂ ਨੇ ਗੜ੍ਹੀ 'ਤੇ ਕਬਜ਼ਾ ਕਰ ਲਿਆ। ਸ਼ਾਹੀ ਫੌਜਾਂ ਦੀ ਜਿੱਤ ਤੇ ਟਿੱਪਣੀ ਕਰਦਿਆਂ, ਹਾਜੀ ਕਾਮਵਾਰ ਖਾਂ ਆਪਣੀ ਪੁਸਤਕ 'ਤਜ਼ਕਿਰਾਤੁ-ਸਲਾਤੀਨ ਚੁਗਤਾਈਆ, ਵਿਚ ਲਿਖਦਾ ਹੈ "ਇਹ ਕਿਸੇ ਦੀ ਅਕਲਮੰਦੀ ਜਾਂ ਬਹਾਦਰੀ ਦਾ ਨਤੀਜਾ ਨਹੀਂ ਸੀ, ਬਲਕਿ ਰੱਬ ਦੀ ਮਿਹਰਬਾਨੀ ਸੀ। ਕਾਫਰ ਸਿੱਖ (ਬਾਬਾ ਬੰਦਾ ਸਿੰਘ ਬਹਾਦਰ) ਅਤੇ ਉਸ ਦੇ ਸਾਥੀ ਭੁੱਖ ਦੇ ਅਧੀਨ ਹੋਣ ਲਈ ਮਜਬੂਰ ਕਰ ਦਿੱਤੇ ਸਨ।''

ਬਾਬਾ ਬੰਦਾ ਸਿੰਘ ਬਹਾਦਰ ਤੇ ਲੱਗਭੱਗ 800 ਸਿੱਖਾਂ ਨੂੰ ਕੈਦੀ ਬਣਾ ਲਿਆ ਗਿਆ। ਪਹਿਲਾਂ ਉਹਨਾਂ ਨੂੰ ਲਾਹੌਰ ਲਿਆਂਦਾ ਗਿਆ ਤੇ ਫਿਰ ਇਕ ਜਲੂਸ ਦੀ ਸ਼ਕਲ 'ਚ ਦਿਲੀ ਲਿਆਂਦਾ ਗਿਆ।

ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਦੀ ਦਾਸਤਾਨ ਵੀ ਬੜੀ ਵਿਲੱਖਣ ਹੈ। ਗ੍ਰਿਫਤਾਰੀ ਮਗਰੋਂ ਉਨ੍ਹਾਂ ਨੂੰ ਮੁਗਲ ਹਕੂਮਤ ਨੇ ਬਹੁਤ ਤਸੀਹੇ ਦਿੱਤੇ।ਇਹਨਾਂ ਤਸੀਹਿਆਂ ਦੇ ਦੌਰਾਨ ਉਹਨਾਂ ਨੇ ਅਡੋਲਤਾ ਦਾ ਅਜਿਹਾ ਪ੍ਰਗਟਾਵਾ ਕੀਤਾ ਜਿਹੜਾ ਕਿ ਇਕ ਮਹਾਨ ਯੋਧਾ ਤੇ ਗੁਰੂ ਦਾ ਪੱਕਾ ਸਿੱਖ ਹੀ ਕਰ ਸਕਦਾ ਹੈ।

ਬਾਬਾ ਬੰਦਾ ਸਿੰਘ ਬਹਾਦਰ ਜੀ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਉਨ੍ਹਾਂ ਦੇ ਮਾਸੂਮ ਪੁੱਤਰ ਭਾਈ ਅਜੈ ਸਿੰਘ ਨੂੰ ਉਨ੍ਹਾਂ ਦੀ ਗੋਦ 'ਚ ਬਿਠਾ ਕੇ ਕਿਹਾ ਗਿਆ ਕਿ ਉਹ ਆਪਣੇ ਬੱਚੇ ਦਾ ਆਪਣੇ ਹੱਥੀਂ ਆਪ ਕਤਲ ਕਰਨ, ਬਾਬਾ ਬੰਦਾ ਸਿੰਘ ਬਹਾਦਰ ਦੇ ਇਨਕਾਰ ਕਰਨ ਉਪਰੰਤ ਜਲਾਦ ਨੇ ਅਜੈ ਸਿੰਘ ਦੇ ਟੁਕੜੇ-ਟੁਕੜੇ ਕਰਕੇ ਉਸ ਦਾ ਤੜਫਦਾ ਹੋਇਆ ਕਲੇਜਾ ਕੱਢਿਆ ਤੇ ਬਾਬਾ ਬੰਦਾ ਸਿੰਘ ਬਹਾਦਰ ਦੇ ਮੂੰਹ 'ਚ ਤੁੰਨ ਦਿੱਤਾ। ਇਸ ਤੋਂ ਵੱਡਾ ਜ਼ੁਲਮ ਹੋਰ ਕੀ ਹੋ ਸਕਦਾ ਹੈ? ਇਸ ਜ਼ੁਲਮ ਨੂੰ ਦੇਖ ਕੇ ਵੀ ਬਾਬਾ ਬੰਦਾ ਸਿੰਘ ਬਹਾਦਰ ਅਡੋਲ ਰਹੇ।

ਇਸ ਤਰ੍ਹਾਂ ਕਤਲਾਂ ਦਾ ਇਹ ਸਿਲਸਿਲਾ 5 ਮਾਰਚ, 1715 ਨੂੰ ਸ਼ੁਰੂ ਹੋਇਆ, ਹਰ ਰੋਜ਼ 100 ਸਿੱਖ ਕਤਲ ਕੀਤੇ ਜਾਂਦੇ ਤੇ ਇਹ ਸਿਲਸਿਲਾ ਕੋਈ ਸੱਤ ਦਿਨ ਤੱਕ ਚਲਦਾ ਰਿਹਾ। ਇਹਨਾਂ ਕਤਲਾਂ ਤੋਂ ਬਾਅਦ ਕੋਈ ਤਿੰਨ ਮਹੀਨੇ ਤੱਕ ਚੁੱਪ ਛਾਈ ਰਹੀ।

9 ਜੂਨ, 1716 ਈਸਵੀ ਨੂੰ ਬੰਦਾ ਬਹਾਦਰ ਅਤੇ ਉਸਦੇ ਸਾਥੀਆਂ ਨੂੰ ਇਕ ਜਲੂਸ ਦੀ ਸ਼ਕਲ 'ਚ ਕੁਤਬ-ਮੀਨਾਰ ਦੇ ਨੇੜੇ ਖ੍ਵਾਜਾ ਕੁਤਬਦੀਨ ਬਖ਼ਤਿਆਰ ਕਾਕੀ ਦੇ ਰੋਜ਼ੇ ਪਾਸੇ ਪਹੁੰਚਾਇਆ ਗਿਆ। ਜਲਾਦ ਨੇ ਸਭ ਤੋਂ ਪਹਿਲਾਂ ਉਨ੍ਹਾਂ ਦੀਆਂ ਅੱਖਾਂ ਕੱਢੀਆਂ।

ਫਿਰ ਹੱਥ-ਪੈਰ ਵੱਢ ਦਿੱਤੇ। ਇਸ ਤੋਂ ਉਪਰੰਤ ਭੱਖਦੇ ਗਰਮ ਲੋਹੇ ਦੇ ਚਿਮਟਿਆਂ ਨਾਲ ਪਿੰਡੇ ਦੇ ਮਾਸ ਦੀਆਂ ਬੋਟੀਆਂ ਖਿੱਚ ਕੇ ਤੋੜੀਆਂ ਗਈਆਂ। ਅੰਤ 'ਚ ਇਨ੍ਹਾਂ ਦਾ ਬੰਦ-ਬੰਦ ਕੱਟਿਆ ਗਿਆ ਤੇ ਸਿਰ ਧੜ ਤੋਂ ਅਲੱਗ ਕਰਕੇ ਮਿਤੀ 9 ਜੂਨ, 1716 ਨੂੰ ਸ਼ਹੀਦ ਕਰ ਦਿੱਤਾ ਗਿਆ।

ਇਨ੍ਹਾਂ ਸਾਰੇ ਤਸੀਹਿਆਂ ਨੂੰ ਸਹਾਰਦਿਆਂ ਹੋਇਆਂ ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਪ੍ਰਮਾਤਮਾ ਦੇ ਭਾਣੇ ਨੂੰ ਸ਼ਾਂਤ ਚਿੱਤ ਹੋ ਕੇ ਮੰਨਿਆ। ਇਸ ਤਰ੍ਹਾਂ ਦੀ ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਸ਼ਹਾਦਤ ਨੂੰ ਇਤਿਹਾਸ ਕਦੀ ਵੀ ਨਹੀਂ ਭੁਲਾ ਸਕਦਾ, ਜਿਹੜੀ ਕਿ ਸਮੁੱਚੀ ਮਾਨਵਤਾ ਲਈ ਬੜੀ ਪ੍ਰੇਰਨਾ ਸਰੋਤ ਹੈ।

ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਸਮੁੱਚੀ ਸ਼ਖਸੀਅਤ ਸਾਡੇ ਸਾਹਮਣੇ ਇਕ ਮਹਾਨ ਯੋਧੇ ਤੇ ਇਕ ਸੱਚੇ-ਸੁੱਚੇ ਗੁਰੂ ਦੇ ਸਿੱਖ ਦੇ ਰੂਪ 'ਚ, ਸਾਡੇ ਸਾਹਮਣੇ ਆਉਂਦੀ ਹੈ ਤੇ ਜਿਹੜੀ ਮਾਨਵਤਾ ਨੂੰ ਜ਼ੁਲਮ, ਅੱਤਿਆਚਾਰ ਤੇ ਹਰ ਪ੍ਰਕਾਰ ਦੇ ਅਨਿਆਇ ਵਿਰੁੱਧ ਸੰਘਰਸ਼ ਕਰਨ ਦੀ ਪ੍ਰੇਰਨਾ ਦਿੰਦੀ ਹੈ। ਉਹਨਾਂ ਨੇ ਆਪਣੀ ਸ਼ਹਾਦਤ ਦੇ ਕੇ ਇਹ ਤੱਥ ਸਾਬਤ ਕਰ ਦਿੱਤਾ ਕਿ ਖਾਲਸਾ ਸਿਰਫ਼ ਆਪਣੀ ਰੱਖਿਆ ਲਈ ਹੀ ਨਹੀਂ ਲੜਦਾ, ਸਗੋਂ ਜਰਵਾਣਿਆਂ ਨਾਲ ਉਨ੍ਹਾਂ ਦੇ ਘਰ ਜਾ ਕੇ ਵੀ, ਉਨ੍ਹਾਂ ਨੂੰ ਸੋਧਣ ਤੇ ਸਿੱਧੇ ਰਸਤੇ ਤੇ ਪਾਉਣ ਦੀ ਸਮਰੱਥਾ ਵੀ ਰੱਖਦਾ ਹੈ।

ਆਓ ਅਸੀਂ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਪਾਵਨ ਸ਼ਹੀਦੀ ਦਿਹਾੜੇ 'ਤੇ ਉਨ੍ਹਾਂ ਦੀ ਲਾਸਾਨੀ ਸ਼ਹਾਦਤ ਤੋਂ ਆਪਣੇ ਜੀਵਨ 'ਚ ਸੇਧ ਲੈ ਕੇ, ਗੁਰਮਤਿ ਸਿਧਾਂਤਾਂ ਦੇ ਧਾਰਨੀ ਬਣ ਕੇ, ਵਧੀਆ ਜੀਵਨ ਯੁਕਤੀ ਦੀ ਜਾਂਚ ਅਪਣਾ ਕੇ, ਮਨੁੱਖੀ ਕਦਰਾਂ ਕੀਮਤਾਂ ਦੀ ਬਹਾਲੀ ਲਈ ਸੰਘਰਸ਼ ਦੇ ਰਾਹ ਤੇ ਚੱਲ ਕੇ ਤੇ ਸਰਬੱਤ ਦੇ ਭਲੇ ਲਈ ਕੰਮ ਕਰੀਏ ਤਾਂ ਹੀ ਸਾਡਾ ਸਮਾਜ ਇਕ ਨਰੋਆ ਸਮਾਜ ਬਣ ਸਕਦਾ ਹੈ।

# ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਦੀ 38ਵੀਂ ਵਰ੍ਹੇਗੰਢ ਬੜੀ ਸ਼ਰਧਾ ਭਾਵਨਾ ਤੇ ਧੂੰਮਧਾਮ ਨਾਲ ਮਨਾਈ ਗਈ

ਗੁਰੂ ਪਿਆਰੀ ਸਾਧ ਸੰਗਤ ਜੀਓ

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ

ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ (ਪਿਟਸਬਰਗ) ਦੀ ਸਮੂਹ ਸਾਧ ਸੰਗਤ ਅਤੇ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੀ 38ਵੀਂ ਵਰ੍ਹੇਗੰਢ ਮਿਤੀ 23, 24, 25 ਜੂਨ ਨੂੰ ਬੜੀ ਸ਼ਰਧਾ ਭਾਵਨਾ ਤੇ ਧੂੰਮਧਾਮ ਨਾਲ ਮਨਾਈ ਗਈ।

ਸਤਿਗੁਰਾਂ ਦੀ ਆਪਾਰ ਬਖਸ਼ਿਸ਼ ਸਦਕਾ ਮਿਤੀ 23 ਜੂਨ 2023 ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਅਤੇ 24 ਜੂਨ ਨੂੰ ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਬੜੀ ਸ਼ਰਧਾ ਭਾਵਨਾ ਨਾਲ ਕੀਤੀ ਗਈ ਅਤੇ ਮਿਤੀ 25 ਜੂਨ 2023 ਨੂੰ ਸਵੇਰੇ10 ਵਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਗੁਰੂ ਘਰ ਦਾ ਹਜ਼ੂਰੀ ਰਾਗੀ ਜਥਾ ਭਾਈ ਬਲਵਿੰਦਰ ਸਿੰਘ ਜੀ ਨੇ ਕੀਰਤਨ ਦੁਆਰਾ ਸਮੂਹ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਦੂਰੋਂ-ਨੇੜਿਉਂ ਸੰਗਤਾਂ ਨੇ ਗੁਰੂ ਘਰ ਵਿਖੇ ਹਾਜ਼ਰੀ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਉਪਰੰਤ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਵੱਲੋਂ, ਸਕੱਤਰ ਧਰਮਪਾਲ ਚੌਂਕੜੀਆ ਨੇ ਵਧਾਈਆਂ ਦਿੱਤੀਆਂ ਅਤੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ 1985 ਤੋਂ ਗੁਰੂ ਘਰ ਦੀ ਉਸਾਰੀ ਵਿਚ ਯੋਗਦਾਨ ਪਾਉਣ ਵਾਲੇ ਸੇਵਾਦਾਰ ਉਚੇਚੇ ਤੌਰ 'ਤੇ ਫਿਜ਼ੀ ਵਾਲੇ ਪਰਿਵਾਰ ਅਤੇ ਹੋਰ ਪੰਜਾਬੀ ਪਰਿਵਾਰ, ਜਿਹਨਾਂ ਨੇ ਸੇਵਾ ਕੀਤੀ, ਦਾ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਫਿਜ਼ੀ ਵਾਲੇ ਪਰਿਵਾਰ ਦੀ ਮਿਹਨਤ ਸਦਕਾ ਹੀ ਗੁਰੂ ਘਰ ਹੋਂਦ ਵਿਚ ਆਇਆ। ਸ੍ਰੀ ਓ. ਪੀ. ਬਾਲੀ ਜੀ, ਜੋ ਕਿ ਗੁਰੂ ਘਰ ਦੇ ਫਾਊਂਡਰ ਮੈਂਬਰ ਹਨ, ਨੇ ਸੰਗਤਾਂ ਨੂੰ ਦੱਸਿਆ ਕਿ ਸਾਡੀ ਪਹਿਲੀ ਮੀਟਿੰਗ ਗੁਰੂ ਘਰ ਬਣਾਉਣ ਦੇ ਸਬੰਧ ਵਿਚ ਸੰਸਾਰਾ ਜਾਗਰ ਜੀ ਦੇ ਗ੍ਰਿਹਿ ਵਿਖੇ ਹੋਈ ਸੀ। ਦਸ਼ਵਿੰਦਰ ਪਾਲ (ਬਿੰਨੀ), ਡਾ. ਹਰਮੇਸ਼ ਕੁਮਾਰ ਅਤੇ ਰਮੇਸ਼ ਸੁਮਨ, ਇਹਨਾਂ ਸਾਰਿਆਂ ਨੇ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ। ਸਮੂਹ ਕਮੇਟੀ ਵੱਲੋਂ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਦਾ ਧੰਨਵਾਦ ਕੀਤਾ, ਜੋ ਕਿ ਪਿਛਲੇ ਕਾਫੀ ਸਮੇਂ ਤੋਂ ਮੀਡੀਆ ਦੀਆਂ ਸੇਵਾਵਾਂ ਨਿਭਾਅ ਰਹੇ ਹਨ। ਗੁਰੂ ਘਰ ਦੇ ਮੁੱਖ ਸੇਵਾਦਾਰ ਸ੍ਰੀ ਵਿਨੋਦ ਕੁਮਾਰ ਅਤੇ ਚੇਅਰਪੇਸਨ ਬੀਬੀ ਕੁਲਵੰਤ ਕੌਰ ਬੰਗਾ ਨੇ ਸੰਗਤ ਨਾਲ ਵਧਾਈਆਂ ਸਾਂਝੀਆਂ ਕੀਤੀਆਂ।

**ਰਿਪੋਰਟ- ਧਰਮਪਾਲ ਚੌਂਕੜੀਆ ਅਤੇ**

**ਤਸਵੀਰਾਂ ''ਦੇਸ਼ ਦੁਆਬਾ''**

**ਗੁਰੂ ਘਰ ਦੇ ਅਗਲੇਰੇ ਪ੍ਰੋਗਰਾਮ**

ਸ੍ਰੀ ਗੁਰੂ ਰਵਿਦਾਸ ਸਭਾ (ਪਿਟਸਬਰਗ) ਵਿਖੇ ਮਿਤੀ 16 ਜੁਲਾਈ 2023 ਨੂੰ ਸ੍ਰੀਮਤੀ ਰੇਖਾ ਜੀ ਦੇ ਪਰਿਵਾਰ ਵੱਲੋਂ ਪਰਿਵਾਰ ਦੀ ਤੰਦਰੁਸਤੀ ਅਤੇ ਚੜ੍ਹਦੀ ਕਲਾ ਦੇ ਸਬੰਧ ਵਿਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਸਵੇਰੇ 10 ਵਜੇ ਆਰੰਭ ਹੋਣਗੇ। ਉਪਰੰਤ ਹਜ਼ੂਰੀ ਰਾਗੀ ਭਾਈ ਬਲਵਿੰਦਰ ਸਿੰਘ ਜੀ ਦਾ ਜਥਾ ਅਤੇ ਭਾਈ ਭੁਪਿੰਦਰ ਸਿੰਘ ਜੀ ਦਾ ਜਥਾ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕਰਨਗੇ।


















# ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਦੀ 38ਵੀਂ ਵਰ੍ਹੇਗੰਢ ਬੜੀ ਸ਼ਰਧਾ ਭਾਵਨਾ ਤੇ ਧੂੰਮਧਾਮ ਨਾਲ ਮਨਾਈ ਗਈ

























# ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਦੀ 38ਵੀਂ ਵਰ੍ਹੇਗੰਢ ਬੜੀ ਸ਼ਰਧਾ ਭਾਵਨਾ ਤੇ ਧੂੰਮਧਾਮ ਨਾਲ ਮਨਾਈ ਗਈ















































# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

**3525 Highway 99, West Corning, CA 96021**
Across the Street from TA Truck Stop